7-DEC-PAGE-1.qxd-----ADVT.qxd 12/6/2024 10:42 PM Page 1

ਸ਼ਨੀਵਾਰ, 7 ਦਸੰਬਰ, 2024

22 ਮੱਘਰ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 187

# ਨਵਾਂ ਜ਼ਮਾਨਾ

DAILY NAWAN ZAMANA • SATURDAY, 7 DECEMBER, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਨਿੱਕੇ ਭਰਾ ਨੇ ਸ਼ੰਭੂ ਦਾ ਬੰਨਾ ਨਹੀਂ ਟੱਪਣ ਦਿੱਤਾ

## ਦਿੱਲੀ ਜਾ ਰਹੇ ਕਿਸਾਨਾਂ ਖਿਲਾਫ ਹਰਿਆਣਾ ਪੁਲਸ ਵੱਲੋਂ ਅੱਥਰੂ ਗੈਸ ਤੇ ਅੱਖਾਂ 'ਚ ਖਾਜ ਵਾਲੀ ਸਪਰੇਅ ਦੀ ਵਰਤੋਂ

**ਸ਼ੰਭੂ** : ਫਸਲਾਂ ਦੇ ਘੱਟੋ-ਘੱਟ ਇਮਦਾਦੀ ਭਾਅ ਦੀ ਕਾਨੂੰਨੀ ਗਰੰਟੀ ਤੇ ਹੋਰ ਮਸਲੇ ਹੱਲ ਕਰਵਾਉਣ ਲਈ ਸ਼ੁੱਕਰਵਾਰ ਦਿੱਲੀ ਵੱਲ ਚਾਲੇ ਪਾਉਣ ਵਾਲੇ ਕਿਸਾਨਾਂ ਨੂੰ ਹਰਿਆਣਾ ਪੁਲਸ ਤੇ ਸੁਰੱਖਿਆ ਬਲਾਂ ਨੇ ਰੋਕ ਲਿਆ। ਪੁਲਸ ਨੇ ਕਿਸਾਨਾਂ ਨੂੰ ਅੱਗੇ ਵਧਣੋਂ ਰੋਕਣ ਲਈ ਕਿਸਾਨ ਆਗੂਆਂ ਨਾਲ ਗੱਲਬਾਤ ਕੀਤੀ, ਪਰ ਕਿਸਾਨ ਅੜੇ ਰਹੇ ਤਾਂ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ ਤੇ ਅੱਗੇ ਨਹੀਂ ਵਧਣ ਦਿੱਤਾ।

ਇਕ ਕਿਸਾਨ ਪੁਲਸ ਵੱਲੋਂ ਬਣਾਏ ਵੱਡੇ ਸ਼ੈੱਡ ਉਤੇ ਚੜ੍ਹ ਗਿਆ। ਦੂਜੇ ਪਾਸੇ ਹਰਿਆਣਾ ਪੁਲਸ ਨੇ ਪੰਜਾਬ ਵਾਲੇ ਪਾਸੇ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨੂੰ ਵਾਰ-ਵਾਰ ਪਿੱਛੇ ਜਾਣ ਲਈ ਕਿਹਾ। ਪੁਲਸ ਨੇ ਏਨੇ ਸਖਤ ਪ੍ਰਬੰਧ ਕੀਤੇ ਹੋਏ ਹਨ ਕਿ ਕਿਸਾਨ ਹਰਿਆਣਾ ਵਿਚ ਦਾਖਲ ਨਾ ਹੋ ਸਕਣ। ਇਸ ਦੌਰਾਨ ਪੁਲਸ ਵੱਲੋਂ ਕਿਸਾਨਾਂ ਦੀਆਂ ਅੱਖਾਂ ਵਿਚ ਸਪਰੇਅ ਵੀ ਕੀਤਾ ਗਿਆ, ਪਰ ਕਿਸਾਨ ਇਸ ਸਪਰੇਅ ਤੋਂ ਬਚਣ ਲਈ ਅੱਖਾਂ ਵਿਚ ਦਵਾਈ ਪਾਉਂਦੇ ਰਹੇ। ਪੁਲਸ ਐਕਸ਼ਨ ਦੌਰਾਨ ਕਿਸਾਨਾਂ ਨੇ ਕੇਂਦਰ ਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਖਿਲਾਫ ਨਾਅਰੇਬਾਜ਼ੀ ਕੀਤੀ।



ਸ਼ੰਭੂ ਬਾਰਡਰ ਤੋਂ 101 ਕਿਸਾਨਾਂ ਦਾ ਜਥਾ ਦਿੱਲੀ ਲਈ ਰਵਾਨਾ ਹੋਇਆ ਤੇ ਕਿਸਾਨਾਂ ਨੇ ਬੈਰੀਕੇਡਿੰਗ ਦੀ ਪਹਿਲੀ ਪਰਤ ਵਜੋਂ ਲੱਗੀਆਂ ਤਾਰਾਂ ਪੁੱਟ ਕੇ ਘੱਗਰ 'ਚ ਸੁੱਟ ਦਿੱਤੀਆਂ।

ਹਰਿਆਣਾ ਪੁਲਸ ਦੀ ਸਖਤੀ ਤੋਂ ਬਾਅਦ ਕਿਸਾਨ-ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਦਿੱਲੀ ਜਾ ਰਹੇ ਇਕੋਤਰ ਸੌ ਕਿਸਾਨਾਂ ਨੂੰ ਵਾਪਸ ਮੋੜ ਲਿਆ।

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕੁਝ ਕਿਸਾਨਾਂ ਦੇ ਜ਼ਖਮੀ ਹੋਣ ਦੇ ਮੱਦੇਨਜ਼ਰ ਉਨ੍ਹਾ ਅੱਜ ਲਈ ਆਪਣਾ 'ਜਥਾ' ਵਾਪਸ ਬੁਲਾ ਲਿਆ ਹੈ, ਪਰ ਕਿਸਾਨਾਂ ਦਾ ਅਗਲਾ ਜਥਾ 8 ਦਸੰਬਰ ਨੂੰ ਦਿੱਲੀ ਰਵਾਨਾ ਹੋਵੇਗਾ। ਦਿੱਲੀ ਕੂਚ ਦਾ ਪ੍ਰੋਗਰਾਮ ਹਾਲੇ ਵੀ ਸਟੈਂਡ ਕਰਦਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਜ਼ਖਮੀ ਕਿਸਾਨਾਂ ਨੂੰ ● ਬਾਕੀ ਸਫ਼ਾ 2 'ਤੇ

### ਕਿਸਾਨ ਮਾਰਚ ਰੋਕਣਾ ਅਣਮਨੁੱਖੀ : ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਪ੍ਰਦਰਸ਼ਨ ਕਰ ਰਹੇ ਪੰਜਾਬ ਦੇ ਕਿਸਾਨਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾ ਕੇਂਦਰ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ ਅਤੇ ਤਣਾਅ ਵਧਾਉਣ ਵਾਲੀਆਂ ਕਾਰਵਾਈਆਂ ਵਿਰੁੱਧ ਚੇਤਾਵਨੀ ਦਿੱਤੀ।ਅਰੋੜਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਸ਼ੰਭੂ ਬਾਰਡਰ ਤੋਂ ਦਿੱਲੀ ਵੱਲ ਸ਼ਾਂਤਮਈ ਮਾਰਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ 10 ਮਹੀਨਿਆਂ ਤੋਂ ਕਿਸਾਨ ਜਥੇਬੰਦੀਆਂ ਅਤੇ ਉਨ੍ਹਾਂ ਦੇ ਸਮਰਥਕ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਬੈਠ ਕੇ ਜਾਇਜ਼ ਮੰਗਾਂ ਨੂੰ ਉਠਾ ਰਹੇ ਹਨ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨਾਲ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਅਤੇ ਵਿਚੋਲਗੀ ਕਰਨ ਦੇ ਕਈ ਯਤਨ ਕੀਤੇ ਹਨ, ਪਰ ਲੱਗਦਾ ਹੈ ਕਿ ਕੇਂਦਰ ਉਨ੍ਹਾਂ ● ਬਾਕੀ ਸਫ਼ਾ 2 'ਤੇ

# ਫਾਸ਼ੀਵਾਦ ਨੂੰ ਹਰਾਉਣ ਤੇ ਔਰਤਾਂ ਦੇ ਸਨਮਾਨ ਲਈ ਇੱਕਜੁੱਟ ਹੋ ਕੇ ਲੜਨ ਦਾ ਸੱਦਾ





**ਦਿੱਲੀ (ਨਵਾਂ ਜ਼ਮਾਨਾ ਸਰਵਿਸ)**-ਭਾਰਤੀ ਮਹਿਲਾ ਫੈਡਰੇਸ਼ਨ ਦੀ 22ਵੀ ਨੈਸ਼ਨਲ ਕਾਂਗਰਸ ਸਰਪ੍ਰਸਤ ਤੇ ਜੁਝਾਰੂ ਆਗੂ ਰੰਜਨਾ ਰਾਏ ਵੱਲੋਂ ਝੰਡਾ ਲਹਿਰਾਉਣ ਨਾਲ ਸ਼ੁਰੂ ਹੋਈ। ਐੱਨ ਐੱਫ ਆਈ ਡਬਲਿਊ ਦੀ ਨੈਸ਼ਨਲ ਕਾਨਫਰੰਸ ਉਸ ਸਮੇਂ ਹੋ ਰਹੀ ਹੈ, ਜਦੋਂ ਦੇਸ਼ ਵਿੱਚ ਫਿਰਕੂ ਤਾਕਤਾਂ ਦੇਸ਼ ਦੇ ਟੋਟੇ ਕਰਨ ਲਈ ਉਤਾਵਲੀਆਂ ਹਨ। ਔਰਤਾਂ ਉਤੇ ਅੱਤਿਆਚਾਰ ਪਹਿਲਾਂ ਨਾਲੋਂ ਬਹੁਤ ਵਧ ਗਏ ਹਨ। ਬੇਰੁਜ਼ਗਾਰੀ ਅਤੇ ਮਹਿੰਗਾਈ ਆਦਿ ਨੇ ਲੋਕਾਂ ਦਾ ਜੀਵਨ ਕਠਿਨ ਕਰ ਦਿੱਤਾ ਹੈ।

ਰਿਸੈਪਸ਼ਨ ਕਮੇਟੀ ਦੀ ਚੇਅਰਪਰਸਨ ਨਿਸ਼ਾ ਸਿੱਧੂ ਵੱਲੋਂ ਜੀ ਆਇਆਂ ਕਹਿੰਦਿਆਂ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਅਰੁਣਾ ਰਾਏ, ਰਜਿੰਦਰਪਾਲ ਕੌਰ, ਅਸੋਮੀ ਗੋਗੋਈ ਅਸਾਮ, ਕਮਲਾ ਸਦਨ ਕੇਰਲਾ, ਸ਼ਿਆਮਾ ਸ਼ਿਰੀ ਬੰਗਾਲ, ਸੁਸ਼ੀਲਾ ਸਹਾਇ ਬਿਹਾਰ ਆਦਿ ਨੇ ਕੀਤੀ। ਇਸ ਦੌਰਾਨ ਜਨਰਲ ਸਕੱਤਰ ਐਨੀ ਰਾਜਾ ਵੱਲੋਂ ਫਾਸ਼ੀਵਾਦ ਖਿਲਾਫ ਮਤਾ ਰੱਖਿਆ ਗਿਆ, ਜਿਸ ਵਿੱਚ ਕਿਹਾ ਗਿਆ ਕਿ ਫਾਸ਼ੀਵਾਦ ਖਿਲਾਫ ਐੱਨ ਐਫ ਆਈ ਡਬਲਿਊ ਲਗਾਤਾਰ ਸੰਘਰਸ਼ ਕਰ ਰਹੀ ਹੈ ਅਤੇ ਕਰਦੀ ਰਹੇਗੀ। ਇਸ ਲਈ ਸਹਿਯੋਗੀ ਜਥੇਬੰਦੀਆਂ ਦੇ ਸਹਿਯੋਗ ਨੂੰ ਹੋਰ ਵਧਾਉਣ ਲਈ ਕੋਸ਼ਿਸ ਕੀਤੀ ਜਾਵੇਗੀ।

ਉਪਰੰਤ ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ, ਸੀ ਪੀ ਆਈ ਐੱਮ ਦੀ ਪੁਲਿਟ ਬਿਊਰੋ ਮੈਂਬਰ ਵਰਿੰਦਾ ਕਰਤ, ਐਡਵੋਕੇਟ ਸਈਦਾ ਹਮੀਦ, ਵਰਿੰਦਾ ਗਰੋਵਰ ਐਡਵੋਕੇਟ ਸੁਪਰੀਮ ਕੋਰਟ, ਸ਼ਵੇਤਾ ਪੋਲਿਟ ਬਿਊਰੋ ਮੈਂਬਰ ਐੱਮ ਐੱਲ ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਇਕਮੁੱਠਤਾ ਨਾਲ ਕੀਤੇ ਸੰਘਰਸ਼ਾਂ ਦੇ ਹਾਂ-ਪੱਖੀ ਸਿੱਟਿਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਦੇਸ਼ ਦੇ ਮੌਜੂਦਾ ਹਾਲਾਤ ਨੂੰ ਬਦਲਣ ਲਈ ਹੋਰ ਮਜ਼ਬੂਤ ਹੋ ਕੇ ਸਾਂਝੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।

ਪੰਜਾਬ ਇਸਤਰੀ ਸਭਾ ਦਾ 23 ਮੈਂਬਰੀ ਡੈਲੀਗੇਸ਼ਨ ਸੂਬਾ ਪ੍ਰਧਾਨ ਰਜਿੰਦਰਪਾਲ ਕੌਰ ਅਤੇ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਦੀ ਅਗਵਾਈ ਹੇਠ 5 ਦਸੰਬਰ ਨੂੰ ਸੁਰਜੀਤ ਭਵਨ ਪਹੁੰਚਿਆ, ਜਿਨ੍ਹਾਂ ਵਿੱਚ ਸੀਮਾ ਸੋਹਲ, ਜੋਗਿੰਦਰ ਕੌਰ, ਸੁਰਜੀਤ ਕਾਲੜਾ, ਸ਼ਸ਼ੀ ਸ਼ਰਮਾ, ਰੁਪਿੰਦਰ ਮਾੜੀਮੇਘਾ, ਮਨਜੀਤ ਕੌਰ, ਅੰਮ੍ਰਿਤਪਾਲ ਜੋਗਾ, ਕਿਰਨ ਵਲਟੋਹਾ, ਬਲਜੀਤ ਨਾਭਾ, ਸੰਤੋਸ਼ ਬਰਾੜ, ਮਨਜੀਤ ਮਾਨਸਾ, ਗੁਰਬਖਸ਼ ਕੌਰ, ਸੁਰਿੰਦਰ ਕੌਰ, ਬਿੰਦਰ ਕੌਰ, ਪ੍ਰਵੀਨ ਕੌਰ ਅਤੇ ਨੌਜਵਾਨ ਲੜਕੀਆਂ ਵੀਨਾ ਰਾਣੀ, ਇਸ਼ਰਤ ਨਾਭਾ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਨਤਾਸ਼ਾ ਤੇ ਜਸਪਿੰਦਰ ਹਾਜ਼ਰ ਸਨ।

## ਪੰਜਾਬ ਨੂੰ ਗੁੰਡਾਗਰਦੀ ਨਹੀਂ, ਰੁਜ਼ਗਾਰ ਚਾਹੀਦਾ : ਬੰਤ ਬਰਾੜ





**ਤਰਨ ਤਾਰਨ** : ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਕੌਂਸਲ ਤਰਨ ਤਾਰਨ ਦੇ ਸਕੱਤਰ ਦਵਿੰਦਰ ਸੋਹਲ ਨੇ ਦੱਸਿਆ ਕਿ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਬਲਕਾਰ ਸਿੰਘ ਵਲਟੋਹਾ ਦੀ ਪ੍ਰਧਾਨਗੀ ਹੇਠ ਸਥਾਨਕ ਕਾਮਰੇਡ ਗੜਗੱਜ ਭਵਨ ਵਿੱਚ ਹੋਈ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦੇ ਪ੍ਰਬੰਧ ਥੱਲੇ ਪੰਚਾਇਤ ਚੋਣਾਂ ਵਿੱਚ ਰੱਜ ਕੇ ਗੁੰਡਾਗਰਦੀ ਹੋਈ ਹੈ।ਧੱਕੇ ਨਾਲ ਇੱਕਤਰਫ਼ਾ ਪੰਚਾਇਤਾਂ ਬਣਾਈਆਂ ਗਈਆਂ ਹਨ। ਦੂਜੇ ਪਾਸੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਨੌਜਵਾਨ ਗ਼ਲਤ ਰਸਤੇ 'ਤੇ ਜਾ ਕੇ ਸਮਾਜ ਵਿਰੋਧੀ ਤੱਤਾਂ ਦੇ ਹੱਥਠੋਕਾ ਬਣ ਰਹੇ ਹਨ। ਇਸ ਕਰਕੇ ਸਮੇਂ ਦੀ ਲੋੜ ਹੈ ਕਿ ਹਰ ਨੌਜਵਾਨ ਮੁੰਡੇ-ਕੁੜੀ ਨੂੰ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ। ਉਹਨਾ ਕਿਹਾ ਕਿ ਪਾਰਟੀ ਦੀ ਨੈਸ਼ਨਲ ਕਾਂਗਰਸ ਸਤੰਬਰ 2025 ਨੂੰ ਪੰਜਾਬ ਵਿੱਚ ਹੋਣ ਜਾ ਰਹੀ ਹੈ, ਜਿਸ ਨੂੰ ਸ਼ਾਨ ਨਾਲ ਕੀਤਾ ਜਾਵੇਗਾ।ਪਾਰਟੀ ਦੇ ਸੀਨੀਅਰ ਆਗੂ ਹਰਭਜਨ ਸਿੰਘ ਨੇ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਭਾਰਤੀ ਕਮਿਊਨਿਸਟ ਪਾਰਟੀ ਦੀ ਵਿਰਾਸਤ ਹਨ। ਉਹਨਾ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਚਾਰ ਜਨਵਰੀ ਨੂੰ ਪੂਰੀ ਸ਼ਾਨ ਨਾਲ ਭਕਨਾ ਵਿਖੇ ਮਨਾਇਆ ਜਾਵੇਗਾ। ਅੱਜ ਫਿਰ ● ਬਾਕੀ ਸਫ਼ਾ 2 'ਤੇ

## ਗਦਰੀ ਬਾਬਿਆਂ ਦੇ ਵਿਚਾਰਾਂ ਵਾਲਾ ਸਮਾਜ ਹੀ ਖੁਸ਼ਹਾਲ ਹੋਵੇਗਾ : ਮਾੜੀਮੇਘਾ

### ਨਰੇਗਾ ਕੰਮ ਸਾਲ 'ਚ 200 ਦਿਨ ਤੇ ਦਿਹਾੜੀ 1000 ਰੁਪਏ ਕੀਤੀ ਜਾਵੇ : ਦੇਵੀ, ਸੋਹਲ, ਗੁਰਦਿਆਲ

**ਸਰਹਾਲੀ** : ਸੀ ਪੀ ਆਈ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਬਾਨੀ ਪ੍ਰਧਾਨ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਦੀ ਸਾਲਾਨਾ ਬਰਸੀ 'ਤੇ ਗੁਰਦੁਆਰਾ ਤਪ ਸਥਾਨ ਦਦੇਹਰ ਸਾਹਿਬ ਵਿਖੇ ਤਿੰਨ ਰੋਜ਼ਾ ਲਗਦੇ ਮੇਲੇ ਦੇ ਆਖਰੀ ਦਿਨ 6 ਦਸੰਬਰ ਨੂੰ ਸਿਆਸੀ ਕਾਨਫਰੰਸ ਅਤੇ ਸੱਭਿਆਚਾਰਕ ਸਮਾਗਮ ਕਾਮਰੇਡ ਨੇਕ ਸਿੰਘ ਦੀ ਪ੍ਰਧਾਨਗੀ ਹੇਠ ਕੀਤਾ ਗਿਆ ਸਮਾਗਮ ਤੋਂ ਇੱਕ ਦਿਨ ਪਹਿਲਾਂ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ। ਮੇਲੇ ਤੋਂ ਇਲਾਵਾ ਗਦਰੀ ਬਾਬਿਆਂ ਦੀ ਯਾਦ ਵਿਚ ਪਿੰਡ ਵਾਸੀਆਂ ਵੱਲੋਂ ਉਸਾਰੇ ਗਏ ਦੋਵਾਂ ਗੁਰਦੁਆਰਿਆਂ ਵਿੱਚ ਲੰਗਰ ਸਦਾ ਹੀ ਚਲਦਾ ਰਹਿੰਦਾ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਅੱਜ ਦਾ ਇਹ ਸਮਾਗਮ ਸੰਤ ਵਿਸਾਖਾ ਸਿੰਘ , ਬਿਸ਼ਨ ਸਿੰਘ ਪਹਿਲਵਾਨ,



ਬਾਬਾ ਹਜ਼ਾਰਾ ਸਿੰਘ, ਬਿਸ਼ਨ ਸਿੰਘ ਮੱਦੋਕੇ, ਬਾਬਾ ਵਿਸਾਖਾ ਸਿੰਘ ਦੂਜਾ ਅਤੇ ਸ਼ਹੀਦ ਸਾਧੂ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਅੱਜ ਅਸੀਂ ਆਜ਼ਾਦੀ ਦਾ ਅਧੂਰਾ ਨਿੱਘ ਮਾਣ ਰਹੇ ਹਾਂ। ਉਹ ਇਸ ਲਈ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਅਸੀਂ ਸਰਕਾਰ ਦੀਆਂ ਨਾਕਾਮੀਆਂ ਜੱਗ-ਜ਼ਾਹਰ ਨਹੀਂ ਸੀ ਕਰ ਸਕਦੇ, ਜੇ ਕਰਦੇ ਸਾਂ ਤਾਂ ਸਾਨੂੰ ਹਕੂਮਤ ਦੇ ਤਸੀਹੇ ਝੱਲਣੇ ਪੈਂਦੇ ਸਨ। ਅਧੂਰਾ ਇਸ ਲਈ ਕਿ ਅਸੀਂ ਆਰਥਕ ਤੌਰ 'ਤੇ ਪੂਰਨ ਆਜ਼ਾਦ ਨਹੀਂ ਹੋਏ, ਕਿਉਂਕਿ ● ਬਾਕੀ ਸਫ਼ਾ 2 'ਤੇ




## ਨੌਜਵਾਨ ਆਪਣੇ ਅੰਦਰ ਛੁਪੀ ਕਲਾ ਨੂੰ ਉਜਾਗਰ ਕਰਨ : ਡਾ. ਮੱਟੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਹਰ ਬੱਚੇ ਨੂੰ ਕੁਦਰਤ ਕਿਸੇ ਨਾ ਕਿਸੇ ਕਲਾ ਨਾਲ ਲਬਰੇਜ਼ ਕਰਕੇ ਭੇਜਦੀ ਹੈ, ਇਸ ਲਈ ਜੇਕਰ ਨੌਜਵਾਨ ਬੱਚੇ ਬੱਚੀਆਂ ਆਪਣੇ ਅੰਦਰ ਛੁਪੀ ਕਲਾ ਨੂੰ ਹੌਸਲੇ ਨਾਲ ਦੁਨੀਆ ਦੇ ਸਾਹਮਣੇ ਲੈ ਕੇ ਆਉਣ ਤਾਂ ਉਹ ਬੱਚੇ ਇੱਕ ਨਾ ਇੱਕ ਦਿਨ ਵੱਡੀਆਂ ਬੁਲੰਦੀਆਂ ਹਾਸਲ ਕਰਦੇ ਨੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਹਲਕਾ ਸ਼ੁਤਰਾਣਾ ਦੇ ਕਲਾ ਦੇ ਖੇਤਰ ਨਾਲ ਜੁੜੇ ਦੋ ਹੋਣਹਾਰ ਨੌਜਵਾਨਾਂ ਨਾਲ ਮੁਲਾਕਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੇ ਆਪਣੀ ਕਲਾ ਨੂੰ ਨਿਖਾਰਨ ਲਈ ਸਿੱਖਿਆ ਹਾਸਲ ਕਰ ਰਹੇ ਅਤੇ ਕੁੱਝ ਹੋਰ ਦੇ ਖੇਤਰ ਵਿੱਚ ਨਵੇਂ ਮੁਕਾਮ ਹਾਸਲ ਕਰ ਰਹੇ ਸਨੀ ਦੁਗਾਲ ਤੇ ਪੰਜਾਬੀ ਗਾਇਕੀ ਵਿੱਚ ਨਵੀਆਂ ਪੈੜਾਂ ਪਾ ਰਿਹਾ ਹੈ। ਡਾ. ਮੱਟੂ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨ ਲੜਕੇ ਲੜਕੀਆਂ ਅੰਦਰ ਬਹੁਤ ਕਲਾ ਹੈ।ਕਈ ਵਾਰ ਮੌਕਾ ਨਾ ਮਿਲਣ ਕਾਰਨ ਨੌਜਵਾਨ ਲੜਕੇ-ਲੜਕੀਆਂ ਆਪਣੀ ਕਲਾ ਨੂੰ ਲੋਕਾਂ ਸਾਹਮਣੇ ਲਿਆਉਣ ਵਿੱਚ ਅਸਮਰਥ ਹੋ ਜਾਂਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਅੱਜ ਦੇ ਆਧੁਨਿਕ ਦੌਰ ਵਿੱਚ ਆਪੋ ਆਪਣੀ ਕਲਾ ਨੂੰ ਉਹ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆ ਸਾਹਮਣੇ ਰੱਖ ਸਕਦੇ ਹਨ।ਅਸੀਂ ਅਜਿਹੇ ਨੌਜਵਾਨਾਂ ਦੀ ਮਦਦ ਲਈ ਹਮੇਸ਼ਾ ਤਿਆਰ ਹਾਂ, ਜਿਨ੍ਹਾਂ ਅੰਦਰ ਕੋਈ ਕਲਾ ਜਾਂ ਹੁਨਰ ਹੈ।ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਬੱਚੇ ਅੰਦਰ ਕੋਈ ਕਲਾ ਹੈ ਤਾਂ ਉਸ ਨੂੰ ਪੜ੍ਹਾਈ ਦੇ ਨਾਲ ਨਾਲ ਉਸ ਕਲਾ ਵੱਲ ਭੇਜਣ ਲਈ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ।

## ਡੀ ਏ ਵੀ ਕਕਰਾਲਾ ਦੀਆਂ ਬੇਟੀਆਂ ਨੇ ਰਾਸ਼ਟਰੀ ਪੱਧਰੀ ਖੇਡਾਂ 'ਚ ਦਿਖਾਇਆ ਜ਼ੋਰ

### ਕੁਸ਼ਤੀ ਅਤੇ ਐਥਲੈਟਿਕਸ ਵਿੱਚ ਹਾਸਲ ਕੀਤੇ 2 ਸੋਨੇ, 3 ਚਾਂਦੀ, ਅਤੇ 3 ਕਾਂਸੀ ਦੇ ਤਮਗੇ



**ਸਮਾਣਾ (ਗੁਰਦਿਆਲ ਸਿੰਘ ਬੱਲ)** ਨੋਇਡਾ ਤੇ ਦਿੱਲੀ ਵਿੱਚ 1 ਤੋਂ 4 ਦਸੰਬਰ ਤੱਕ ਕਰਵਾਈਆਂ ਰਾਸ਼ਟਰੀ ਪੱਧਰੀ ਡੀ.ਏ.ਵੀ. ਖੇਡ ਮੁਕਾਬਲਿਆਂ ਵਿੱਚ ਡੀ.ਏ.ਵੀ. ਕਕਰਾਲਾ ਦੀਆਂ ਵਿਦਿਆਰਥਣਾਂ ਨੇ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਨ੍ਹਾਂ ਮੁਕਾਬਲਿਆਂ ਵਿੱਚ 28 ਰਾਜਾਂ ਦੇ ਲਗਭਗ 15,000 ਵਿਦਿਆਰਥੀਆਂ ਨੇ ਭਾਗ ਲਿਆ।ਡੀ.ਏ.ਵੀ. ਕਕਰਾਲਾ ਦੀਆਂ ਸ਼ੇਰਨੀਆਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ ਤੇ ਕੁਸ਼ਤੀ ਅਤੇ ਐਥਲੈਟਿਕਸ ਵਿੱਚ ਆਪਣਾ ਖੂਬ ਲੋਹਾ ਮਨਵਾਇਆ।ਕੁਸ਼ਤੀ ਤੇ ਐਥਲੈਟਿਕਸ ਵਿੱਚ ਪ੍ਰਾਪਤ ਤਮਗਿਆਂ ਦਾ ਵੇਰਵਾ ਇਸ ਪ੍ਰਕਾਰ ਹੈ ਰਜਨਦੀਪ ਕੌਰ (72 ਕਿ.ਗ੍ਰਾ, ਅੰਡਰ-19) ਸੋਨੇ ਦਾ ਤਮਗਾ, ਪਰਮੀਤ ਕੌਰ (54 ਕਿ.ਗ੍ਰਾ, ਅੰਡਰ-14) ਸੋਨੇ ਦਾ ਤਮਗਾ, ਕੈਮਰਿਨ ਕੌਰ (44 ਕਿ.ਗ੍ਰਾ, ਅੰਡਰ-14): ਚਾਂਦੀ ਦਾ ਤਮਗਾ, ਹਰਜੋਤ ਕੌਰ (50 ਕਿ.ਗ੍ਰਾ, ਅੰਡਰ-14) ਚਾਂਦੀ ਦਾ ਤਮਗਾ, ਸਿਮਰਨਜੀਤ ਕੌਰ (38 ਕਿ.ਗ੍ਰਾ, ਅੰਡਰ-14):ਕਾਂਸੀ ਦਾ ਤਮਗਾ, ਰੂਪਨਦੀਪ ਕੌਰ (58 ਕਿ.ਗ੍ਰਾ, ਅੰਡਰ-14) ਕਾਂਸੀ ਦਾ ਤਮਗਾ, ਸਾਕਸ਼ੀ (62 ਕਿ.ਗ੍ਰਾ, ਅੰਡਰ-14) ਕਾਂਸੀ ਦਾ ਤਮਗਾ ਤੇ ਸਮਰਜੀਤ ਕੌਰ ਨੇ ਐਥਲੈਟਿਕਸ ਵਿੱਚ ਹਾਈ ਜੰਪ ਲਈ ਚਾਂਦੀ ਦਾ ਤਮਗਾ ਹਾਸਲ ਕੀਤਾ। ਪੰਜਾਬ ਦੀ ਨੁਮਾਇੰਦਗੀ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਦੇ ਜ਼ਰੀਏ ਅੰਡਰ-14 ਤੇ ਅੰਡਰ-19 ਵਰਗ ਦੀਆਂ ਕੁਸ਼ਤੀ ਟੀਮਾਂ ਨੇ ਰਨਰ-ਅੱਪ ਟਰਾਫੀ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਵਿਜੇਤਾ ਵਿਦਿਆਰਥਣਾਂ ਤੇ ਉਨ੍ਹਾਂ ਦੇ ਖੇਡ ਅਧਿਆਪਕਾਂ ਦਾ ਸਕੂਲ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਖਿਡਾਰੀਆਂ ਦੇ ਮਾਪੇ ਵੀ ਮਿਠਾਈਆਂ ਲੈ ਕੇ ਪਹੁੰਚੇ ਤੇ ਖ਼ੁਸ਼ੀ ਦੇ ਹਿੱਸੇਦਾਰ ਬਣੇ।ਪੂਰੇ ਸਕੂਲ ਵਿੱਚ ਮਠਿਆਈਆਂ ਵੰਡੀਆਂ ਗਈਆਂ ਤੇ ਸਟਾਫ ਅਤੇ ਵਿਦਿਆਰਥੀਆਂ ਨੇ ਤਾੜੀਆਂ ਨਾਲ ਚੈਂਪੀਅਨਾਂ ਦਾ ਜਸ਼ਨ ਮਨਾਇਆ ਤੇ ਉਨ੍ਹਾਂ ਦਾ ਸਵਾਗਤ ਕੀਤਾ।

## ਸ਼ੈਟੀ ਆਪ 'ਚ ਸ਼ਾਮਲ

**ਨਵੀਂ ਦਿੱਲੀ :** ਦਿੱਲੀ ਅਸੰਬਲੀ ਦੇ ਸਪੀਕਰ ਤੇ ਸ਼ਾਹਦਰਾ ਤੋਂ ਵਿਧਾਇਕ 76 ਸਾਲਾ ਰਾਮ ਨਿਵਾਸ ਗੋਇਲ ਵੱਲੋਂ ਸਰਗਰਮ ਸਿਆਸਤ ਤੋਂ ਰਿਟਾਇਰ ਹੋਣ ਦਾ ਐਲਾਨ ਕਰਨ ਦੇ ਕੁਝ ਘੰਟਿਆਂ ਬਾਅਦ ਸਾਬਕਾ ਭਾਜਪਾ ਵਿਧਾਇਕ ਜਤਿੰਦਰ ਸਿੰਘ ਸ਼ੈਟੀ ਸ਼ੁੱਕਰਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। 62 ਸਾਲਾ ਸ਼ੈਟੀ 2013 ਵਿੱਚ ਭਾਜਪਾ ਦੀ ਟਿਕਟ 'ਤੇ ਸ਼ਾਹਦਰਾ ਤੋਂ ਵਿਧਾਇਕ ਬਣੇ ਸਨ। ਆਪ ਵੱਲੋਂ ਫਰਵਰੀ ਵਿੱਚ ਹੋਣ ਜਾ ਰਹੀਆਂ ਅਸੰਬਲੀ ਚੋਣਾਂ ਵਿੱਚ ਉਨ੍ਹਾਂ ਨੂੰ ਹੀ ਸ਼ਾਹਦਰਾ ਤੋਂ ਉਮੀਦਵਾਰ ਬਣਾਏ ਜਾਣ ਦੀ ਆਸ ਹੈ। ਪਦਮਸ੍ਰੀ ਸ਼ੈਟੀ ਕੋਰੋਨਾ ਦੌਰਾਨ ਐਂਬੂਲੈਂਸਾਂ ਦਾ ਪ੍ਰਬੰਧ ਕਰਨ ਲਈ ਜਾਣੇ ਜਾਂਦੇ ਹਨ।




## ਅੱਜ-ਨਾਮਾ

ਆਪੇ ਕਿਸਾਨਾਂ ਨੂੰ ਕਿਹਾ ਸਰਕਾਰ ਪਹਿਲਾਂ,
ਚਾਹੋ ਦਿੱਲੀ ਵੱਲ ਆਉਣਾ ਤੇ ਆਉ ਬੇਲੀ।
ਟਰੈਕਟਰ ਦਿੱਲੀ ਦੇ ਵੱਨੀਂ ਨਾ ਜਾਣ ਦੇਣਾ,
ਬਾਕੀ ਜਿੱਦਾਂ ਕੋਈ ਜਾਣਾ ਈ ਜਾਉ ਬੇਲੀ।
ਚੱਲੇ ਜਦ ਪੈਦਲ ਕਿਸਾਨ ਤੇ ਪੁਲਸ ਲਈ,
ਪਕੜ ਲਉ ਡਾਂਗਾਂ ਤਾਂ ਮਾਰ ਭਜਾਉ ਬੇਲੀ।
ਕਿਹੀ ਜਿਹੀ ਨੀਤੀ ਕਿ ਆਪ ਸੰਕੇਤ ਦੇ ਕੇ,
ਫਸਾ ਕੇ ਪੁਲਸੀਆਂ ਕੋਲੋਂ ਕੁਟਵਾਉ ਬੇਲੀ।
ਚੜ੍ਹ ਗਿਆ ਸੱਤਾ ਦਾ ਨਸ਼ਾ ਈ ਹਾਕਮਾਂ ਨੂੰ,
ਹੋਈ ਆ ਨੀਤੀ 'ਤੇ ਭਾਰੂ ਬਦ-ਨੀਤ ਬੇਲੀ।
ਗਿਣਤੀ-ਮਿਣਤੀ ਕੁਝ ਅੰਦਰੋਂ ਹੋਈ ਜਾਪੇ,
ਗੱਲਾਂ ਵਿੱਚ ਹੁੰਦਾ ਈ ਵਕਤ ਬਤੀਤ ਬੇਲੀ।

-ਤੀਸ ਮਾਰ ਖਾਂ

## ਪੁਲਸ ਨੇ ਕਿਸਾਨਾਂ ਨੂੰ ਕਿਹਾ, ਹਰਿਆਣਾ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ

**ਸ਼ੰਭੂ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਸ ਨੇ ਸ਼ੰਭੂ ਬਾਰਡਰ ਤੋਂ ਹਰਿਆਣਾ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ। ਹਰਿਆਣਾ ਪੁਲਸ ਨੇ ਕਿਹਾ ਕਿ ਕਿਸਾਨਾਂ ਨੂੰ ਹਰਿਆਣਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੈ। ਪੁਲਸ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਹਰਿਆਣਾ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।ਅੰਬਾਲਾ ਵਿੱਚ ਧਾਰਾ 163 ਏ ਲੱਗੀ ਹੋਈ ਹੈ।ਦਿੱਲੀ ਵੱਲ ਜਾਣ ਲਈ ਇਜਾਜ਼ਤ ਲੈਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕਿਸਾਨ ਇਜਾਜ਼ਤ ਨਹੀਂ ਲੈ ਰਹੇ।ਇਸ ਕਰਕੇ ਕਿਸਾਨਾਂ ਨੂੰ ਅੰਬਾਲਾ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਕਿਸਾਨਾਂ ਦੇ ਦਿੱਲੀ ਕੂਚ ਨੂੰ ਲੈ ਕੇ ਇੰਟਰਨੈਟ ਬੰਦ ਕਰ ਦਿੱਤਾ ਗਿਆ ਹੈ।

## ਮਾਊਂਟ ਲਿਟਰਾ ਜ਼ੀ ਸਕੂਲ 'ਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਬੋਰਡ ਦਿੱਲੀ ਤੋਂ ਮਾਨਤਾ ਪ੍ਰਾਪਤ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਵਿਖੇ ਬੱਚਿਆਂ ਨੂੰ ਹਰ ਤਿਉਹਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਬੱਚਿਆਂ ਨੂੰ ਦੇਸ਼ ਦੇ ਸੱਭਿਆਚਾਰ ਨਾਲ ਜੋੜ ਕੇ ਰੱਖਿਆ ਜਾ ਸਕੇ ਅਤੇ ਬੱਚੇ ਆਪਣੇ ਗਿਆਨ ਵਿੱਚ ਵਾਧਾ ਕਰ ਸਕਣ।ਇਸੇ ਤਹਿਤ ਸਕੂਲ ਵਿੱਚ ਅੱਠਵੀਂ ਏ ਜਮਾਤ ਵੱਲੋਂ 'ਸਿੱਖਾਂ ਦੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ' ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਸਭਾ ਦੀ ਸ਼ੁਰੂਆਤ ਮੂਲ ਮੰਤਰ ਨਾਲ ਹੋਈ।ਉਪਰੰਤ ਇਸ ਦਿਨ ਨਾਲ ਸਬੰਧਤ ਸ਼ਬਦ ਗਾਇਨ ਕੀਤਾ ਗਿਆ ਤੇ ਕਵਿਤਾ ਪੇਸ਼ ਕੀਤੀ ਗਈ।ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਇੱਕ ਭਾਸ਼ਣ ਰਾਹੀਂ ਜਾਣਕਾਰੀ ਦਿੱਤੀ ਗਈ।ਇਸ ਤੋਂ ਬਾਅਦ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ ਕਿ ਸਿੱਖ ਧਰਮ ਗ੍ਰੰਥਾਂ ਅਨੁਸਾਰ 1675 ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਵਿੱਚ ਧਰਮ ਪਰਿਵਰਤਨ ਦੀ ਮਨਾਹੀ ਕਰਨ ਤੇ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਸੀ।ਇਸ ਲਈ ਇਸ ਦਿਨ ਨੂੰ ਗੁਰੂ ਤੇਗ ਬਹਾਦਰ ਸ਼ਹੀਦੀ ਦਿਵਸ ਜਾਂ ਸ਼ਹੀਦੀ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ।ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ, ਉੱਥੇ ਮੌਜੂਦ ਸਾਰੇ ਸਰੋਤਿਆਂ ਨੇ ਭਾਸ਼ਣ ਨੂੰ ਧਿਆਨ ਨਾਲ ਸੁਣਿਆ ਤੇ ਕਾਫੀ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਕਿਹਾ ਕਿ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਅਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਰਹਿਣਗੇ ਤਾਂ ਜੋ ਬੱਚਿਆਂ ਨੂੰ ਭਾਰਤ ਵਰਗੇ ਦੇਸ਼ ਦੇ ਕਈ ਸੂਬਿਆਂ ਵਿੱਚ ਮਨਾਏ ਜਾਂਦੇ ਧਾਰਮਿਕ ਦਿਹਾੜਿਆਂ ਬਾਰੇ ਜਾਣਕਾਰੀ ਮਿਲ ਸਕੇ ਤੇ ਉਹ ਸੱਭਿਅਤਾ ਨਾਲ ਜੁੜੇ ਰਹਿਣ ਨੌਜਵਾਨ ਆਪਣੇ ਅੰਦਰ ਛੁਪੀ ਕਲਾ ਨੂੰ ਉਜਾਗਰ ਕਰਨ।

## ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੀ ਬਲਾਕ ਪੱਧਰੀ ਮੀਟਿੰਗ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜ ਗਿੱਲ) ਦੀ ਬਲਾਕ ਪੱਧਰੀ ਮੀਟਿੰਗ ਇਥੇ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਹੋਈ। ਇਸ ਮੌਕੇ ਜ਼ਿਲ੍ਹਾ ਆਗੂ ਮਲਕੀਤ ਸਿੰਘ ਈਨਾ, ਜੱਗਾ ਸਿੰਘ ਛਾਪਾ, ਅਮਰਜੀਤ ਸਿੰਘ ਠੁੱਲੀਵਾਲ ਕਿਹਾ ਕਿ ਜਥੇਬੰਦੀ ਵੱਲੋਂ ਕਿਸਾਨੀ ਹਿਤਾਂ ਲਈ ਲੜੇ ਜਾ ਰਹੇ ਸੰਘਰਸ਼ ਨੂੰ ਦੇਖਦਿਆਂ ਵੱਡੀ ਪੱਧਰ 'ਤੇ ਕਿਸਾਨ ਜਥੇਬੰਦੀ ਨਾਲ ਜੁੜ ਰਹੇ ਹਨ। ਕੇਂਦਰ ਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਮੰਡੀਆਂ 'ਚ ਝੋਨੇ ਦੀ ਖਰੀਦ ਛੇਤੀ ਨਾ ਕੀਤੇ ਜਾਣ ਕਰਕੇ ਕਿਸਾਨਾਂ ਨੂੰ ਕਣਕ ਦੀ ਬਿਜਾਈ ਲੇਟ ਕਰਨੀ ਪਈ ਹੈ, ਜਿਸ ਕਰਕੇ ਕਣਕ ਦਾ ਝਾੜ ਘਟਣ ਦਾ ਡਰ ਬਣਿਆ ਹੋਇਆ ਹੈ। ਹੁਣ ਕਣਕ ਦੀ ਫਸਲ ਨੂੰ ਸੁੰਡੀ ਲੱਗਣ ਕਰਕੇ ਹੋਰ ਵੀ ਕਿਸਾਨਾਂ ਨੂੰ ਨੁਕਸਾਨ ਸਹਿਣਾ ਪੈ ਰਿਹਾ ਹੈ। ਜਸਵੰਤ ਸਿੰਘ ਸੋਹੀ, ਅੰਗਰੇਜ ਸਿੰਘ ਰਾਏਸਰ, ਬਾਵਾ ਸਿੰਘ ਛਾਪਾ, ਬੇਅੰਤ ਸਿੰਘ, ਅਵਤਾਰ ਸਿੰਘ ਗਿੱਲ, ਰਣਜੋਧ ਸਿੰਘ, ਬਲਵੀਰ ਸਿੰਘ ਆਦਿ ਆਗੂਆਂ ਨੇ ਸਮੂਹ ਕਿਸਾਨਾਂ ਨੂੰ ਆਪਣੀ ਜਥੇਬੰਦਕ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਕਜੁੱਟ ਹੋਣ ਦਾ ਸੱਦਾ ਦਿਤਾ।

## ਰਵਾਇਤੀ ਪਾਰਟੀਆਂ ਨੇ ਸਰਹੱਦੀ ਖਿੱਤੇ ਦੇ ਜਾਂਬਾਜ਼ ਲੋਕਾਂ ਦੀ ਪਿੱਠ 'ਚ ਛੁਰਾ ਮਾਰਿਆ : ਮਾਨ



**ਬਟਾਲਾ (ਮਲਵਿੰਦਰ ਸਿੰਘ ਮਾਲੀ)** -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਸੂਬੇ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਉਤੇ ਵਰ੍ਹਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਸਰਹੱਦੀ ਖਿੱਤੇ ਦੇ ਬਹਾਦਰ ਲੋਕਾਂ ਦੀ ਪਿੱਠ 'ਚ ਛੁਰਾ ਮਾਰਿਆ ਅਤੇ ਆਪਣੇ ਨਿੱਜੀ ਮੁਫਾਦਾਂ ਲਈ ਇਸ ਖਿੱਤੇ ਦੀਆਂ ਕਈ ਪੀੜ੍ਹੀਆਂ ਨੂੰ ਬਰਬਾਦ ਕਰ ਦਿੱਤਾ। ਬਟਾਲਾ ਵਿਖੇ ਨਵੀਂ ਅੱਪਗ੍ਰੇਡ ਸ਼ੂਗਰ ਮਿੱਲ ਲੋਕਾਂ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਸੂਬੇ ਦੇ ਅਗਾਂਹਵਧੂ ਅਤੇ ਉਪਜਾਊ ਸਰਹੱਦੀ ਖੇਤਰ ਨੂੰ ਰਵਾਇਤੀ ਸਿਆਸੀ ਪਾਰਟੀਆਂ ਨੇ ਦਰਕਿਨਾਰ ਕੀਤਾ, ਜਿਸ ਕਰਕੇ ਇਹ ਖੇਤਰ ਵਿਕਾਸ ਦੀ ਰਫ਼ਤਾਰ ਵਿੱਚ ਪਛੜ ਗਿਆ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਬਰਬਾਦ ਕੀਤਾ। ਮਹਾਨ ਦੇਸ਼ ਭਗਤ ਪੈਦਾ ਕਰਨ ਵਾਲੇ ਇਸ ਖੇਤਰ ਨੇ ਰਵਾਇਤੀ ਪਾਰਟੀਆਂ ਦੇ ਸ਼ਾਸਨ ਦੌਰਾਨ ਕਦੇ ਵਿਕਾਸ ਹੁੰਦਾ ਨਹੀਂ ਦੇਖਿਆ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਇਸ ਖਿੱਤੇ ਦੇ ਵਿਕਾਸ ਲਈ ਅਣਥੱਕ ਮਿਹਨਤ ਕਰ ਰਹੀ ਹੈ, ਜਿਸ ਸਦਕਾ 296 ਕਰੋੜ ਰੁਪਏ ਦੀ ਲਾਗਤ ਨਾਲ ਇਸ ਅੱਪਗ੍ਰੇਡ ਖੰਡ ਮਿੱਲ ਦੀ ਸਥਾਪਨਾ ਕੀਤੀ ਗਈ ਹੈ।ਮਾਨ ਨੇ ਕਿਹਾ ਕਿ ਇਸ ਮਿੱਲ ਵਿੱਚ ਰਿਫਾਇੰਡ ਖੰਡ ਦਾ ਉਤਪਾਦਨ ਕੀਤਾ ਜਾਵੇਗਾ ਅਤੇ ਅਜਿਹਾ ਕਰਨ ਵਾਲੀ ਇਹ ਸੂਬੇ ਦੀ ਪਹਿਲੀ ਸਹਿਕਾਰੀ ਖੰਡ ਮਿੱਲ ਹੋਵੇਗੀ।

## ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦਾ ਸਨਮਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਾਂਗਰਸ ਪਾਰਟੀ ਬਲਾਕ ਮਹਿਲ ਕਲਾਂ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਠੁੱਲੀਵਾਲ ਦੀ ਅਗਵਾਈ ਓ ਨਵੇਂ ਚੁਣੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਪਾਰਟੀ ਵਰਕਰਾਂ, ਆਗੂਆਂ ਵੱਲੋਂ ਦਿਨ ਰਾਤ ਮਿਹਨਤ ਕਰਕੇ ਮੈਨੂੰ ਇਸ ਮੁਕਾਮ ਉੱਪਰ ਪਹੁੰਚਾਇਆ, ਹੁਣ ਮੈਂ ਦਿੱਤੀ ਗਈ ਤਾਕਤ ਸਦਕਾ ਲੋਕਾਂ ਦੇ ਮਸਲਿਆਂ ਨੂੰ ਪੰਜਾਬ ਵਿਧਾਨ ਸਭਾ 'ਚ ਉਠਾ ਕੇ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਾਂਗਾ। ਪਾਰਟੀ ਵਰਕਰਾਂ ਵੱਲੋਂ ਮੇਰੀ ਚੋਣ ਮੁਹਿੰਮ ਸਮੇਂ ਦਿਨ ਰਾਤ ਇੱਕ ਕਰਕੇ ਪੂਰੀ ਸਰਗਰਮੀ ਨਾਲ ਕੰਮ ਕੀਤਾ ਹੈ, ਕਾਂਗਰਸ ਪਾਰਟੀ ਵੱਲੋਂ ਭਵਿੱਖ ਵਿੱਚ ਮਿਹਨਤੀ ਵਰਕਰਾਂ ਨੂੰ ਅੱਗੇ ਲਿਆ ਕੇ ਢੁਕਵਾਂ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਪਰਮਿੰਦਰ ਸਿੰਘ ਸੰਮੀ ਠੁੱਲੀਵਾਲ, ਗੁਲਾਬ ਸਿੰਘ ਠੁੱਲੀਵਾਲ, ਰਾਮ ਸਿੰਘ ਸੋਹੀ, ਗੁਰਦੀਪ ਸਿੰਘ ਸੋਹੀ, ਬਲਰਾਜ ਸਿੰਘ ਆਦਿ ਹਾਜ਼ਰ ਸਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੀ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਲੋਕਾਂ ਨੂੰ 35000 ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਲੋਕ ਜ਼ਿਆਦਤਰ ਕੰਮ ਕਰਨ ਤੋਂ ਅਸਮਰਥ ਹਨ, ਕਈ ਬਜ਼ੁਰਗਾਂ ਦਾ ਕੋਈ ਵੀ ਸਹਾਰਾ ਨਹੀਂ ਹੈ, ਕਈ ਲੋਕ ਲੰਮੇ ਸਮੇਂ ਤੋਂ ਬਿਮਾਰੀਆਂ ਦੇ ਸ਼ਿਕਾਰ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾ. ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ।ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ ਸਕੱਤਰ, ਜਸਬੀਰ ਸਿੰਘ ਰਿਟਾਇਰਡ ਏ ਐਸ ਆਈ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਭੋਣ ਤੇ ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

## ਸਰਕਾਰ ਕਾਲਜ ਅਧਿਆਪਕਾਂ ਨੂੰ ਤੁਰੰਤ ਡਿਊਟੀ 'ਤੇ ਹਾਜ਼ਰ ਕਰਾਵੇ : ਪੰਜਾਬੀ ਸਾਹਿਤ ਅਕਾਦਮੀ

**ਲੁਧਿਆਣਾ (ਭਾਟੀਆ, ਸਿੰਗਲਾ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਉਨ੍ਹਾਂ 411 ਕਾਲਜ ਅਧਿਆਪਕਾਂ ਤੇ ਲਾਇਬ੍ਰੇਰੀਅਨਾਂ ਨੂੰ ਡਿਊਟੀ 'ਤੇ ਤੁਰੰਤ ਹਾਜ਼ਰ ਕਰਾਉਣ, ਜਿਨ੍ਹਾਂ ਨੂੰ ਪਿਛਲੇ ਸਮੇਂ ਹਾਈਕੋਰਟ ਤੋਂ ਬਕਾਇਦਾ ਜੁਆਇਨ ਕਰਾਉਣ ਦੀਆਂ ਹਦਾਇਤਾ ਮਿਲੀਆਂ ਸਨ।ਇਹ ਸਿੱਖਿਆ ਵਿਭਾਗ ਦੀ ਬਹੁਤ ਵੱਡੀ ਨਾਅਹਿਲੀਅਤ ਹੈ ਕਿ ਹਾਈਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ 70 ਦਿਨ ਬੀਤ ਜਾਣ 'ਤੇ ਵੀ ਇਨ੍ਹਾਂ 411 ਕਾਲਜ ਅਧਿਆਪਕਾਂ ਤੇ ਲਾਇਬ੍ਰੇਰੀਅਨਾਂ ਨੂੰ ਜੁਆਇਨ ਨਹੀਂ ਕਰਾਇਆ ਗਿਆ।ਇਸ ਨਾਲ ਜਿੱਥੇ ਉੱਚ ਯੋਗਤਾ ਪ੍ਰਾਪਤ ਇਹ ਪੜ੍ਹੇ ਲਿਖੇ ਨੌਜਵਾਨ ਨਿਰਾਸ਼ਾ ਦਾ ਸ਼ਿਕਾਰ ਹੋ ਰਹੇ ਹਨ, ਉੱਥੇ ਪੰਜਾਬ ਦੀ ਉਚੇਰੀ ਸਿੱਖਿਆ ਦੀ ਪੜ੍ਹਾਈ ਦਾ ਕਾਰਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਿੱਖਿਆ ਵਿਭਾਗ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਹ ਅਧਿਆਪਕ ਸੰਗਰੂਰ ਵਿਖੇ ਮੁੱਖ ਮੰਤਰੀ ਦੇ ਘਰ ਸਾਹਮਣੇ ਮਰਨ ਵਰਤ 'ਤੇ ਬੈਠਣ ਜਾ ਰਹੇ ਹਨ।ਵਿਭਾਗ ਦੀ ਨਾਅਹਿਲੀਅਤ ਕਾਰਨ ਇਨ੍ਹਾਂ ਅਧਿਆਪਕਾਂ ਦੇ ਇਸ ਐਕਸ਼ਨ ਨਾਲ ਜੇਕਰ ਪੰਜਾਬ ਦਾ ਅਕਾਦਮਿਕ ਮਾਹੌਲ ਖ਼ਰਾਬ ਹੁੰਦਾ ਹੈ ਤਾਂ ਇਸ ਦੀ ਮੁਕੰਮਲ ਤੌਰ 'ਤੇ ਸਰਕਾਰ ਜ਼ਿੰਮੇਵਾਰ ਹੋਵੇਗੀ। ਜੇਕਰ ਪੰਜਾਬ ਸਰਕਾਰ ਇਨ੍ਹਾਂ ਅਧਿਆਪਕਾਂ ਦੀ ਹੱਕੀ ਮੰਗ ਨਾ ਮੰਨਦੇ ਹੋਏ ਇਨ੍ਹਾਂ ਨੂੰ ਡਿਊਟੀ 'ਤੇ ਹਾਜ਼ਰ ਨਹੀਂ ਕਰਵਾਉਂਦੀ ਤਾਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਹੋਰ ਭਰਾਤਰੀ ਜਥੇਬੰਦੀਆਂ ਨਾਲ ਇਨ੍ਹਾਂ ਦੇ ਸੰਘਰਸ਼ ਵਿੱਚ ਕੁੱਦਣ ਲਈ ਮਜਬੂਰ ਹੋਵੇਗੀ।

## ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵੱਲੋਂ ਮੁੱਖ ਮੰਤਰੀ ਨਾਲ ਮੁਲਾਕਾਤ



**ਨਾਭਾ, (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਬੀਤੀ ਦਿਨੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦਿਆਂ ਵਧਾਈਆਂ ਦਿੱਤੀਆਂ।ਇਸ ਮੌਕੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਿਸ਼ਨ ਰੋਜ਼ਗਾਰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੀ ਦਿਨੀਂ ਐਲਾਨ ਕੀਤਾ ਕਿ ਭਾਵੇਂ ਹੁਣ ਤੱਕ ਸੂਬੇ ਦੇ ਕਰੀਬ 50,000 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਪਰ ਨੌਜਵਾਨਾਂ ਨੂੰ ਹੋਰ ਸਰਕਾਰੀ ਨੌਕਰੀਆਂ ਦੇਣ ਲਈ ਜਲਦੀ ਸਿਹਤ, ਸਿੱਖਿਆ ਤੇ ਹੋਰ ਪ੍ਰਮੁੱਖ ਵਿਭਾਗਾਂ ਵਿੱਚ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਇਸ ਐਲਾਨ ਨੂੰ ਲੈ ਕੇ ਸੂਬੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਉਨ੍ਹਾ ਕਿਹਾ ਕਿ ਹੋਰ ਨੌਕਰੀਆਂ ਵੀ ਛੇਤੀ ਦਾ ਮੁੱਖ ਮੰਤਰੀ ਵੱਲੋਂ ਕੀਤਾ ਗਿਆ ਐਲਾਨ ਸ਼ਲਾਘਾਯੋਗ ਕਦਮ ਹੈ।ਉਨ੍ਹਾ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਨੌਜਵਾਨਾਂ ਨੂੰ ਜੀਵਨ ਵਿੱਚ ਸਫ਼ਲ ਹੋਣ ਦੇ ਭਰਪੂਰ ਮੌਕੇ ਮੁਹੱਈਆ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਵੱਲੋਂ ਹੁਣ ਤੱਕ 50,000 ਦੇ ਕਰੀਬ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।ਚੇਅਰਮੈਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਸਫ਼ਲਤਾ ਲਈ ਕੋਈ ਸ਼ਾਰਟ ਕੱਟ ਨਹੀਂ ਹੈ ਤੇ ਜਿੱਤ ਦੀ ਇੱਕੋ-ਇੱਕ ਕੁੰਜੀ ਸਖ਼ਤ ਮਿਹਨਤ ਹੈ।ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਉਹ ਸਖ਼ਤ ਮਿਹਨਤ ਕਰਨ ਤੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿਣ ਤਾਂ ਜੋ ਉਹ ਜੀਵਨ ਵਿੱਚ ਆਪਣੇ ਮਿੱਥੇ ਟੀਚੇ ਪ੍ਰਾਪਤ ਕਰ ਸਕਣ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਇਸ ਨੇਕ ਕਾਰਜ ਵਿੱਚ ਨੌਜਵਾਨਾਂ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।ਉਨ੍ਹਾ ਉਮੀਦ ਜਤਾਈ ਕਿ ਨਵੇਂ ਭਰਤੀ ਹੋਏ ਵਿਅਕਤੀ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਤੇ ਪੱਛੜੇ ਵਰਗਾਂ ਦੀ ਮਦਦ ਲਈ ਕਰਨਗੇ।

## ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ 10 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੀਰੀ- ਪੀਰੀ ਸੇਵਾ ਲਹਿਰ ਮਹਿਲ ਕਲਾਂ ਵਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਣਾ, ਸ੍ਰੀ ਚਮਕੌਰ ਸਾਹਿਬ ਦੀ ਜੰਗ, ਸਾਕਾ ਸਰਹਿੰਦ, ਬਾਬਾ ਮੋਤੀ ਰਾਮ ਮਹਿਰਾ ਤੇ ਪਰਵਾਰ ਅਤੇ ਸਮੂਹ ਸ਼ਹੀਦ ਸਿੰਘ, ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 10 ਦਸੰਬਰ ਨੂੰ ਸ਼ਾਮ 4 ਵਜੇ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਮੀਰੀ ਪੀਰੀ ਸੇਵਾ ਲਹਿਰ ਮਹਿਲ ਕਲਾਂ ਦੇ ਪ੍ਰਧਾਨ ਭਾਈ ਸਵਰਨ ਸਿੰਘ ਖ਼ਾਲਸਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪ੍ਰਚਾਰਕ ਭਾਈ ਭਾਈ ਬਹਾਦਰ ਸਿੰਘ ਘਨੌਰੀ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

## ਸੁਖਬੀਰ 'ਤੇ ਹਮਲੇ ਦੀ ਨਿਰਪੱਖ ਜਾਂਚ ਹੋਵੇ : ਮਾਹਲਾ, ਸਦਿਓੜਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੀਨੀਅਰ ਯੂਥ ਆਗੂ ਸੁਖਜੀਤ ਸਿੰਘ ਮਾਹਲਾ, ਹਲਕਾ ਬਾਘਾ ਪੁਰਾਣਾ ਦੇ ਐੱਸ.ਓ.ਆਈ. ਦੇ ਪ੍ਰਧਾਨ ਅਰਸ਼ਪ੍ਰੀਤ ਸਿੰਘ ਸਦਿਓੜਾ ਨੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕੜੀ ਨਿੰਦਾ ਕੀਤੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਲੋਕਤੰਤਰ ਦੇ ਮੂਲ ਸਿਧਾਂਤਾਂ ਖਿਲਾਫ਼ ਹਨ ਤੇ ਸਿਆਸੀ ਵਾਤਾਵਰਣ ਨੂੰ ਖਰਾਬ ਕਰਨ ਵਾਲੇ ਹਨ।ਮਾਹਲਾ ਤੇ ਸਦਿਓੜਾ ਨੇ ਪੁਲਸ ਦੀ ਤੁਰੰਤ ਕਾਰਵਾਈ ਦੀ ਸਰਾਹਨਾ ਕਰਦਿਆਂ ਕਿਹਾ ਕਿ ਕਾਨੂੰਨ-ਵਿਵਸਥਾ ਬਰਕਰਾਰ ਰੱਖਣ ਲਈ ਪੁਲਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਇਸ ਦੇ ਨਾਲ ਹੀ, ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।ਉਨ੍ਹਾਂ ਪੁਲਸ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਤੇ ਮੰਗ ਕੀਤੀ ਕਿ ਇਸ ਮਾਮਲੇ ਦੀ ਸੰਪੂਰਨ ਜਾਂਚ ਕਰਕੇ ਦੋਸ਼ੀਆਂ ਨੂੰ ਕਾਨੂੰਨੀ ਸਜ਼ਾ ਦਿੱਤੀ ਜਾਵੇ।

## ਦੇਸ਼ ਲਈ ਸ਼ਹੀਦ ਹੋਣ ਵਾਲੇ ਹਮੇਸ਼ਾ ਸਾਡੇ ਦਿਲਾਂ 'ਚ ਧੜਕਦੇ ਹਨ : ਕੰਗ

### ਝੰਡਾ ਦਿਵਸ ਮੌਕੇ ਸਾਬਕਾ ਸੈਨਿਕਾਂ ਦੇ ਆਸ਼ਰਿਤਾਂ ਨੂੰ ਦਿੱਤੇ ਮਾਲੀ ਸਹਾਇਤਾ ਦੇ ਚੈੱਕ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਦੇਸ਼ ਲਈ ਜਾਨਾਂ ਨਿਸ਼ਾਵਰ ਕਰਨ ਵਾਲੇ ਸ਼ਹੀਦ ਹਮੇਸ਼ਾ ਸਾਡੇ ਦਿਲਾਂ 'ਚ ਧੜਕਦੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਦਿਲਪ੍ਰੀਤ ਸਿੰਘ ਕੰਗ (ਰਿਟਾ.) ਨੇ ਹਰ ਸਾਲ 7 ਦਸੰਬਰ ਨੂੰ ਮਨਾਏ ਜਾਣ ਵਾਲੇ ਹਥਿਆਰਬੰਦ ਝੰਡਾ ਦਿਵਸ ਨੂੰ ਸਮਰਪਤ ਸਮਾਗਮ ਮੌਕੇ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਕਮਾਂਡਰ ਦਿਲਪ੍ਰੀਤ ਸਿੰਘ ਕੰਗ (ਰਿਟਾ.) ਨੇ ਦੱਸਿਆ ਕਿ ਇਸ ਦਿਨ ਦੇਸ਼ ਦਾ ਹਰ ਨਾਗਰਿਕ, ਵਿਦਿਆਰਥੀਆਂ ਤੋਂ ਲੈ ਕੇ ਉਦਯੋਗਪਤੀਆਂ ਤੱਕ ਸਭ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਉਣ ਲਈ ਦਿਲ ਖੋਲ੍ਹ ਕੇ ਦਾਨ ਕਰਦੇ ਹਨ।ਦਾਨ ਵਜੋਂ ਇਕੱਠਾ ਕੀਤਾ ਹੋਇਆ ਪੈਸਾ ਰਾਜ ਸਰਕਾਰ ਦੇ ਆਰਮਡ ਫੋਰਸਜ਼ ਫਲੈਗ ਡੇ ਫੰਡ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ, ਜੋ ਕਿ ਦੇਸ਼ ਦੀ ਰਾਖੀ ਲਈ ਸ਼ਹੀਦ ਹੋਏ ਸੈਨਿਕਾਂ ਦੇ ਪਰਵਾਰਾਂ, ਨਕਾਰਾ ਹੋਏ ਸੈਨਿਕਾਂ ਤੇ ਲੋੜਵੰਦ ਸਾਬਕਾ ਸੈਨਿਕਾਂ/ਵਿਧਵਾਵਾਂ ਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਲਈ ਵਰਤਿਆ ਜਾਂਦਾ ਹੈ।ਝੰਡਾ ਦਿਵਸ ਲਈ ਦਿੱਤਾ ਹੋਇਆ ਦਾਨ ਆਮਦਨ ਕਰ ਤੋਂ ਮੁਕਤ ਹੈ।

ਇਸ ਮੌਕੇ ਹਥਿਆਰਬੰਦ ਝੰਡਾ ਦਿਵਸ ਮੌਕੇ ਪ੍ਰਸ਼ਾਸਕੀ ਅਫ਼ਸਰਾਂ ਦੇ ਬੈਜ਼ ਲਗਾਏ ਗਏ ਤੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਬਠਿੰਡਾ ਵਿਖੇ ਸਾਬਕਾ ਸੈਨਿਕਾਂ ਦੇ ਆਸ਼ਰਿਤਾਂ ਨੂੰ ਬ੍ਰਗੇਡੀਅਰ ਅਮਰਦੀਪ ਸਿੰਘ ਢਿੱਲੋਂ, ਸੈਨਾ ਮੈਡਲ (ਰਿਟਾ.) ਤੇ ਕਮਾਂਡਰ ਦਿਲਪ੍ਰੀਤ ਸਿੰਘ ਕੰਗ ਵੱਲੋਂ ਮਾਲੀ ਸਹਾਇਤਾ ਦੇ ਚੈੱਕ ਵੀ ਦਿੱਤੇ ਗਏ।ਇਸ ਮੌਕੇ ਸਪੈਸ਼ਲ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।

## ਟੈਕਨੀਕਲ ਸਰਵਿਸਿਜ਼ ਯੂਨੀਅਨ ਡਵੀਜ਼ਨ ਦੋਰਾਹਾ ਦੀ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਟੈਕਨੀਕਲ ਸਰਵਿਸਜ਼ ਯੂਨੀਅਨ ਡਵੀਜ਼ਨ ਦੋਰਾਹਾ ਦੀ ਵਧਵੀਂ ਮੀਟਿੰਗ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਅਨੁਸਾਰ ਮੀਟਿੰਗ ਡਵੀਜ਼ਨ ਮੀਤ ਪ੍ਰਧਾਨ ਜਸਵਿੰਦਰ ਸਿੰਘ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦਿਆਂ ਡਵੀਜ਼ਨ ਸਕੱਤਰ ਬਲਵੀਰ ਸਿੰਘ ਨੇ ਕਿਹਾ ਕਿ ਵੱਖ ਵੱਖ ਆਗੂਆਂ ਨੇ ਉਚੇਚੇ ਤੌਰ 'ਤੇ ਹਾਜ਼ਰੀ ਲਗਾਉਂਦੇ ਹੋਏ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਕਮੇਟੀ ਵੱਲੋਂ ਤਿਆਰ ਕੀਤੇ 36 ਮੰਗਾਂ ਦੇ ਪੱਤਰ ਨੂੰ ਮੀਟਿੰਗ ਵਿੱਚ ਹਾਜ਼ਰ ਬਿਜਲੀ ਮੁਲਾਜ਼ਮਾਂ ਨੂੰ ਪੜ੍ਹ ਕੇ ਸੁਣਾਇਆ, ਜਿਸ 'ਤੇ ਬਿਜਲੀ ਕਾਮਿਆਂ ਨੇ ਵਿਚਾਰਾਂ ਕਰਦੇ ਹੋਏ ਆਪਣੇ ਸੁਝਾਅ ਪੇਸ਼ ਕੀਤੇ ਅਤੇ ਕੁਝ ਨਵੀਆਂ ਮੰਗਾਂ ਵੀ ਨੋਟ ਕਰਵਾਈਆਂ। ਮੀਟਿੰਗ ਵਿੱਚ ਆਗੂਆਂ ਨੇ ਕਿਹਾ ਕਿ ਚੰਡੀਗੜ੍ਹ ਬਿਜਲੀ ਖੇਤਰ ਦੇ ਕੰਮ ਨੂੰ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਚੰਡੀਗੜ੍ਹ ਦੇ ਮੁਲਾਜ਼ਮਾਂ ਵੱਲੋਂ ਅਪਣੇ ਰੋਜ਼ਗਾਰ ਦੀ ਰਾਖੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਲਈ ਪਾਵਰਕਾਮ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਚੰਡੀਗੜ੍ਹ ਲਗਾਈਆਂ ਜਾ ਰਹੀਆਂ ਹਨ।ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਸਰਕਾਰ ਦੇ ਇਸ ਕਦਮ ਦੀ ਨਿਖੇਧੀ ਕਰਦੀ ਹੈ, ਜੇਕਰ ਪਾਵਰਕਾਮ ਦੀ ਮੈਨੇਜਮੈਂਟ ਨੇ ਚੰਡੀਗੜ੍ਹ ਡਿਊਟੀਆਂ ਲਗਾਉਣ ਦਾ ਫੈਸਲਾ ਰੱਦ ਨਾ ਕੀਤਾ ਤਾਂ ਸੂਬਾ ਕਮੇਟੀ ਵੱਲੋਂ ਦਿੱਤੇ ਸੰਘਰਸ਼ ਸੱਦੇ ਨੂੰ ਡਵੀਜ਼ਨ ਦੋਰਾਹਾ ਵਿੱਚ ਲਾਗੂ ਕੀਤਾ ਜਾਵੇਗਾ।ਮੀਟਿੰਗ ਵਿੱਚ ਪ੍ਰੇਮ ਸਿੰਘ, ਬਲਜੀਤ ਸਿੰਘ, ਜਗਦੀਸ਼ ਸਿੰਘ, ਬੁੱਧ ਸਿੰਘ, ਜ਼ੋਰਾ ਸਿੰਘ, ਪਵਨ ਕੁਮਾਰ ਆਦਿ ਨੇ ਹਾਜ਼ਰੀ ਲਗਾਉਂਦੇ ਹੋਏ ਫੈਸਲਾ ਕੀਤਾ ਕਿ ਇਸ ਮੰਗ ਪੱਤਰ ਉੱਪਰ ਸਬ ਡਵੀਜ਼ਨਾਂ ਵਿੱਚ ਵੀ ਮੀਟਿੰਗਾਂ ਕਰਕੇ ਕਾਮਿਆਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ ਸੂਬਾ ਕਮੇਟੀ ਵੱਲੋਂ ਅਗਲੇ ਸਮੇਂ ਵਿੱਚ ਇਨ੍ਹਾਂ ਮੰਗਾਂ ਉੱਪਰ ਸੰਘਰਸ਼ ਨੂੰ ਮਜ਼ਬੂਤੀ ਨਾਲ ਲਾਗੂ ਕੀਤਾ ਜਾਵੇਗਾ।

## ਸਾਬਕਾ ਮੰਤਰੀ ਵੱਲੋਂ ਨਗਰ ਕੌਂਸਲ ਚੋਣਾਂ ਸੰਬੰਧੀ ਭਾਜਪਾ ਆਗੂਆਂ ਨਾਲ ਮੀਟਿੰਗ

### ਪਾਰਟੀ 15 ਵਾਰਡਾਂ 'ਚ ਉਮੀਦਵਾਰ ਉਤਾਰੇਗੀ : ਹਰਬੰਸ ਲਾਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਥੇ ਸਾਬਕਾ ਮੰਤਰੀ ਡਾ. ਹਰਬੰਸ ਲਾਲ ਵੱਲੋਂ ਭਾਜਪਾ ਆਗੂਆਂ ਨਾਲ ਨਗਰ ਕੌਂਸਲ ਚੋਣਾਂ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਾਰਟੀ ਉਮੀਦਵਾਰਾਂ ਤੇ ਚੋਣਾਂ ਦੀ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੰਤਰੀ ਹਰਬੰਸ ਲਾਲ ਨੇ ਕਿਹਾ ਕਿ ਮਾਛੀਵਾੜਾ ਸ਼ਹਿਰ ਦੇ 15 ਵਾਰਡਾਂ ਵਿੱਚ ਭਾਜਪਾ ਆਪਣੇ ਉਮੀਦਵਾਰ ਖੜੇ ਕਰੇਗੀ ਤੇ ਇਸ ਮੀਟਿੰਗ ਵਿੱਚ ਜੇਤੂ ਤੇ ਯੋਗ ਉਮੀਦਵਾਰਾਂ ਦੇ ਨਾਵਾਂ ਬਾਰੇ ਚਰਚਾ ਕੀਤੀ ਗਈ। ਉਨ੍ਹਾ ਕਿਹਾ ਕਿ ਭਾਜਪਾ ਕੋਲ 20 ਤੋਂ ਵੱਧ ਉਮੀਦਵਾਰਾਂ ਦੇ ਨਾਮ ਸਾਹਮਣੇ ਆਏ ਹਨ, ਜੋ ਸ਼ਹਿਰ ਦੇ 15 ਵਾਰਡਾਂ 'ਚੋਂ ਚੋਣ ਲੜਨਗੇ, ਜਿਨ੍ਹਾਂ 'ਚੋਂ ਆਗੂਆਂ ਤੇ ਵਰਕਰਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਅੰਤਿਮ ਸੂਚੀ ਤਿਆਰ ਕੀਤੀ ਜਾਵੇਗੀ। ਸਾਬਕਾ ਮੰਤਰੀ ਹਰਬੰਸ ਲਾਲ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਹਿੱਤਾਂ ਵਾਲੀਆਂ ਯੋਜਨਾਵਾਂ ਤੋਂ ਅੱਜ ਹਰੇਕ ਵਰਗ ਖੁਸ਼ ਹੈ ਤੇ ਇਹ ਚੋਣ ਪਾਰਟੀ ਸ਼ਾਨ ਨਾਲ ਜਿੱਤੇਗੀ। ਇਸ ਮੌਕੇ ਜੈ ਸਿੰਘ, ਗੁਰਕੀਰਤ ਸਿੰਘ ਬੇਦੀ, ਪਵਿੱਤਰ ਸਿੰਘ, ਜ਼ਿਲ੍ਹਾ ਉਪ ਪ੍ਰਧਾਨ ਸੰਜੀਵ ਲੀਹਲ, ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ, ਮੰਡਲ ਜੋਧਵਾਲ ਪ੍ਰਧਾਨ ਸੁਖਵਿੰਦਰ ਲਾਲ ਸ਼ਰਮਾ, ਕਿਸਾਨ ਮੋਰਚਾ ਪ੍ਰਧਾਨ ਜਸਪਾਲ ਸਿੰਘ, ਰਵਿੰਦਰ ਕੁਮਾਰ ਉਪ ਪ੍ਰਧਾਨ, ਪਵਨ ਸਿੰਗਲਾ, ਅਮਿਤ ਕੁਮਾਰ, ਅਮਰੀਕ ਸਿੰਘ, ਹਰਜਿੰਦਰ ਸਿੰਘ, ਜਗਨ ਨਾਥ, ਕ੍ਰਿਪਾਲ ਸਿੰਘ, ਨੇਤਰ ਪਾਲ, ਕਪਿਲ ਤਾਰਾ, ਡਾ. ਪ੍ਰਵੀਨ ਕੁਮਾਰ, ਸਤੀਸ਼ ਸਿੰਗਲਾ, ਵਿਕਾਸ ਸਿੰਗਲਾ, ਨਿਰਮਲ ਸਿੰਘ, ਰਾਮਪਾਲ, ਹਰਮੇਸ਼ ਸਿੰਘ, ਸੰਜੇ ਰਾਣਾ, ਬਲਰਾਮ ਸ਼ਰਮਾ, ਰਵਿੰਦਰ ਕੁਮਾਰ, ਰਜਿੰਦਰ ਵਰਮਾ, ਹਰੀਸ਼ ਕੁਮਾਰ ਮੌਜੂਦ ਸਨ।

## ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਦੀ ਕਮੇਟੀ ਦੀ ਮੀਟਿੰਗ



**ਲੁਧਿਆਣਾ (ਰਾਜ ਸਿੰਗਲਾ)**-ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਨੇ ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਦੇ ਮਾਣਭੱਤੇ ਵਿੱਚ ਵਾਧਾ ਕਰਨ ਸਬੰਧੀ ਸਰਕਾਰ ਵੱਲੋਂ ਗਠਿਤ ਕਮੇਟੀ ਦੀ ਅਹਿਮ ਮੀਟਿੰਗ ਵਿੱਚ ਹਿੱਸਾ ਲਿਆ, ਜੋ ਸੈਕਟਰ 35-ਏ, ਚੰਡੀਗੜ੍ਹ ਵਿਖੇ ਮੁੱਖ ਦਫ਼ਤਰ 'ਚ ਹੋਈ।ਇਸ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਭਿੰਡਰ ਨੇ ਦੱਸਿਆ ਕਿ ਮੀਟਿੰਗ ਵਿੱਚ ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਦੇ ਮਾਣਭੱਤੇ ਵਿੱਚ ਵਾਧਾ ਕਰਨ ਸਬੰਧੀ ਵਿਚਾਰ ਵਟਾਂਦਰੇ ਦੇ ਨਾਲ-ਨਾਲ ਪੰਜਾਬ ਰਾਜ ਦੇ ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਦੇ ਨਾਲ ਹੀ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਕੁਝ ਅਹਿਮ ਮੁੱਦਿਆਂ ਨੂੰ ਵੀ ਵਿਚਾਰਿਆ ਗਿਆ।ਇਸ ਮੀਟਿੰਗ ਵਿੱਚ ਕਮੇਟੀ ਦੇ ਦੂਜੇ ਮੈਂਬਰਾਂ ਗੁਰਪ੍ਰੀਤ ਸਿੰਘ ਖ਼ਹਿਰਾ ਆਈ ਏ ਐੱਸ, ਉੱਪ-ਸਕੱਤਰ, ਸਥਾਨਕ ਸਰਕਾਰ, ਉੱਪ-ਕੰਟਰੋਲਰ ਵਿੱਤ ਤੇ ਲੇਖ਼ਾ ਅਤੇ ਜਤਿੰਦਰ ਸਿੰਘ ਭੱਲਾ, ਚੇਅਰਮੈਨ ਨਗਰ ਸੁਧਾਰ ਟਰੱਸਟ, ਬਠਿੰਡਾ ਨੇ ਸ਼ਮੂਲੀਅਤ ਕੀਤੀ।


ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਟੈਂਡਰ ਸੂਚਨਾ ਨੰ: 43-ਸਿਗ-ਟੀ-35-24-25 | ਬੰਦ ਹੋਣ ਦੀ ਮਿਤੀ/ਸਮਾਂ:
ਮਿਤੀ : 06.12.2024 | 30.12.2024 ਨੂੰ 15:00 ਵਜੇ

ਸੀਨੀਅਰ ਡਵੀਜ਼ਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿੰਗ-ਟੀ-35-24-25 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 30.12.2024 ਨੂੰ 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ। ਆਈ। ਟੀ

| ਕੰਮ ਦਾ ਨਾਮ | (i) ਡੀਐਸਟੀਈ/ਫ਼ਿਰੋਜ਼ਪੁਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀਯ ਸਿਗਨਲ ਰੱਖ-ਰੱਖਾਵ ਅਨੁਬੰਧ (ਐਸਐਸਐਮਸੀ)। (ii) ਫ਼ਿਰੋਜ਼ਪੁਰ ਡਵੀਜਨ ਵਿਚ ਪੁਰਾਣੇ ਲਾਇਟਨਿੰਗ ਅਤੇ ਸਰਜ ਪ੍ਰੋਟੇਕਸ਼ਨ ਡਿਵਾਇਸ ਨੂੰ ਬਦਲਣਾ ਅਤੇ ਮੌਜੂਦਾ ਸਰਜ ਪ੍ਰੋਟੇਕਸ਼ਨ ਡਿਵਾਇਸ ਅਤੇ ਅਰਥਿੰਗ ਵਿਵਸਥਾ ਨੂੰ ਮਜਬੂਤ ਕਰਨ ਦਾ ਕੰਮ। | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 30.12.2024, 15:00 ਵਜੇ | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 06.12.2024, 16:11 ਵਜੇ |
| ਅਨੁਮਾਨਿਤ ਕੀਮਤ (ਰੁ:) | (i) 1,49,84,554.68 (ii) 1,70,40,636.69 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 16.12.2024 |
| ਬਿਆਨਾ ਰਾਸ਼ੀ (ਰੁ:) | (i) 2,24,900.00 (ii) 2,35,200.00 | ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 6 ਮਹੀਨੇ |

3764 /2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ...ਸਫ਼ਾ 1 ਦੇ ਬਾਕੀ

### ਗਦਰੀ ਬਾਬਿਆਂ ਦੇ ਵਿਚਾਰਾਂ...

ਸਾਡੇ ਦੇਸ਼ ਵਿੱਚ ਭੁੱਖਮਰੀ, ਗਰੀਬੀ ਤੇ ਬੇਰੁਜ਼ਗਾਰੀ ਦੁਨੀਆ ਭਰ ਦੇ ਮੁਲਕਾਂ ਨਾਲੋਂ ਕਿਤੇ ਵਧੇਰੇ ਹੈ। ਕਿਸਾਨ, ਜਿਹੜਾ ਅਨਾਜ ਪੈਦਾ ਕਰ ਕੇ ਦਿੰਦਾ ਹੈ, ਉਹ ਸੜਕਾਂ 'ਤੇ ਬੈਠਾ ਫ਼ਸਲਾਂ ਦੇ ਵਾਜਬ ਰੇਟ ਅਤੇ ਸਰਕਾਰੀ ਖਰੀਦ ਦੀ ਮੰਗ ਕਰ ਰਿਹਾ ਹੈ। ਕਿਸਾਨਾਂ ਦੇ ਸੰਘਰਸ਼ ਵਿੱਚ ਅਨੇਕਾਂ ਕਿਸਾਨ ਸ਼ਹੀਦੀਆਂ ਪਾ ਚੁੱਕੇ ਹਨ, ਪਰ ਕੇਂਦਰ ਤੇ ਸੂਬਾਈ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਅੱਜ ਦੇ ਇਕੱਠ ਦੀ ਪੁਰਜ਼ੋਰ ਮੰਗ ਹੈ ਕਿ ਹਰੇਕ ਫਸਲ ਦੀ ਸਰਕਾਰੀ ਖਰੀਦ ਤੇ ਵਾਜਬ ਰੇਟ ਹੋਵੇ। ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ, ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮੌਜੂਦਾ ਹਕੂਮਤ ਅਧੀਨ ਇਕੱਲਾ ਕਿਸਾਨ ਹੀ ਦੁਖੀ ਨਹੀਂ, ਕਿਸਾਨਾਂ ਤੋਂ ਕਿਤੇ ਵਧੇਰੇ ਖੇਤ ਮਜ਼ਦੂਰ ਦੁਖੀ ਹਨ, ਜਿਨ੍ਹਾਂ ਦੇ ਘਰਾਂ ਵਿੱਚ ਤਿੰਨ ਵਕਤ ਰੋਟੀ ਨਹੀਂ ਪੱਕਦੀ। ਨਵੀਂ ਮਸ਼ੀਨ ਦਾ ਵਿਰੋਧ ਤਾਂ ਨਹੀਂ ਕੀਤਾ ਜਾ ਸਕਦਾ, ਪਰ ਮਸ਼ੀਨ ਆਉਣ ਤੋਂ ਪਹਿਲਾਂ ਜਿਹੜੇ ਮਜ਼ਦੂਰ ਕਿਸਾਨੀ ਕਾਰਜ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰਾਂ ਰੁਜ਼ਗਾਰ ਦੇ ਪ੍ਰਬੰਧ ਕਰਨ ਵਿੱਚ ਨਾਕਾਮ ਹਨ। ਕਮਿਊਨਿਸਟਾਂ ਨੇ ਕੇਂਦਰ ਸਰਕਾਰ 'ਤੇ ਜ਼ੋਰ ਪਾ ਕੇ ਨਰੇਗਾ ਕਾਨੂੰਨ ਬਨਵਾਇਆ ਸੀ, ਇਸ ਕਾਨੂੰਨ ਅਧੀਨ ਕੰਮ ਮੰਗਣ ਵਾਲੇ ਕਿਰਤੀ ਨੂੰ ਸਾਲ ਵਿੱਚ 100 ਦਿਨ ਕੰਮ ਅਤੇ 300 ਰੁਪਏ ਦਿਹਾੜੀ ਮਿਲਦੀ ਹੈ, ਪਰ ਇਸ ਵਾਰ ਕੇਂਦਰ ਦੀ ਹਕੂਮਤ ਨੇ ਨਰੇਗਾ ਦਾ ਬਜਟ ਬਹੁਤ ਘਟਾ ਦਿੱਤਾ ਹੈ। ਨਰੇਗਾ ਕੰਮ ਜਿਹੜਾ ਚਲਦਾ ਹੈ, ਉਹ ਵੀ ਪਾਰਦਰਸ਼ੀ ਢੰਗ ਨਾਲ ਨਹੀਂ ਚੱਲ ਰਿਹਾ। ਉਸ ਵਿੱਚ ਵੱਡੇ ਪੱਧਰ 'ਤੇ ਘਪਲੇਬਾਜ਼ੀ ਹੋ ਰਹੀ ਹੈ। ਕਾਨੂੰਨ ਇਹ ਕਹਿੰਦਾ ਹੈ ਕਿ ਕੰਮ ਮੰਗਣ ਵਾਲਾ ਕਿਰਤੀ ਬਲਾਕ ਅਫਸਰ ਤੋਂ ਸਿੱਧਾ ਕੰਮ ਵੀ ਮੰਗ ਸਕਦਾ ਹੈ, ਪਰ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਏ ਡੀ ਸੀ ਵਿਕਾਸ ਦੇ ਨਾਵਾਂ ਹੇਠ ਸਾਰੇ ਪੰਜਾਬ ਵਿੱਚ ਸਰਕਾਰੀ ਹੁਕਮ ਭੇਜ ਦਿੱਤੇ ਗਏ ਹਨ ਕਿ ਸਰਪੰਚਾਂ ਦੀ ਮਨਜ਼ੂਰੀ ਤੋਂ ਬਗੈਰ ਕੰਮ ਨਾ ਦਿੱਤਾ ਜਾਵੇ। ਸਰਪੰਚ ਤਾਂ ਪੱਖਪਾਤ ਕਰਦੇ ਹਨ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਫੌਰੀ ਤੌਰ 'ਤੇ ਇਹ ਹੁਕਮ ਵਾਪਸ ਲਵੇ, ਨਹੀਂ ਤਾਂ ਸੀ ਪੀ ਆਈ ਸੰਘਰਸ਼ ਕਰਨ ਵਾਸਤੇ ਮਜਬੂਰ ਹੋਵੇਗੀ। ਆਗੂਆਂ ਨਰੇਗਾ ਕੰਮ ਸਾਲ ਵਿੱਚ ਘੱਟ ਤੋਂ ਘੱਟ 200 ਦਿਨ ਅਤੇ ਦਿਹਾੜੀ 1000 ਰੁਪਏ ਦਿੱਤੇ ਜਾਣ ਦੀ ਮੰਗ ਕੀਤੀ। ਸੱਭਿਆਚਾਰਕ ਸਮਾਗਮ ਰੁਜ਼ਗਾਰ ਪ੍ਰਾਪਤੀ ਮੁਹਿੰਮ ਤੇ ਇਪਟਾ ਦੀ ਮੋਗਾ ਟੀਮ ਵੱਲੋਂ ਪੇਸ਼ ਕੀਤਾ ਗਿਆ। ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਦਦੇਹਰ ਸਾਹਿਬ ਪਿੰਡ ਦੇ ਪੰਚਾਇਤ ਮੈਂਬਰ ਸੇਵਾ ਸਿੰਘ, ਕੁਲਦੀਪ ਸਿੰਘ ਸੈਕਟਰੀ, ਰਵਿੰਦਰ ਕੌਰ ਖਡੂਰ ਸਾਹਿਬ, ਰਛਪਾਲ ਸਿੰਘ, ਜੈਮਲ ਸਿੰਘ ਬਾਠ, ਪਿਸ਼ੌਰਾ ਸਿੰਘ ਸਾਬਕਾ ਸਰਪੰਚ, ਚੇਅਰਮੈਨ ਸਵਰਨ ਸਿੰਘ, ਸੁਰਿੰਦਰ ਸਿੰਘ ਸਰਪੰਚ, ਗਿਆਨ ਸਿੰਘ ਸ਼ਾਹਬਾਜ਼ਪੁਰ, ਲੇਖ ਸਿੰਘ ਤੇ ਵਰਿਆਮ ਸਿੰਘ ਆਦਿ ਸ਼ਾਮਲ ਸਨ।

### ਨਿੱਕੇ ਭਰਾ ਨੇ ਸ਼ੰਭੂ...

ਹਸਪਤਾਲ ਲਿਜਾਇਆ ਗਿਆ ਹੈ। 14 ਕਿਸਾਨ ਜ਼ਖਮੀ ਹੋਏ ਹਨ, ਜਿਨ੍ਹਾਂ ਵਿਚ ਸੁਰਜੀਤ ਸਿੰਘ ਫੂਲ, ਜਗਦੀਸ਼ ਸਿੰਘ, ਬੁੱਧ ਸਿੰਘ, ਸੁਖਜਿੰਦਰ ਸਿੰਘ, ਸੁਰਿੰਦਰ ਸਿੰਘ, ਜਗਤਾਰ ਸਿੰਘ, ਹਰਪ੍ਰੀਤ ਸਿੰਘ, ਗੁਬਿੰਦਰ ਸਿੰਘ, ਅਜਮੇਰ ਸਿੰਘ, ਜਸਵੰਤ ਸਿੰਘ, ਜਤਿੰਦਰ ਸਿੰਘ, ਬਲਬੀਰ ਸਿੰਘ, ਸਵਰਨ ਸਿੰਘ ਤੇ ਅਵਤਾਰ ਸਿੰਘ ਸ਼ਾਮਲ ਹਨ। ਅੰਬਾਲਾ ਜ਼ਿਲ੍ਹੇ ਵਿਚ ਧਾਰਾ 163 (ਪੁਰਾਣੀ 144) ਲਾਗੂ ਹੈ। ਪੁਲਸ ਨੇ ਵੱਡੀ ਗਿਣਤੀ ਵਿੱਚ ਪੁਲਸ ਵਾਹਨ ਅਤੇ ਰੋਡਵੇਜ਼ ਦੀਆਂ ਬੱਸਾਂ ਬਾਰਡਰ 'ਤੇ ਖੜ੍ਹੀਆਂ ਕੀਤੀਆਂ ਹੋਈਆਂ ਹਨ। ਹਰਿਆਣਾ ਸਰਕਾਰ ਨੇ ਅੰਬਾਲਾ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਮੋਬਾਇਲ ਇੰਟਰਨੈਟ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਛੇ ਤੋਂ ਨੌਂ ਦਸੰਬਰ ਤੱਕ ਜਾਰੀ ਰਹੇਗੀ ਤੇ ਇਸ ਦੌਰਾਨ ਇਕੱਠੇ ਮੈਸੇਜ ਵੀ ਨਹੀਂ ਭੇਜੇ ਜਾ ਸਕਣਗੇ। ਕਿਸਾਨਾਂ ਵੱਲੋਂ 10 ਮਹੀਨਿਆਂ ਦੇ ਬਾਅਦ ਹਰਿਆਣਾ ਵਾਲੇ ਪਾਸੇ ਦਾਖਲ ਹੋਣ ਦੀ ਇਹ ਤੀਜੀ ਕੋਸ਼ਿਸ਼ ਕੀਤੀ ਗਈ। ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ ਧਰਨਾ 13 ਫਰਵਰੀ ਨੂੰ ਸ਼ੁਰੂ ਹੋਇਆ ਸੀ।

### ਪੰਜਾਬ ਨੂੰ ਗੁੰਡਾਗਰਦੀ...

ਕਾਰਪੋਰੇਟ ਘਰਾਣਿਆਂ ਦੇ ਜਾਲ਼ ਵਿੱਚ ਮਜ਼ਦੂਰਾਂ, ਕਿਸਾਨਾਂ ਨੂੰ ਫਸਾਇਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਫਿਰਕਾਪ੍ਰਸਤੀ ਨੂੰ ਵਰਤ ਕੇ ਬਿਨਾਂ ਵਜ੍ਹਾ ਹਿੰਦੂ, ਮੁਸਲਮਾਨ, ਸਿੱਖ ਮਸਲੇ ਉਭਾਰ ਕੇ ਰਾਜ ਕਰ ਰਹੀ ਹੈ। ਹਕੀਕਤ ਵਿੱਚ ਇਹ ਅਡਾਨੀ-ਅੰਬਾਨੀ ਦੀ ਸੇਵਾ ਕਰ ਰਹੀ ਹੈ।ਇਸ ਮੌਕੇ ਫੈਸਲਾ ਕੀਤਾ ਗਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਮਿਹਨਤਕਸ਼ ਲੋਕਾਂ ਦੇ ਮਸਲਿਆਂ ਲਈ ਸੰਘਰਸ਼ ਜਾਰੀ ਰੱਖੇਗੀ।ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਨ ਮੌਕੇ ਮਜ਼ਦੂਰਾਂ, ਕਿਸਾਨਾਂ ਦੇ ਸੂਬਾਈ ਆਗੂ ਭਕਨਾ ਵਿਖੇ ਪਹੁੰਚਣਗੇ।

### ਕਿਸਾਨ ਮਾਰਚ ...

ਦੀਆਂ ਮੰਗਾਂ ਵੱਲ ਧਿਆਨ ਦੇਣਾ ਨਹੀਂ ਚਾਹੁੰਦੀ।ਉਨ੍ਹਾ ਚੇਤਾਵਨੀ ਦਿੱਤੀ ਕਿ ਸ਼ਾਂਤਮਈ ਰੋਸ਼ ਮਾਰਚ ਵਿੱਚ ਵਿਘਨ ਪਾਉਣ ਨਾਲ ਟਕਰਾਅ ਪੈਦਾ ਹੋ ਸਕਦਾ ਹੈ ਅਤੇ ਸਥਿਤੀ ਵਿਗੜ ਸਕਦੀ ਹੈ। ਕਿਸਾਨਾਂ ਨੂੰ ਬੈਰੀਕੇਡ ਲਗਾ ਕੇ ਆਪਣੀ ਹੀ ਰਾਜਧਾਨੀ ਦਿੱਲੀ ਵਿੱਚ ਦਾਖਲ ਹੋਣ ਤੋਂ ਰੋਕਣਾ ਅਤੇ ਅੱਥਰੂ ਗੈਸ ਦੇ ਗੋਲੇ ਛੱਡਣਾ ਸੱਤਾ ਦੀ ਸਰੇਆਮ ਦੁਰਵਰਤੋਂ ਅਤੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਅਜਿਹੇ ਦਮਨਕਾਰੀ ਕਦਮਾਂ ਦੀ ਨਿੰਦਾ ਕਰਦੀ ਹੈ ਅਤੇ ਉਨ੍ਹਾਂ ਦੇ ਸੰਘਰਸ਼ ਵਿੱਚ ਕਿਸਾਨਾਂ ਦੇ ਨਾਲ ਡਟ ਕੇ ਖੜ੍ਹੀ ਹੈ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਕਿਸਾਨਾਂ ਪ੍ਰਤੀ ਲਗਾਤਾਰ ਅਣਗਹਿਲੀ ਅਤੇ ਦੁਸ਼ਮਣੀ ਭਰੇ ਵਤੀਰੇ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਭਾਜਪਾ ਨੇ ਇਤਿਹਾਸਕ ਤੌਰ 'ਤੇ ਦੇਸ਼ ਦੇ ਕਿਸਾਨਾਂ ਪ੍ਰਤੀ ਬੇਰੁਖੀ ਦਿਖਾਈ ਹੈ। ਉਸ ਦੀਆਂ ਕਾਰਵਾਈਆਂ ਦੇਸ਼ ਨੂੰ ਭੋਜਨ ਦੇਣ ਵਾਲੇ ਭੋਜਨ ਪ੍ਰਦਾਤਾਵਾਂ ਵਿਰੁੱਧ ਡੂੰਘੇ ਪੱਖਪਾਤ ਨੂੰ ਦਰਸਾਉਂਦੀਆਂ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ :** 0181-5097300, **ਸਮਾਚਾਰ ਵਿਭਾਗ :** 0181-5097310, **ਈ-ਮੇਲ :** nawanzamana@gmail.com * **Web :** www.nawanzamana.in

# ਸਹਿਕਾਰੀ ਸ਼ੂਗਰ ਮਿੱਲਜ਼ ਪਨਿਆੜ ਦੇ ਸੇਵਾਮੁਕਤ ਕਰਮਚਾਰੀਆਂ ਦੀ ਮੀਟਿੰਗ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਹਿਕਾਰੀ ਸ਼ੂਗਰ ਮਿਲਜ ਦੇ ਪਨਿਆੜ (ਗੁਰਦਾਸਪੁਰ) ਦੇ ਰਿਟਾਇਰਡ ਕਰਮਚਾਰੀ ਯੂਨੀਅਨ ਦੀ ਮੀਟਿੰਗ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਚੇਅਰਮੈਨ ਮਨਜਿੰਦਰ ਸਿੰਘ ਪਾਹੜਾ ਅਤੇ ਪ੍ਰਧਾਨ ਅਸ਼ਵਨੀ ਕੁਮਾਰ ਲੱਖਣ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਾਈ ਕਿੱਲੋ ਕਾਰਵਾਈ ਪ੍ਰੈੱਸ਼ ਨੂੰ ਜਾਰੀ ਕਰਦਿਆਂ ਪ੍ਰਧਾਨ ਅਸ਼ਵਨੀ ਕੁਮਾਰ ਲਖਣ ਕਲਾਂ ਇਹ ਦੱਸਿਆ ਕਿ ਕਿ ਮਾਨਯੋਗ ਸੁਪਰੀਮ ਕੋਰਟ ਦੇ ਮਿਤੀ 4/11/2022 ਦੇ ਫੈਸਲੇ ਮੁਤਾਬਿਕ ਪੂਰੀ ਤਨਖਾਹ ਤੇ ਪੈਨਸ਼ਨ ਲਗਾਉਣ ਸਬੰਧੀ ਫੈਸਲਾ ਦਿੱਤਾ ਗਿਆ ਸੀ। ਸ਼ੂਗਰ ਮਿੱਲ ਪਨਿਆੜ ਦੇ ਰਿਟਾਇਰ ਕਰਮਚਾਰੀਆਂ ਵੱਲੋਂ ਆਪਣਾ ਪੂਰਾ ਰਿਕਾਰਡ ਮਿੱਲ ਪ੍ਰਬੰਧਕਾਂ ਰਾਹੀਂ ਪੂਰੀ ਕਾਗਜ਼ੀ ਕਾਰਵਾਈ ਕਰਕੇ ਰੀਜਨਲ ਪਰਾਵੀਡੈਂਟ ਫੰਡ ਕਮਿਸ਼ਨਰ ਦਫਤਰ ਅੰਮ੍ਰਿਤਸਰ ਨੂੰ ਆਨ ਲਾਈਨ ਅਤੇ ਰਜਿਸਟਰੀਆਂ ਰਾਹੀਂ ਭੇਜਿਆ ਗਿਆ। ਜਿਸ ਸਬੰਧੀ ਅੰਮ੍ਰਿਤਸਰ ਦੇ ਦਫਤਰ ਵੱਲੋਂ ਮਿਲ ਪ੍ਰਬੰਧਕਾਂ ਨੂੰ ਕਰਮਚਾਰੀਆਂ ਦੇ ਰਿਕਾਰਡ ਦੀਆਂ ਤਰੁੱਟੀਆਂ ਦੂਰ ਕਰਨ ਲਈ ਹਦਾਇਤ ਕੀਤੀ ਗਈ ਅਤੇ ਮਿੱਲ ਪ੍ਰਬੰਧਕਾਂ ਨੇ ਸਾਰੇ ਰਿਟਾਇਰਡ ਕਰਮਚਾਰੀਆਂ ਦਾ ਰਿਕਾਰਡ ਪੂਰਾ ਨਹੀਂ ਕੀਤਾ ਜਿਹੜਾ ਰਿਜਨਲ ਪਰਾਵੀਡੈਂਟ ਫੰਡ ਦੇ ਦਫਤਰ ਵੱਲੋਂ ਚੈੱਕ ਕੀਤਾ ਜਾਣਾ ਸੀ ਪਰ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ। ਪੈਨਸ਼ਨਰ ਆਗੂਆਂ ਨੇ ਦੱਸਿਆ ਸਬੰਧਿਤ ਜ਼ਿੰਮੇਵਾਰ ਅਧਿਕਾਰੀ ਨਾਲ ਫੋਨ ਤੇ ਗੱਲਬਾਤ ਹੋਣ 'ਤੇ ਉਹਨਾਂ ਵਿਸ਼ਵਾਸ ਦਿਵਾਇਆ ਕਿ ਉਹ ਇਸ ਸਬੰਧੀ ਜਲਦੀ ਹੀ ਕਾਰਵਾਈ ਕਰਨਗੇ। ਪੈਨਸ਼ਨਰ ਕਰਮਚਾਰੀਆਂ ਨੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਕੇ ਫੈਸਲਾ ਕੀਤਾ ਕਿ ਜੇਕਰ ਇਸ ਸਬੰਧੀ ਜਲਦੀ ਕਾਰਵਾਈ ਨਾ ਹੋਈ ਤਾਂ ਅਗਲੀ ਮੀਟਿੰਗ ਵਿੱਚ ਸਖਤ ਫੈਸਲਾ ਲਿਆ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਬੰਧਿਤ ਅਧਿਕਾਰੀਆਂ ਦੀ ਹੋਵੇਗੀ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਕੱਤਰ ਸੁਖਜਿੰਦਰ ਸਿੰਘ ਬਾਠਾਂ ਵਾਲਾ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਕਲਾਨੌਰ , ਖਜਾਨਚੀ ਸੁਖਦੇਵ ਸਿੰਘ, ਪਰਸ ਰਾਮ , ਜਰਨੈਲ ਸਿੰਘ ਹਰਬੰਸ ਸਿੰਘ, ਰਾਜਿੰਦਰ ਸਿੰਘ, ਬੋਧ ਸਿੰਘ, ਦੀਵਾਨ ਸਿੰਘ, ਲਖਵਿੰਦਰ ਸਿੰਘ, ਦਵਿੰਦਰ ਸਿੰਘ ਅਤੇ ਬਲਕਾਰ ਸਿੰਘ ਆਦਿ ਹਾਜ਼ਰ ਸਨ।

# 20,000 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਕਾਬੂ

**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਵੀਰਵਾਰ ਨੂੰ ਕਮਿਸ਼ਨਰੇਟ ਅੰਮ੍ਰਿਤਸਰ ਦੇ ਮਨੁੱਖੀ ਤਸਕਰੀ ਰੋਕੂ ਵਿੰਗ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਅਰਜਨ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਅੰਮ੍ਰਿਤਸਰ ਸ਼ਹਿਰ ਦੇ ਮੁਹੱਲਾ ਇਸਲਾਮਾਬਾਦ ਦੇ ਵਸਨੀਕ ਰੋਹਿਤ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਪੁਲਸ ਮੁਲਾਜ਼ਮ ਨੇ ਵਿਦੇਸ਼ ਭੇਜਣ ਸਬੰਧੀ ਮਾਮਲੇ ਵਿੱਚ ਸ਼ਿਕਾਇਤਕਰਤਾ ਦੇ ਪੱਖ ਵਿੱਚ ਰਿਪੋਰਟ ਦੇਣ ਅਤੇ ਇਮੀਗ੍ਰੇਸ਼ਨ ਏਜੰਟ 'ਤੇ ਐਫ ਆਈ ਆਰ ਦਰਜ ਕਰਵਾਉਣ ਬਦਲੇ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# 17 ਨੂੰ ਪੈਨਸ਼ਨਰਜ਼ ਦਿਵਸ ਮਨਾਇਆ ਜਾਵੇਗਾ: ਫਤਹਿਚੱਕ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਜ਼ਿਲਾ ਤਰਨ ਤਾਰਨ ਦੀ ਮਹੀਨਾਵਾਰ ਮੀਟਿੰਗ ਗਾਂਧੀ ਪਾਰਕ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਅਜੀਤ ਸਿੰਘ ਫਤਹਿ ਚੱਕ ਨੇ ਕੀਤੀ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਮਨਜੀਤ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਹਰ ਸਾਲ ਦੀ ਤਰ ਾਂ ਪੈਨਸ਼ਨਰ ਦਿਵਸ ਪੰਨੂ ਪੈਲੇਸ ਗੋਇੰਦਵਾਲ ਬਾਈਪਾਸ ਤਰਨ ਤਾਰਨ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਸੀਨੀਆਰ ਮੀਤ ਪ੍ਰਧਾਨ ਸਤਪਾਲ ਸ਼ਰਮਾ ਪੱਟੀ ਨੇ ਕਿਹਾ ਕਿ 75 ਸਾਲ ਪੂਰੇ ਕਰ ਚੁੱਕੇ ਪੈਨਸ਼ਨਰਜ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਏਗਾ। ਜ਼ਿਲਾ ਤਰਨ ਤਾਰਨ ਦੇ ਸਾਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ 17 ਦਸੰਬਰ ਨੂੰ ਹੁੰਮ-ਹੁਮਾ ਕੇ ਪਹੁੰਚੋ ਚਾਹ ਪਾਣੀ ਤੋਂ ਇਲਾਵਾ ਦੁਪਹਿਰ ਦਾ ਭੋਜਨ ਵੀ ਸਾਥੀਆਂ ਨੂੰ ਦਿੱਤਾ ਜਾਵੇਗਾ। ਵੱਖ-ਵੱਖ ਬੈਂਕਾਂ ਦੇ ਮੈਨੇਜਰ ਸਾਹਿਬ ਅਤੇ ਖਜ਼ਾਨਾ ਅਫਸਰ ਤਰਨ ਤਾਰਨ ਵੀ ਸਮਾਗਮ ਵਿੱਚ ਪਹੁੰਚ ਰਹੇ ਹਨ ਡੀਸੀ ਤਰਨ ਤਾਰਨ ਮੁੱਖ ਮਹਿਮਾਨ ਹੋਣਗੇ। ਜਗਤਾਰ ਸਿੰਘ ਆਸਲ ਸੂਬਾ ਕਮੇਟੀ ਮੈਂਬਰ ਅਤੇ ਬਾਬਾ ਅਰਜਨ ਸਿੰਘ ਪੱਟੀ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ। ਸੀਨੀਅਰ ਮੀਤ ਪ੍ਰਧਾਨ ਸਮੀਰ ਸਿੰਘ ਲਾਲਪੁਰਾ ਦੇ ਲੜਕੇ ਦੀ ਬੇਵਕਤ ਮੌਤ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਭਜਨ ਸਿੰਘ ਖਡੂਰ ਸਾਹਿਬ ਤੇ ਸਤਵੰਤ ਕੌਰ ਸੁਰਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਚਰਨਜੀਤ ਸਿੰਘ, ਕੁਲਵੰਤ ਸਿੰਘ ਗੁਰੂ ਕਾ ਖੂਹ ਤਰਨ ਤਾਰਨ, ਚੇਅਰਮੈਨ ਗੁਰਦੇਵ ਸਿੰਘ ਸੰਧੂ, ਬਲਰਾਮ ਕੁਮਾਰ ਅਤੇ ਚਾਨਣ ਨੇ ਮੀਟਿੰਗ ਵਿੱਚ ਹਿੱਸਾ ਲਿਆ।

# ਬਿਜਲੀ ਦੇ ਪੋਲਾਂ/ਖੰਭਿਆਂ 'ਤੇ ਟੈਲੀਫੋਨ, ਇੰਟਰਨੈੱਟ ਤੇ ਫਾਈਬਰ ਨੂੰ ਹਟਾਉਣ ਦੇ ਹੁਕਮ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਸਾਕਸ਼ੀ ਸਾਹਨੀ ਭਾਰਤੀ ਨਾਗਰਿਕ ਸੁਰਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੀ ਹੋਈ ਇਹ ਹੁਕਮ ਕਰਦੀ ਹਾਂ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸੜਕਾਂ ਅਤੇ ਆਵਾਜਾਈ ਦੇ ਰਸਤਿਆਂ ਤੇ ਲੱਗੇ ਬਿਜਲੀ ਦੇ ਪੋਲਾਂ/ਖੰਭਿਆਂ ਤੇ ਟੈਲੀਫੋਨ, ਇੰਟਰਨੈਟ, ਫਾਈਬਰ, ਆਦਿ ਜੋ ਬਿਨਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਦੇ ਲੱਗੀਆਂ ਹੋਈਆਂ ਹਨ, ਨੂੰ ਹਟਾਉਣ ਜਾਂ ਤਾਰਾਂ ਦੇ ਜੰਜਾਲ ਨੂੰ ਠੀਕ ਕਰਵਾਇਆ ਜਾਵੇ। ਮੁੱਖ ਇੰਜੀਨੀਅਰ, ਪੰਜਾਬ ਰਾਜ ਪਾਵਰ ਨਿਗਮ ਲਿਮਟਿਡ, ਅੰਮ੍ਰਿਤਸਰ ਇਹਨਾਂ ਹੁਕਮਾਂ ਦੀ ਪਾਲਣਾ ਸਬੰਧਤ ਏਜੰਸੀਆਂ ਪਾਸੋਂ ਯਕੀਨੀ ਬਣਾਉਣਗੇ ਅਤੇ ਜਿਸ ਫਰਮ/ਏਜੰਸੀ ਵੱਲੋਂ ਇਹਨਾਂ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਏਜੰਸੀ ਦੇ ਵਿਰੁੱਧ ਬਿਨਾ ਕਿਸੇ ਅਗਲੇ ਨੋਟਿਸ ਦੇ ਉਹਨਾਂ ਦੀ ਸਬੰਧਤ ਏਜੰਸੀ ਦੀਆਂ ਤਾਰਾਂ ਨੂੰ ਪੋਲਾਂ/ਖੰਭਿਆਂ ਤੋਂ ਹਟਾ ਦਿੱਤਾ ਜਾਵੇ। ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਵੀ ਪ੍ਰਾਈਵੇਟ ਲੱਗੇ ਖੰਭਿਆਂ ਸਬੰਧੀ ਇਹ ਹੁਕਮ ਲਾਗੂ ਕਰਨਗੇ।ਜ਼ਿਲ ਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲ ਾ ਅੰਮ੍ਰਿਤਸਰ ਸ਼ਹਿਰ ਇੱਕ ਪਵਿੱਤਰ ਸ਼ਹਿਰ ਅਤੇ ਗੁਰੂ ਨਗਰੀ ਵਜੋਂ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ ਅਤੇ ਇਹਨਾਂ ਬਿਜਲੀ ਦੇ ਪੋਲਾਂ/ਖੰਭਿਆਂ ਤੇ ਲਟਕਦੀਆਂ ਦੀਆਂ ਤਾਰਾਂ ਦੇ ਜੰਜਾਲ ਸ਼ਹਿਰ ਦੀ ਦਿੱਖ ਨੂੰ ਖਰਾਬ ਕਰਦੇ ਹਨ ਅਤੇ ਹਾਦਸਿਆਂ ਦਾ ਕਾਰਨ ਬਣਦੇ ਹਨ। ਅਜਿਹੀ ਸੂਰਤ ਵਿੱਚ ਜਨ-ਜੀਵਨ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਜ਼ਿਲ ਾ ਅੰਮ੍ਰਿਤਸਰ ਵਿੱਚ ਲੱਗੇ ਬਿਜਲੀ ਦੇ ਖੰਭਿਆਂ/ਪੋਲਾਂ ਦੇ ਨਾਲ ਲਟਕੀਆਂ ਟੈਲੀਫੋਨ, ਇੰਟਰਨੈਟ, ਫਾਈਬਰ, ਆਦਿ ਜੋ ਵੀ ਬਿਨਾਂ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਲੱਗੀਆਂ ਹੋਈਆਂ ਹਨ ਅਤੇ ਬਹੁਤ ਨੀਵੀਂਆਂ ਲਟਕ ਰਹੀਆਂ ਹਨ ਜਿਸ ਨਾਲ ਆਵਾਜਾਈ ਨੂੰ ਖਤਰਾ ਹੋਣ ਸਕਦਾ ਹੈ, ਅਜਿਹੀਆਂ ਤਾਰਾਂ ਨੂੰ ਹਟਾਉਣਾ ਜਾਂ ਤਾਰਾਂ ਦੇ ਜੰਜਾਲ ਨੂੰ ਤੁਰੰਤ ਠੀਕ ਕਰਵਾਇਆ ਜਾਵੇ।



# ਨਰੈਣ ਸਿੰਘ ਚੌੜਾ ਦਾ ਮਿਲਿਆ 3 ਦਿਨਾਂ ਦਾ ਪੁਲਸ ਰਿਮਾਂਡ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸੁਖਬੀਰ ਸਿੰਘ ਬਾਦਲ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਮੁਜਰਮ ਨਰਾਇਣ ਸਿੰਘ ਚੌੜਾ ਨੂੰ ਅਦਾਲਤ ਵਿਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਲੈ ਲਿਆ ਗਿਆ ਹੈ। ਉਸ ਨੂੰ ਦੁਬਾਰਾ 8 ਤਰੀਕ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।ਪੁਲੀਸ ਨੇ ਉਸ ਦਾ ਬਕਾਇਦਾ ਸੱਤ ਦਿਨ ਦਾ ਰਿਮਾਂਡ ਮੰਗਿਆ ਪਰ ਅਦਾਲਤ ਨੇ ਸਿਰਫ ਤਿੰਨ ਦਿਨ ਦਾ ਹੀ ਰਿਮਾਂਡ ਦਿੱਤਾ। ਨਰਾਇਣ ਸਿੰਘ ਚੌੜਾ ਦੀ ਕਾਰਗੁਜ਼ਾਰੀ ਨੂੰ ਲੈ ਕੇ ਸੰਤੁਸ਼ਟੀ ਪ੍ਰਗਟ ਕਰਦਿਆ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਾਬਕਾ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਚੱਠਾ ਅਦਾਲਤ ਵਿੱਚ ਚੌੜਾ ਨੂੰ ਮਠਿਆਈ ਦਾ ਡੱਬਾ ਦੇਣ ਵਾਸਤੇ ਆਈ ਸੀ ਪਰ ਉਸ ਨੂੰ ਪੁਲਸ ਨੇ ਲਾਗੇ ਨਹੀਂ ਜਾਣ ਦਿੱਤਾ।ਇਥੇ ਇਹ ਵੀ ਵਰਨਣਯੋਗ ਹੈ ਨਰਾਇਣ ਸਿੰਘ ਚੌੜਾ ਦੇ ਵਕੀਲ ਕੰਵਰ ਮੁਬਾਰਕ ਸਿੰਘ ਦੇ ਬਾਦਲ ਦਲ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਮੈਂਬਰ ਦੇ ਨਜ਼ਦੀਕੀ ਰਿਸ਼ਤੇਦਾਰ ਹਨ।ਇਸੇ ਤਰ ਾਂ ਅਕਾਲੀ ਦਲ ਬਾਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਦੇ ਪਿਤਾ ਤੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਐਡਵੋਕੇਟ ਸਤਨਾਮ ਸਿੰਘ ਕਲੇਰ ਵੀ ਸਿੱਖ ਵਿਰੋਧੀ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਤੇ ਸੌਦਾ ਸਾਧ ਦੇ ਵਕੀਲ ਵੀ ਰਹੇ।ਭਾਵੇਂ ਉਹਨਾਂ ਨੇ ਬਤੌਰ ਵਕੀਲ ਆਪਣੀਆਂ ਸੇਵਾਵਾਂ ਨਿਭਾ ਕੇ ਕੁਝ ਵੀ ਗਲਤ ਨਹੀਂ ਕੀਤਾ ਪਰ ਸਿੱਖ ਪੰਥ ਵਿੱਚ ਇਸ ਨੂੰ ਲੈ ਕੇ ਰੋਸ ਜ਼ਰੂਰ ਪਾਇਆ ਜਾ ਰਿਹਾ ਹੈ।

# ਸੜਕਾਂ 'ਤੇ ਆਵਾਰਾ ਫ਼ਿਰਦੇ ਪਸ਼ੂਆਂ ਕਾਰਨ ਹਾਦਸਿਆਂ 'ਚ ਹੋ ਰਿਹੈ ਵਾਧਾ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੜਕਾਂ 'ਤੇ ਫ਼ਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਨਸੀਬ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਸੜਕਾਂ 'ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿੱਥੇ ਫ਼ਸਲਾਂ ਨੂੰ ਖ਼ਰਾਬ ਕਰਦੇ ਹਨ ਉਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਗੁੱਜ਼ਰਾਂ ਵਲੋਂ ਆਪਣੇ ਪਸ਼ੂਆਂ ਨੂੰ ਖੁੱਲੇ ਆਮ ਸੜਕਾਂ ਦੇ ਕੰਢਿਆਂ 'ਤੇ ਚਾਰਾ ਚੁਗਣ ਲਈ ਲਿਜਾਇਆ ਜਾਂਦਾ ਹੈ। ਇਹ ਪਸ਼ੂਆਂ ਦੇ ਝੁੰਡੇ ਸੜਕ ਕੰਢੇ ਚੁੰਗਦੇ ਚੁੰਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ ਜਿਸ ਨਾਲ ਕਈ ਵਾਰ ਵਹੀਕਲ ਚਾਲਕ ਜ਼ਖਮੀ ਹੋ ਕੇ ਸੱਟਾਂ ਲਗਵਾ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ। ਉਨ ਾਂ ਕਿਹਾ ਪ੍ਰਸ਼ਾਸਨ ਵਲੋਂ ਸੜਕ 'ਤੇ ਘੁੰਮਦੇ ਪਸ਼ੂਆਂ ਦੇ ਝੁੰਡਾਂ 'ਤੇ ਪਾਬੰਦੀ ਲਗਾਈ ਗਈ ਹੈ ਪਰ ਫ਼ਿਰ ਵੀ ਇਨ ਾਂ ਪਸ਼ੂਆਂ ਦੇ ਝੁੰਡ ਆਮ ਹੀ ਸੜਕ 'ਤੇ ਫ਼ਿਰਦੇ ਦੇਖੇ ਜਾ ਸਕਦੇ ਹਨ। ਉਨ ਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਅਗਾਂਹ ਤੋਂ ਆਵਜਾਈ ਵਿਚ ਕੋਈ ਵਿਘਨ ਨਾ ਪੈ ਸਕੇ।



# ਸਿੱਖਿਆ ਮੰਤਰੀ ਦੇ ਪਿੰਡ 'ਚ ਰੈਲੀ ਕਰਨ ਲਈ ਅਧਿਆਪਕਾਂ ਦਾ ਜਥਾ ਰਵਾਨਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਾਂਝੇ ਅਧਿਆਪਕ ਮੋਰਚੇ ਦੇ ਸੱਦੇ ਤੇ ਸ਼੍ਰੀ ਅੰਨਦਪੁਰ ਸਾਹਿਬ ਹਲਕੇ ਅੰਦਰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿੱਚ ਰੈਲੀ ਕਰਨ ਲਈ ਜ਼ਿਲ ਾ ਗੁਰਦਾਸਪੁਰ/ਤਹਿਸੀਲ ਗੁਰਦਾਸਪੁਰ ਦੇ ਅਧਿਆਪਕਾਂ ਦਾ ਜਥਾ ਰਵਾਨਾ ਹੋਇਆ। ਇਸ ਸਮੇਂ ਅਧਿਆਪਕ ਆਗੂ ਕੁਲਦੀਪ ਪੂਰੋਵਾਲ, ਰਜਨੀ ਪ੍ਰਕਾਸ਼, ਰਸ਼ਪਾਲ ਸਿੰਘ ਭੁੰਬਲੀ, ਸਰਬਜੀਤ ਸਿੰਘ, ਅਨਿਲ ਕੁਮਾਰ, ਸੁਖਵਿੰਦਰ ਰੰਧਾਵਾ, ਬਲਵਿੰਦਰ ਰਾਜ, ਦਿਲਦਾਰ ਭੰਡਾਲ ਨੇ ਕਿਹਾ ਨਵੀਂ ਸਿੱਖਿਆ ਨੀਤੀ 2020 ਦੇ ਤਹਿਤ ਅਧਿਆਪਕਾਂ ਦੀਆਂ ਤਰੱਕੀਆਂ ਵਿੱਚ ਦੂਰ ਦੁਰਾਡੇ ਸਟੇਸ਼ਨ ਦੇਣ ਵਿਰੁੱਧ, ਮਿਡਲ ਸਕੂਲਾਂ ਨੂੰ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ, ਡੀਏ ਦੀਆਂ ਕਿਸ਼ਤਾਂ ਨਾ ਦੇਣ, ਪੇ ਕਮਿਸ਼ਨ ਨਾ ਦੇਣ ਅਤੇ ਬੰਦ ਕੀਤੇ ਭੱਤੇ ਬਹਾਲ ਨਾ ਕਰਨ, ਏਸੀਪੀ ਤਰੱਕੀ ਬੰਦ ਕਰਨ, ਸੀਈਪੀ ਅਤੇ ਹੋਰ ਗੈਰ-ਵਿੱਦਿਅਕ ਪ੍ਰੋਜੈਕਟ ਚਲਾਉਣ ਸਬੰਧੀ ਅਤੇ ਹੋਰ ਮੰਗਾਂ ਦੀ ਪੂਰਤੀ ਲਈ ਇਹ ਰੈਲੀ ਸਰਕਾਰ ਨੂੰ ਮੰਗਾਂ ਮੰਨਣ ਲਈ ਮਜ਼ਬੂਰ ਕਰੇਗੀ। ਜੇਕਰ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਅਧਿਆਪਕਾਂ ਦੇ ਜਥੇ ਵਿੱਚ ਆਗੂ ਕੁਲਦੀਪ ਪੂਰੋਵਾਲ,ਰਜਨੀ ਪ੍ਰਕਾਸ਼, ਰਸ਼ਪਾਲ ਸਿੰਘ ਭੁੰਬਲੀ, ਸਰਬਜੀਤ ਸਿੰਘ, ਅਨਿਲ ਕੁਮਾਰ, ਸੁਖਵਿੰਦਰ ਰੰਧਾਵਾ, ਬਲਵਿੰਦਰ ਰਾਜ, ਦਿਲਦਾਰ ਭੰਡਾਲ ਤੋਂ ਇਲਾਵਾ ਨਰਿੰਦਰ ਸ਼ਰਮਾ, ਲਵਪ੍ਰੀਤ ਰੋੜਾਂਵਾਲੀ, ਮੰਗਲਦੀਪ, ਜਗਦੀਸ਼ ਰਾਜ ਬੈਂਸ, ਬਲਦੇਵ ਰਾਜ, ਮਨਜੀਤ ਸਿੰਘ, ਬਲਕਾਰ ਸਿੰਘ, ਬੰਟੀ, ਰਮੇਸ਼ ਲਾਲ, ਮਦਨ ਮੋਹਨ, ਪ੍ਰੇਮ ਕੁਮਾਰ, ਗੁਰਮੀਤ ਮੰਝ, ਹਰਜੀਤ ਸਿੰਘ, ਅਮਨਦੀਪ ਧਾਰੀਵਾਲ ਸਮੇਤ ਹੋਰ ਵੀ ਅਧਿਆਪਕ ਸ਼ਾਮਲ ਸਨ।



# ਭਾਈ ਵੀਰ ਸਿੰਘ ਜੀ ਦਾ 152ਵਾਂ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਚੀਫ਼ ਖ਼ਾਲਸਾ ਦੀਵਾਨ ਦੇ ਮੋਢੀ ਸਿਰਜਕ, ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਅਤੇ ਗੁਰਮਤਿ ਸਾਹਿਤ ਦੇ ਵਿਦਵਾਨ ਭਾਈ ਵੀਰ ਸਿੰਘ ਜੀ ਦਾ 152ਵਾਂ ਜਨਮ ਦਿਵਸ ਚੀਫ਼ ਖ਼ਾਲਸਾ ਦੀਵਾਨ ਆਡੀਟੋਰੀਅ ਵਿਖੇ ਬਹੁਤ ਉਤਸ਼ਾਹ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਉਚਾਰਣ ਕੀਤੀਆਂ ਗਈਆਂ ਕਵਿਤਾਵਾਂ ਅਤੇ ਭਾਸ਼ਣਾਂ ਰਾਹੀਂ ਮਹਾਨ ਸ਼ਖ਼ਸ਼ੀਅਤ ਭਾਈ ਵੀਰ ਸਿੰਘ ਜੀ ਨੂੰ ਯਾਦ ਕੀਤਾ ਗਿਆ।ਸਮਾਗਮ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਪੰਥ ਦੇ ਅਨਮੋਲ ਰਤਨ ਭਾਈ ਵੀਰ ਸਿੰਘ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਭਾਈ ਸਿੰਘ ਵੱਲੋਂ ਕੌਮ ਦੇ ਭਵਿੱਖ ਨੂੰ ਸੰਵਾਰਨ, ਸ਼ਿੰਗਾਰਨ ਅਤੇ ਸੁਧਾਰਨ ਲਈ ਅਤੇ ਸਿੱਖੀ–ਸਿੱਖਿਆ ਦੇ ਪ੍ਰਚਾਰ–ਪ੍ਰਸਾਰ ਲਈ ਦਿੱਤੀ ਅਨਮੋਲ ਦੇਣ ਅੱਜ ਦੇ ਸਮੇਂ ਵਿਚ ਵੀ ਸਾਰਥਿਕ ਭੂਮਿਕਾ ਨਿਭਾ ਰਹੀ ਹੈ।ਅੰਤ ਸੁਖਜਿੰਦਰ ਸਿੰਘ ਪ੍ਰਿੰਸ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀ. ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਤਰਲੋਚਨ ਸਿੰਘ, ਮਨਮੋਹਨ ਸਿੰਘ, ਪ੍ਰਦੀਪ ਸਿੰਘ ਵਾਲੀਆ, ਜਗਜੀਤ ਸਿੰਘ, ਡਾ. ਆਤਮਜੀਤ ਸਿੰਘ ਬਸਰਾ, ਸਰਜੋਤ ਸਿੰਘ ਸਾਹਨੀ, ਅਮਰਦੀਪ ਸਿੰਘ ਰਾਜੇਵਾਲ, ਇਕਬਾਲ ਸਿੰਘ ਸੈਗੀ, ਸ੍ਰ.ਕਮਲਜੀਤ ਸਿੰਘ ਕੋਹਲੀ, ਡਾਇਰੈਕਟਰ ਐਜੂਕੇਸ਼ਨ ਡਾ. ਏ.ਪੀ. ਐੱਸ. ਚਾਵਲਾ, ਕੋਆਰਡੀਨੇਟਰ ਧਰਮ ਪ੍ਰਚਾਰ ਕਮੇਟੀ ਡਾ. ਜਸਵਿੰਦਰ ਕੌਰ ਮਾਹਲ, ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ ਸਟਾਫ ਸ਼ਾਮਲ ਸਨ।



# ਚੇਅਰਮੈਨ ਰਮਨ ਬਹਿਲ ਵੱਲੋਂ ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਸਖ਼ਤ ਨਿਖੇਧੀ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਕਾਤਲਾਨਾ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀ ਮੁਸਤੈਦੀ ਕਰਕੇ ਇਹ ਹਮਲਾ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ ਪੁਲਸ ਪ੍ਰਸ਼ਾਸਨ ਪ੍ਰਸ਼ੰਸਾ ਦਾ ਪਾਤਰ ਹੈ ਜਿਸ ਨੇ ਹਮਲਵਾਰ ਨੂੰ ਆਪਣੀ ਕੋਝੀ ਹਰਕਤ ਕਰਨ ਤੋਂ ਸਮੇਂ ਸਿਰ ਰੋਕ ਲਿਆ। ਉਨ ਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸੂਬੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਰਮਲ ਬਹਿਲ ਨੇ ਕਿਹਾ ਕਿ ਪੁਲਸ ਦੇ ਨੌਜਵਾਨ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹਮਲਾਵਾਰ ਨੂੰ ਮੌਕੇ 'ਤੇ ਕਾਬੂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਮਾਮਲੇ ਦੀ ਖ਼ੁਦ ਜਾਣਕਾਰੀ ਲੈ ਕੇ ਇਸ ਹਮਲਾਵਾਰ ਪਿਛੇ ਹੋਰ ਛੁਪੀਆਂ ਤਾਕਤਾਂ ਨੂੰ ਨਸ਼ਰ ਕਰਨ ਦੀ ਗੱਲ ਕਹੀ ਹੈ। ਉਨ ਾਂ ਕਿਹਾ ਸੂਬੇ ਅੰਦਰ ਅਮਨ ਕਾਨੂੰਨ ਕਾਇਮ ਰੱਖਣ 'ਆਪ' ਸਰਕਾਰ ਦਾ ਮੁੱਢਲਾ ਫਰਜ਼ ਹੈ ਅਤੇ ਇਸ ਨੂੰ ਹਰ ਹੀਲੇ ਬਰਕਰਾਰ ਰੱਖਿਆ ਜਾਵੇਗਾ।

# ਗਲੋਬਲ ਐਕਡਮੀ ਚੰਨਣਕੇ ਵਿਖੇ ਅਵਤਾਰ ਦਿਹਾੜਾ ਮਨਾਇਆ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਇਲਾਕੇ ਦੀ ਨਾਮਵਰ ਐਕਡਮੀ ਸ੍ਰੀ ਗੁਰੂ ਨਾਨਕ ਦੇਵ ਗਲੋਬਲ ਐਕਡਮੀ ਚੰਨਣਕੇ ਸੀਬੀਐੱਸਈ (ਅੱਡਾ ਨਾਥ ਦੀ ਖੂਹੀ) ਵਿਖੇ ਐੱਮਡੀ ਕੁਲਜੀਤ ਸਿੰਘ ਬਾਠ ਦੀ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਅਵਤਾਰ ਦਿਹਾੜਾ ਮਨਾਇਆ ਗਿਆ, ਆਰੰਭ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਵਨ ਗੁਰਬਾਨੀ ਦੇ ਭੋਗ ਪਾਏ ਗਏ।ਉਪਰੰਤ ਬਾਹਰ ਖੁੱਲੇ ਪੰਡਾਲਾ ਵਿੱਚ ਦੀਵਾਨ ਸਜਾਏ ਗਏ। ਐਕਡਮੀ ਦੇ ਬੱਚੇ, ਬੱਚੀਆ ਨੇ ਪਵਿੱਤਰ ਪਾਵਨ ਗੁਰਬਾਨੀ ਦੇ ਕੀਰਤਨ ਸਰਵਨ ਕਰਵਾਏ। ਉਪਰੰਤ ਹਰ ਸਾਲ ਤਰ ਾਂ ਚੰਗੇ ਪੜ ਨ ਵਾਲੇ ਬੱਚਿਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਜਿਨ ਾਂ ਅਧਿਆਪਕਾਂ ਨੇ ਬੱਚਿਆਂ ਨੂੰ ਬਗੈਰ ਛੁੱਟੀ ਤੋਂ ਚੰਗੀ ਵਿਦਿਆ ਦਿੱਤੀ ਗਈ। ਉਨ ਾਂ ਅਧਿਆਪਕਾਂ ਦਾ ਵੀ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੁਲਜੀਤ ਸਿੰਘ ਬਾਠ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਅਵਤਾਰ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਉਨ ਾਂ ਨੇ ਕਿਹਾ ਕਿ ਬੱਚੇ ਆਪਣੀ ਲਗਨ ਨਾਲ ਆਪਣੀ ਪੜਵਾਈ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ।ਇਸ ਮੌਕੇ ਐੱਮਡੀ ਕੁਲਜੀਤ ਸਿੰਘ ਬਾਠ, ਡਾਇਰੈਕਟਰ ਕੁਲਵੰਤ ਕੌਰ ਬਾਠ, ਮੁੱਖ ਪ੍ਰਬੰਧਕ ਮੈਡਮ ਮਨਜੀਤ ਕੌਰ ਅਤੇ ਐਕਡਮੀ ਦਾ ਸਾਰਾ ਸਟਾਫ ਹਾਜ਼ਰ ਸਨ।



# ਐੱਸਐੱਚਓ ਸਤਪਾਲ ਸਿੰਘ ਨੇ ਥਾਣਾ ਡੇਰਾ ਬਾਬਾ ਨਾਨਕ ਦਾ ਚਾਰਜ ਸੰਭਾਲਿਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਅਮਰਜੀਤ ਮਸੀਹ ਦੀ ਬਦਲੀ ਪੁਲਿਸ ਥਾਣਾ ਕੋਟਲੀ ਸੂਰਤ ਮੱਲੀ ਹੋਣ ਤੇ ਐੱਸਐੱਚਓ ਸਤਪਾਲ ਸਿੰਘ ਨੇ ਰਸਮੀ ਤੌਰ ਤੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਦਾ ਚਾਰਜ ਸੰਭਾਲਿਆ ਹੈ।ਜ਼ਿਕਰਯੋਗ ਹੈ ਕਿ ਐੱਸਐੱਚਓ ਸਤਪਾਲ ਸਿੰਘ ਪਹਿਲਾਂ ਵੀ ਗੁਰੂ ਨਗਰੀ ਡੇਰਾ ਬਾਬਾ ਨਾਨਕ ਵਿੱਚ ਆਪਣੀਆਂ ਚੰਗੀਆਂ ਸੇਵਾਵਾਂ ਨਿਭਾ ਚੁੱਕੇ ਹਨ ਤੇ ਹੁਣ ਪੰਜਾਬ ਸਰਕਾਰ ਵੱਲੋਂ ਉਨਾਂ ਨੂੰ ਡੇਰਾ ਬਾਬਾ ਨਾਨਕ ਦੀ ਮੁੜ ਸੇਵਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਪਾਲ ਸਿੰਘ ਨੇ ਦੱਸਿਆ ਕਿ ਜਿਸ ਤਰ ਾਂ ਪਹਿਲਾਂ ਉਹ ਪੁਲਸ ਥਾਣਾ ਡੇਰਾ ਬਾਬਾ ਨਾਨਕ ਵਿੱਚ ਆਪਣੀਆਂ ਸੇਵਾਵਾਂ ਬਾਖੂਬੀ ਨਿਭਾ ਚੁੱਕੇ ਹਨ ਤੇ ਉਵੇਂ ਹੀ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਅਤੇ ਆਪਣੀ ਡਿਊਟੀ ਪ੍ਰਤੀ ਲੋਕਾਂ ਨੂੰ ਨਿਆ ਦੇਣ ਵਿੱਚ ਕੋਈ ਵੀ ਕਸਰ ਨਹੀਂ ਛੱਡਣਗੇ।ਉਨ ਾਂ ਨੇ ਭੈੜੇ ਅਨਸਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਕਿਸੇ ਨੂੰ ਪੁਲਸ ਥਾਣਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਇਲਾਕੇ ਵਿੱਚ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ ਭਾਵੇਂ ਉਹ ਜਿੰਨੀ ਮਰਜ਼ੀ ਪਹੁੰਚ ਰੱਖਦਾ ਹੋਵੇ।

# ਜਮਾਤ ਅਹਿਮਦੀਆ ਦੇ ਜਲਸੇ ਨੂੰ ਲੈ ਕੇ ਸਾਫ-ਸਫਾਈ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੰਤਰਰਾਸ਼ਟਰੀ ਮੁਸਲਿਮ ਜਮਾਤ ਅਹਿਮਦੀਆ ਦੇ ਸਲਾਨਾ ਜਲਸੇ ਦੀਆਂ ਜਿੱਥੇ ਕਾਦੀਆਂ ਸ਼ਹਿਰ ਦੇ ਵਿੱਚ ਜਮਾਤ ਦੇ ਵੱਲੋਂ ਤਿਆਰੀਆਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਉੱਥੇ ਹੀ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਜਿਸ ਦੇ ਚਲਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਕਾਦੀਆਂ ਦੇ ਕਾਰਜ ਸਾਧਕ ਅਫਸਰ ਭੁਪਿੰਦਰ ਸਿੰਘ ਤੇ ਉਹਨਾਂ ਦੀ ਟੀਮ ਦੇ ਵੱਲੋਂ ਅੱਜ ਸਥਾਨਕ ਕਾਦੀਆਂ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਅਖੀਰ ਵਿੱਚ ਉਹਨਾਂ ਕਿਹਾ ਕਿ ਨਗਰ ਕੌਂਸਲ ਦੀ ਸਮੁੱਚੀ ਟੀਮ ਦੀ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਡਿਊਟੀ ਲਗਾ ਦਿੱਤੀ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਸਲਿਮ ਜਮਾਤ ਅਹਿਮਦੀਆ ਦੇ ਸਕੱਤਰ ਆਤਾਉਲ ਮੋਮਿਨ, ਜ਼ੁਬੈਰ ਅਹਿਮਦ, ਮਜ਼ਹਰ ਅਹਿਮਦ ਵਸੀਮ, ਅਬਦੁਲ ਵਾਸੇ ਐਮਸੀ, ਮੁਹਮਦ ਨੂਰਦੀਨ, ਸ਼ਕੀਲ ਅਹਿਮਦ, ਫਾਰੂਕ ਅਹਿਮਦ ਅਤੇ ਨਗਰ ਕੌਂਸਲ ਤੋਂ ਸੈਨੇਟਰੀ ਇੰਚਾਰਜ ਕਮਲਪ੍ਰੀਤ ਸਿੰਘ ਰਾਜਾ, ਇੰਦਰਪ੍ਰੀਤ ਸਿੰਘ, ਰੋਹਿਤ ਭਾਟੀਆ, ਰਵਿੰਦਰਜੀਤ ਸਿੰਘ, ਗੁਰਬਾਜ ਸਿੰਘ ਬਾਜਵਾ ਸਮੇਤ ਸਮੁੱਚੀ ਟੀਮ ਦੇ ਮੈਂਬਰ ਹਾਜ਼ਰ ਸਨ।



# ਲੋੜਵੰਦ ਪਰਵਾਰ ਦੀਆਂ ਧੀਆਂ ਦੇ ਆਨੰਦ ਕਾਰਜ ਕਰਵਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਸ਼ਾਮ ਨਗਰ ਵਿਖੇ ਬਾਬਾ ਜੀਵਨ ਸਿੰਘ ਰੰਘਰੇਟੇ ਗੁਰੂ ਕੇ ਬੇਟਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪੰਜਵਾਂ ਗੁਰਮੁਖੀ ਸਮਾਗਮ ਕਰਵਾਇਆ ਗਿਆ।ਇਸ ਸਮੇਂ ਹਾਜ਼ਰ ਪ੍ਰਧਾਨ ਸਤਵਿੰਦਰ ਸਿੰਘ ਨੰਬਰਦਾਰ, ਵਾਈਸ ਪ੍ਰਧਾਨ ਬਰਿੰਦਰ ਸਿੰਘ ਨੰਬਰਦਾਰ, ਸੁਖਦੇਵ ਸਿੰਘ ਸਿੱਧੂ, ਬਾਬਾ ਅਜੀਤ ਸਿੰਘ ਸਿੱਧੂ, ਮੈਂਬਰ ਪੰਚਾਇਤ ਸਾਜਨ ਸਿੱਧੂ, ਰਵੀ ਸਿੱਧੂ, ਐਸ ਆਈ ਸਾਹਿਲ ਮੱਟੂ, ਲਖਵਿੰਦਰ ਸਿੰਘ, ਸੁਖਦੀਪ ਸਿੰਘ ਸਿੱਧੂ, ਸੁਖਪਾਲ ਸਿੰਘ ਸਿੱਧੂ, ਬਾਬਾ ਹਰਦਿਆਲ ਸਿੰਘ, ਮਨਜਿੰਦਰ ਸਿੰਘ ਫੌਜੀ, ਮੇਜਰ ਸਿੰਘ ਫੌਜੀ,ਬਾਬਾ ਗੁਰਦੀਪ ਸਿੰਘ, ਸਤਨਾਮ ਸਿੰਘ ਜੀ ਦੇ ਉੱਦਮ ਸਦਕਾ 6 ਲੋੜਵੰਦ ਧੀਆਂ ਦੇ ਆਨੰਦ ਕਾਰਜ ਕਰਵਾਏ ਗਏ ਅਤੇ ਉਨ੍ਹਾਂ ਨੂੰ ਲੋੜੀਂਦਾ ਸਾਮਾਨ ਦਿੱਤਾ ਗਿਆ ਜਿਸ ਵਿੱਚ ਬੈਡ, ਬਿਸਤਰੇ, ਅਲਮਾਰੀ, ਖੱਖਾ, ਕੁਰਸੀਆਂ, ਡਿਨਰ ਸੈੱਟ ਆਦਿ ਸਾਮਾਨ ਦਿੱਤਾ ਗਿਆ।

# ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਮਾਗਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅੱਜ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਇੰਦਰਪਾਲ ਸਿੰਘ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ।ਇਸ ਮੌਕੇ ਭਾਈ ਹਰਮਿੱਤਰ ਸਿੰਘ ਨੇ ਸੰਗਤਾਂ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਜੀਵਨ ਇਤਿਹਾਸ ਬਾਰੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਇਨ ਾਂ ਗੁਰੂ ਸਾਹਿਬ ਦੇ ਪਿਆਰੇ ਸਿੱਖਾਂ ਨੂੰ ਕਈ ਤਰ੍ਹਾਂ ਦੇ ਐਸ਼ੋ-ਆਰਾਮ ਅਤੇ ਜਗੀਰਾਂ ਦੇ ਲਾਲਚ ਦਿੱਤੇ ਗਏ, ਪਰੰਤੂ ਇਨ ਾਂ ਵਿਚੋਂ ਕੋਈ ਵੀ ਸਿੱਖੀ ਸਿਦਕ ਤੋਂ ਨਹੀਂ ਡੋਲਿਆ। ਉਨ੍ਹਾਂ ਸੰਗਤਾਂ ਨੂੰ ਗੁਰਬਾਣੀ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ।ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਾਰਾ ਦਿਨ ਗੁਰਮਤਿ ਸਮਾਗਮ ਜਾਰੀ ਰਹੇ, ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜਥਿਆਂ ਨੂੰ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਸਮਾਗਮਾਂ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਦਿੱਲੀ ਜਾਣ ਵਾਲੇ ਕਿਸਾਨਾਂ ਦੇ ਜਥੇ ਨੂੰ ਕਰਨਬੀਰ ਸਿੰਘ ਬੁਰਜ ਨੇ ਦਿੱਤੇ 51 ਹਜ਼ਾਰ ਰੁਪਏ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਕਿਰਸਾਨੀ ਸੰਘਰਸ਼ ਦੀ ਲੜਾਈ ਲੜ ਰਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਵੱਲੋਂ ਦਿੱਲੀ ਜਾਣ ਦੇ ਕੀਤੇ ਗਏ ਐਲਾਨ ਦੇ ਤਹਿਤ ਜੋਨ ਸੈਨ ਭਗਤ ਵੱਲੋਂ ਕਾਫਲਾ ਰਵਾਨਾ ਹੋਇਆ ਜਿਸ ਨੂੰ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਨੇ ਦਾਨਾ ਮੰਡੀ ਝਬਾਲ ਤੋਂ ਤੋਰਿਆ। ਇਸ ਮੌਕੇ ਉਨ ਾਂ ਨੇ ਆਪਣੀ ਜੇਬ ਵਿੱਚੋਂ ਯੋਗਦਾਨ ਪਾਉਂਦਿਆਂ 51000 ਦਿੱਤੇ। ਉਨ ਾਂ ਕਿਹਾ ਕਿ ਜਿੱਥੇ ਉਹ ਸਿਆਸੀ ਲੜਾਈ ਆਪਣੀ ਵਿਰੋਧੀ ਪਾਰਟੀਆਂ ਨਾਲ ਲੜਦੇ ਹਨ ਉੱਥੇ ਉਹ ਇੱਕ ਕਿਸਾਨ ਦੇ ਤੌਰ ਤੇ ਵੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਹਰ ਤਰ ਾਂ ਨਾਲ ਮਦਦ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਅਗਾਂਹ ਵੀ ਰਹਿਣਗੇ ਉਨ ਾਂ ਕਿਹਾ ਕਿ ਕਿਸਾਨਾਂ ਨੂੰ ਹਰ ਤਰ ਾਂ ਦੀ ਸਹਾਇਤਾ ਦੇਣ ਲਈ ਉਹ ਹਮੇਸ਼ਾ ਤਿਆਰ ਹਨ ਤੇ ਕਿਸਾਨ ਆਪਣੀ ਲੜਾਈ ਜਾਰੀ ਰੱਖਣ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਸੈਣ ਭਗਤ ਦੇ ਪ੍ਰਧਾਨ ਪਰਮਜੀਤ ਸਿੰਘ ਛੀਨਾ ਤੇ ਸਕੱਤਰ ਹਰਪ੍ਰੀਤ ਸਿੰਘ ਭੁੱਚਰ ਨੇ ਉਨ ਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ ਾਂ ਦੇ ਬਹੁਤ ਧੰਨਵਾਦੀ ਹਨ ਜਿਨਾਂ ਨੇ ਵਡਮੁੱਲਾ ਯੋਗਦਾਨ ਉਨ ਾਂ ਨੂੰ ਦਿੱਤਾ। ਉਨ ਾਂ ਕਿਹਾ ਕਿ ਉਹ ਕਿਸਾਨੀ ਸੰਘਰਸ਼ ਦੇ ਵਿੱਚ ਸਰਕਾਰ ਦੇ ਨਾਲ ਜੋ ਲੜਾਈ ਚੱਲ ਰਹੀ ਹੈ ਉਸ ਨੂੰ ਹਮੇਸ਼ਾ ਜਾਰੀ ਰੱਖਣਗੇ ਅਤੇ ਕਿਸਾਨਾਂ ਦੇ ਲਈ ਹਰ ਇੱਕ ਮੰਗ ਨੂੰ ਮਨਵਾ ਕੇ ਹੀ ਵਾਪਸ ਆਉਣਗੇ। ਇਸ ਮੌਕੇ ਮਲਕੀਤ ਸਿੰਘ ਬਘਿਆੜੀ, ਜਸਵਿੰਦਰ ਸਿੰਘ ਛੀਨਾ ਕਸ਼ਮੀਰ ਸਿੰਘ ਸੋਹਲ, ਲੱਖਵਿੰਦਰ ਸਿੰਘ ਗੰਡੀਵਿਡ, ਬਲਜਿੰਦਰ ਸਿੰਘ, ਸਤਨਾਮ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।



# ਗੁ. ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ 9 ਨੂੰ ਆਰੰਭ ਹੋਵੇਗੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪਾਵਨ ਸਰੋਵਰ ਦੀ ਕਾਰ ਸੇਵਾ 9 ਦਸੰਬਰ 2024 ਨੂੰ ਆਰੰਭ ਹੋਵੇਗੀ ਜਿਸ ਵਿੱਚ ਦੁਨੀਆ ਭਰ ਵਿੱਚੋਂ ਸੰਗਤ ਭਾਗ ਲਵੇਗੀਇਹ ਜਾਣਕਾਰੀ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮੇਂ-ਸਮੇਂ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਦੀ ਮੰਗ ਅਤੇ ਲੋੜ ਅਨੁਸਾਰ ਸੇਵਾਵਾਂ ਕਰਵਾਈਆਂ ਜਾਂਦੀਆਂ ਹਨ।ਇਸੇ ਤਹਿਤ ਹੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਸਫ਼ਾਈ ਦੀ ਸੇਵਾ ਬਾਬਾ ਬਚਨ ਸਿੰਘ ਤੇ ਬਾਬਾ ਮਹਿੰਦਰ ਸਿੰਘ ਜੀ ਕਾਰਸੇਵਾ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ।ਸ. ਧੰਗੇੜਾ ਨੇ ਕਿਹਾ ਕਿ ਕਾਰਸੇਵਾ ਸਬੰਧੀ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਦੀ ਆਰੰਭਤਾ ਸਮੇਂ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸ਼ੀਅਤਾਂ ਹਾਜ਼ਰ ਰਹਿਣਗੀਆਂ।ਉਨ ਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਕਾਰ ਸੇਵਾ ਸਮੇਂ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਐੱਸ ਡੀ ਓ ਸਤਨਾਮ ਸਿੰਘ ਦਾ ਚਾਰਜ ਸੰਭਾਲਣ 'ਤੇ ਨਿੱਘਾ ਸੁਆਗਤ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਪਾਵਰਕੌਮ ਸਬ-ਸਟੇਸ਼ਨ ਫਤਿਆਬਾਦ ਦੇ ਨਵੇਂ ਆਏ ਐਸ ਡੀ ਓ, ਸਤਨਾਮ ਸਿੰਘ ਦਾ ਚਾਰਜ ਸੰਭਾਲਣ 'ਤੇ ਨਿੱਘਾ ਸੁਆਗਤ ਕੀਤਾ ਗਿਆ।ਇਸ ਮੌਕੇ ਸਤਨਾਮ ਸਿੰਘ ਨੇ ਕਿਹਾ ਕਿ ਮੈਂ ਲੰਬਾ ਸਮਾਂ ਇਸੇ ਸਟੇਸ਼ਨ 'ਤੇ ਬਤੌਰ ਜੇ ਈ ਡਿਊਟੀ ਨਿਭਾਈ ਹੈ ਤੇ ਮੈਂ ਇਸ ਸਟੇਸ਼ਨ ਵਿਚ ਆਉਂਦੀਆਂ ਮੁਸ਼ਕਿਲਾਂ ਤੋਂ ਚੰਗੀ ਤਰ੍ਹਾ ਵਾਕਫ਼ ਹਾਂ ਤੇ ਮੈਂ ਖਪਤਕਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦੇਵਾਂਗਾ।ਇਸ ਮੌਕੇ ਸਵਾਗਤ ਕਰਨ ਵਾਲਿਆਂ 'ਚ ਮਨਜੀਤ ਸਿੰਘ ਜੇ ਈ, ਇੰਦਰਜੀਤ ਸਿੰਘ ਜੇ ਈ, ਗੁਰਪਾਲ ਸਿੰਘ ਜੇ ਈ, ਹਰਪ੍ਰੀਤ ਸਿੰਘ ਜੇ ਈ, ਬਲਬੀਰ ਸਿੰਘ ਰਿਟਾਇਰ ਜੇ ਈ, ਜਸਬੀਰ ਸਿੰਘ ਜੇ ਈ, ਅੰਕਸ਼ ਕੁਮਾਰ ਆਰ ਏ, ਪ੍ਰਧਾਨ ਮੰਗਲ ਸਿੰਘ ਜੇ ਈ,ਬਚਿੱਤਰ ਸਿੰਘ ਐਸ ਡੀ ਸੀ, ਦਲਜੀਤ ਸਿੰਘ, ਜਗਦੀਸ਼ ਸਿੰਘ ਲਾਈਨਮੈਨ, ਗੁਰਬਿੰਦਰ ਸਿੰਘ ਏ ਐਲ ਐਮ, ਰਣਜੀਤ ਸਿੰਘ ਏ ਐਲ ਐਮ, ਨਵਦੀਪ ਸਿੰਘ ਲਾਈਨਮੈਨ, ਗੁਰਦੇਵ ਸਿੰਘ ਏ ਐਲ ਐਮ, ਜਸਬੀਰ ਸਿੰਘ ਏ ਐਲ ਐਮ, ਅੰਗਰੇਜ਼ ਸਿੰਘ ਲਾਈਨਮੈਨ, ਕੁਲਦੀਪ ਸਿੰਘ ਲਾਈਨਮੈਨ, ਸੁਖਵਿੰਦਰ ਕੌਰ, ਮਨਤੇਜ ਸਿੰਘ ਐਲ ਡੀ ਸੀ ਆਦਿ ਮੁਲਾਜ਼ਮ ਹਾਜ਼ਰ ਸਨ।

# ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ ਵਿਖੇ ਮਨਾਇਆ ਹਥਿਆਰਬੰਦ ਝੰਡਾ ਦਿਵਸ

**ਗੁਰਦਾਸਪੁਰ, (ਜਨਕ ਮਹਾਜਨ)**-ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਦੂਸਰੇ ਵਿਸ਼ਵ ਯੁੱਧ ਤੋਂ ਲੈ ਕੇ ਕਾਰਗਿਲ ਯੁੱਧ ਤੱਕ ਦੇਸ਼ ਦੇ ਸੈਨਿਕਾਂ ਨੇ ਕਾਫੀ ਸ਼ਹਾਦਤਾਂ ਪ੍ਰਾਪਤ ਕੀਤੀਆਂ ਹਨ। ਅਜਿਹੇ ਸ਼ਹੀਦ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਹਿੱਤ ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਕੰਪਲੈਕਸ ਵਿਖੇ ਹਥਿਆਰਬੰਦ ਝੰਡਾ ਦਿਵਸ਼ ਮਨਾਇਆ ਗਿਆ। ਇਸ ਮੌਕੇ 'ਤੇ ਲੈਫ. ਜਨਰਲ ਕੇ. ਜੇ. ਸਿੰਘ ਭਾਗੋਵਾਲ, ਐੱਮ.ਆਈ.ਡੀ. (ਗਲੰਟਰੀ), ਪੀ.ਵੀ.ਐੱਸ.ਐੱਮ. ਵੀ.ਐੱਸ.ਐੱਮ. (ਰਿਟਾ), ਕਰਨਲ ਰਮਨ ਕੁਮਾਰ (ਰਿਟਾ), ਵਾਈਸ ਪ੍ਰੈਜ਼ੀਡੈਂਟ, ਕਰਨਲ ਅਮਰਜੀਤ ਸਿੰਘ (ਰਿਟਾ), ਜ਼ਿਲ ਾ ਰੱਖਿਆ ਸੇਵਾਵਾਂ ਭਲਾਈ ਦਫਤਰ ਦਾ ਸੁਪਰਡੈਂਟ ਕੁਲਵੰਤ ਸਿੰਘ ਅਤੇ ਸਾਰਾ ਸਟਾਫ ਅਤੇ ਜਿਲੇ ਦੇ ਬਹੁਤ ਸਾਰੇ ਸਾਬਕਾ ਸੈਨਿਕਾਂ, ਵਿਧਵਾਵਾਂ ਤੇ ਸਾਬਕਾ ਸੀਨੀਅਰ ਅਧਿਕਾਰੀਆਂ ਵੱਲੋਂ ਆਪਣੀ ਹਾਜ਼ਰੀ ਭਰੀ ਗਈ। ਇਸ ਮੌਕੇ ਲੈਫ. ਜਨਰਲ ਕੇ.ਜੇ. ਸਿੰਘ ਭਾਗੋਵਾਲ ਨੇ ਕਿਹਾ ਕਿ ਇਹ ਦਿਨ ਹਰ ਨਾਗਰਿਕ ਨੂੰ ਬਹਾਦਰ ਸੈਨਿਕਾਂ ਅਤੇ ਉਨ ਾ ਦੇ ਪਰਿਵਾਰਾਂ ਪ੍ਰਤੀ ਸਤਿਕਾਰ ਪ੍ਰਗਟ ਕਰਨ ਲਈ ਇੱਕ ਸੁਨਹਿਰੀ ਮੌਕਾ ਪ੍ਰਦਾਨ ਕਰਦਾ ਹੈ। ਇਸ ਮੰਤਵ ਹਿੱਤ ਜ਼ਿਲ ਾ ਸੈਨਿਕ ਭਲਾਈ ਵਿਭਾਗ ਵਲੋਂ ਆਮ ਪਬਲਿਕ ਤੋਂ ਫੰਡ ਇੱਕਠਾ ਕੀਤਾ ਜਾਂਦਾ ਹੈ। ਉਨ ਾਂ ਕਿਹਾ ਕਿ ਇਹ ਫੰਡ ਜੋ ਸੈਨਿਕ ਵੱਖ-ਵੱਖ ਲੜਾਈਆਂ ਵਿੱਚ ਸ਼ਹੀਦ ਹੋ ਗਏ ਹਨ ਅਤੇ ਆਪਣੇ ਪਿੱਛੇ ਅਨਾਥ ਪਰਿਵਾਰ ਛੱਡ ਗਏ ਜਾਂ ਅਪੰਗ ਹੋ ਗਏ ਅਤੇ ਰੋਜ਼ੀ ਰੋਟੀ ਕਮਾਉਣ ਤੋਂ ਅਸੱਮਰਥ ਹਨ, ਨੂੰ ਸਹਾਇਤਾ ਵਜੋਂ ਨਿਯਮਾਂ ਅਨੁਸਾਰ ਇਸ ਫੰਡ ਵਿਚੋਂ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ ਾ ਸੈਨਿਕਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਕਰਨਾ ਸਾਡਾ ਸਾਰਿਆਂ ਦਾ ਮੁੱਢਲਾ ਫਰਜ਼ ਹੈ ਕਿਉਂਕਿ ਉਨ ਾਂ ਦੀਆਂ ਕੁਰਬਾਨੀਆਂ ਸਦਕੇ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਗੁਰਦਾਸਪੁਰ ਨੇ ਜ਼ਿਲੇ ਦੇ ਦਾਨੀ ਸੱਜਾਂ ਅਤੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਝੰਡਾ ਦਿਵਸ ਫੰਡ ਵਿੱਚ ਦਿਲ ਖੋਲ ਕੇ ਆਪਣਾ ਯੋਗਦਾਨ ਪਾਉਣ।

# ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਾਈ ਮਾਡਲ ਪ੍ਰਦਰਸ਼ਨੀ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸਿੱਖ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਵਿਦਿਆਰਥੀਆਂ ਵੱਲੋਂ ਮਾਡਲ ਪ੍ਰਦਰਸ਼ਨੀ ਪ੍ਰਿੰਸੀਪਲ ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਲਗਾਈ ਗਈ।ਇਸ ਮਾਡਲ ਪ੍ਰਦਰਸ਼ਨੀ ਵਿੱਚ ਗਣਿਤ ਸਾਇੰਸ ਭਾਸ਼ਾ ਕਾਮਰਸ ਇਤਿਹਾਸ ਆਦਿ ਵਿਸ਼ਿਆਂ ਨਾਲ ਸਬੰਧਿਤ ਵਿਦਿਆਰਥੀਆਂ ਵੱਲੋਂ ਮਾਡਲ ਬਣਾਏ ਗਏ ਅਤੇ ਪ੍ਰਦਰਸ਼ਿਤ ਕੀਤੇ ਗਏ।ਇਸ ਮੌਕੇ ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਵਿਦਿਆਰਥੀ ਵਰਗ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਪ੍ਰਯੋਗੀ ਸਿੱਖਿਆ ਵਿੱਚ ਵੀ ਪਰਪੱਕ ਹੋਣਾ ਚਾਹੀਦਾ ਹੈ, ਆਪਣੀ ਪ੍ਰਤਿਭਾ ਨੂੰ ਨਿਖ਼ਾਰਨਾ ਚਾਹੀਦਾ ਹੈ।ਇਸ ਪ੍ਰਦਰਸ਼ਨੀ ਨੂੰ ਵੇਖਣ ਵਾਸਤੇ ਵਿਸ਼ੇਸ਼ ਤੌਰ 'ਤੇ ਭੌਤਿਕ ਵਿਗਿਆਨ ਵਿਭਾਗ ਕਾਲਜ ਦੇ ਪ੍ਰੋਫ਼ੈਸਰ ਕੁਲਵਿੰਦਰ ਸਿੰਘ, ਅਰਥ ਸ਼ਾਸਤਰ ਵਿਭਾਗ ਦੀ ਪ੍ਰੋਫ਼ੈਸਰ ਸੁਖਪਾਲ ਕੌਰ, ਕਾਮਰਸ ਵਿਭਾਗ ਦੇ ਪ੍ਰੋਫ਼ੈਸਰ ਮਨਪ੍ਰੀਤ ਕੌਰ, ਲਾਇਬ੍ਰੇਰੀਅਨ ਪ੍ਰੋਫ਼ੈਸਰ ਹਰਜਿੰਦਰ ਸਿੰਘ ਤੋਂ ਇਲਾਵਾ ਸਕੂਲ ਲੈਕਚਰਾਰ ਇੰਚਾਰਜ ਰਵਿੰਦਰ ਸਿੰਘ, ਦਲਜੀਤ ਕੌਰ, ਰਮਨਜੀਤ ਕੌਰ, ਅਮਨਦੀਪ ਕੌਰ, ਅਨਾਮਿਕਾ, ਆਮਤੁਲ ਮਾਤੀਨ ਸਨਾਵਰ ਮੁਨੀਰ, ਜਸਕਿਰਨ ਕੌਰ, ਮਿਤਾਲੀ ਆਦਿ ਸਟਾਫ਼ ਮੈਂਬਰ ਵੀ ਪੁੱਜੇ।ਸਾਰਿਆਂ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਕੈਥੋਲਿਕ ਚਰਚ ਦੇ ਫਾਦਰ ਵੱਲੋਂ ਵਿਧਾਇਕ ਰੰਧਾਵਾ ਦਾ ਵਿਸ਼ੇਸ਼ ਸਨਮਾਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸੰਤ ਜੌਰਜ ਕੈਥੋਲਿਕ ਚਰਚ ਦੇ ਫਾਦਰ ਮੈਥਿਓ ਕੀਪਰਥ ਅਤੇ ਸੰਤ ਫਰਾਂਸਿਸ ਕਾਨਵੈਂਟ ਸਕੂਲ ਦੀ ਪ੍ਰਿੰਸੀਪਲ ਸਿਸਟਰ ਗਲੋਰੀ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਚੁਣੇ ਗਏ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਉਹਨਾਂ ਦੇ ਗ੍ਰਹਿ ਨਿਵਾਸ ਅਸਥਾਨ ਪਿੰਡ ਸ਼ਾਹਪੁਰ ਜਾਜਨ ਵਿੱਚ ਬੁੱਕਾ ਭੇਟ ਕਰਕੇ ਜਿੱਤ ਦੀ ਵਧਾਈ ਦਿੱਤੀ ਗਈ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਫਾਦਰ ਮੈਥਿਓ ਕੀਪਰਥ, ਪ੍ਰਿੰਸੀਪਲ ਸਿਸਟਰ ਗਲੋਰੀ ਅਤੇ ਨਾਲ ਆਈ ਹੋਈ ਪੈਰਿਸ ਕੌਂਸਲ ਡੇਰਾ ਬਾਬਾ ਨਾਨਕ ਟੀਮ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦੇ ਹੋਏ ਕਿਹਾ ਕਿ ਮੈਂ ਧੰਨਵਾਦ ਹਾਂ ਕਿ ਜਿਨ ਾਂ ਨੇ ਮੇਰੀ ਜਿੱਤ ਲਈ ਦਿਨ ਰਾਤ ਪ੍ਰਭੂ ਅੱਗੇ ਪ੍ਰਾਰਥਨਾਵਾਂ ਕੀਤੀਆਂ ਗਈਆਂ ਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਜਿਸ ਉਮੀਦ ਨਾਲ ਮੈਨੂੰ ਹਲਕਾ ਡੇਰਾ ਬਾਬਾ ਨਾਨਕ ਵਾਸੀਆਂ ਨੇ ਵੋਟਾਂ ਪਾ ਕੇ ਜਤਾਇਆ ਹੈ ਤੇ ਮੈਂ ਉਸ ਉਮੀਦ ਨੂੰ ਕਦੇ ਵੀ ਟੁੱਟਣ ਨਹੀਂ ਦਵਾਂਗਾ ਤੇ ਜੋ ਵੀ ਉਹਨਾਂ ਦੇ ਕੰਮ ਹੋਣਗੇ ਉਹਨਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।ਇਸ ਮੌਕੇ ਪੈਰਿਸ ਪ੍ਰਧਾਨ ਡੇਵਿਡ ਮਸੀਹ, ਮਾਸਟਰ ਸਟੀਫਨ ਮਸੀਹ, ਬਲਦੇਵ ਮਸੀਹ ਫੌਜੀ, ਸੋਨਾ ਪ੍ਰਧਾਨ, ਰੋਸ਼ਨ ਮਸੀਹ, ਡਰਾਈਵਰ ਥੋਮਸ ਮਸੀਹ, ਲਵਪ੍ਰੀਤ ਤੇਜੀ, ਯੋਧਾ ਤੇਜੀ ਆਦਿ ਹਾਜ਼ਰ ਸਨ।



ਨਵਾਂ ਜ਼ਮਾਨਾ

ਸ਼ਨੀਵਾਰ, 7 ਦਸੰਬਰ 2024

# ਫ਼ਾਜ਼ਲ ਜੱਜ ਦੀ ਸਲਾਹ

*ਦੇਸ਼-ਭਰ ਵਿੱਚ ਇੱਕ ਦੇ ਬਾਅਦ ਇੱਕ ਮਸਜਿਦਾਂ 'ਤੇ ਮੁਕੱਦਮੇ ਦਾਇਰ ਕੀਤੇ ਜਾਣ ਨੂੰ ਰੋਕਣ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਰੋਹਿੰਟਨ ਨਰੀਮਨ ਨੇ ਇੱਕ ਰਾਹ ਦੱਸਿਆ ਹੈ। ਨਵੀਂ ਦਿੱਲੀ 'ਚ ਅਹਿਮਦੀ ਫਾਊਂਡੇਸ਼ਨ ਵਿਖੇ ਜਸਟਿਸ ਏ ਐੱਮ ਅਹਿਮਦੀ ਦੀ ਯਾਦ ਵਿੱਚ 'ਧਰਮ ਨਿਰਪੱਖਤਾ ਤੇ ਭਾਰਤੀ ਸੰਵਿਧਾਨ' ਵਿਸ਼ੇ ਉੱਤੇ ਬੋਲਦਿਆਂ ਜਸਟਿਸ ਨਰੀਮਨ ਨੇ ਕਿਹਾ ਕਿ ਹਾਲਾਂਕਿ ਅਯੁੱਧਿਆ ਮਾਮਲੇ 'ਚ ਸੁਪਰੀਮ ਕੋਰਟ ਦਾ ਫੈਸਲਾ ਧਰਮ ਨਿਰਪੱਖਤਾ ਲਈ ਇਨਸਾਫ ਦਾ ਮਜ਼ਾਕ ਸੀ, ਪਰ ਇਸ 'ਚ 1991 ਦੇ ਪੂਜਾ ਸਥੱਲ ਕਾਨੂੰਨ ਦੀ ਪੁਸ਼ਟੀ ਕਰਨ ਵਾਲੇ ਪੰਜ ਸਫੇ ਇੱਕ ਉਮੀਦ ਦੀ ਕਿਰਨ ਸਨ। ਇਨ੍ਹਾਂ ਪੰਜ ਸਫਿਆਂ ਨੂੰ ਦੇਸ਼-ਭਰ ਦੀਆਂ ਹੇਠਲੀਆਂ ਅਦਾਲਤਾਂ ਤੇ ਹਾਈ ਕੋਰਟਾਂ ਵਿੱਚ ਪੜ੍ਹਾਇਆ ਜਾਣਾ ਚਾਹੀਦਾ ਹੈ। ਇਹ ਸਫੇ ਕਥਿਤ ਤੌਰ 'ਤੇ ਮੰਦਰਾਂ ਦੇ ਉੱਪਰ ਬਣਾਈਆਂ ਗਈਆਂ ਮਸਜਿਦਾਂ ਦੇ ਸਰਵੇਖਣ ਦੀ ਮੰਗ ਕਰਨ ਵਾਲਿਆਂ ਨੂੰ ਜਵਾਬ ਦੇ ਸਕਦੇ ਹਨ।*

*ਪੂਜਾ ਸਥੱਲ ਕਾਨੂੰਨ 15 ਅਗਸਤ 1947 ਤੋਂ ਪਹਿਲਾਂ ਦੇ ਕਿਸੇ ਵੀ ਪੂਜਾ ਸਥੱਲ ਦੀ ਸਥਿਤੀ ਨੂੰ ਬਦਲਣ 'ਤੇ ਰੋਕ ਲਾਉਂਦਾ ਹੈ। ਅਯੁੱਧਿਆ ਬਾਰੇ ਫੈਸਲਾ ਸੁਣਾਉਂਦਿਆਂ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਸ਼ਲਾਘਾ ਕੀਤੀ ਸੀ। ਉਸ ਨੇ ਕਿਹਾ ਸੀ-ਸਰਵਜਨਕ ਪੂਜਾ ਸਥੱਲਾਂ, 15 ਅਗਸਤ 1947 ਤੱਕ ਉਹ ਜਿਸ ਰੂਪ ਵਿਚ ਸਨ, ਦੇ ਚਰਿੱਤਰ ਨੂੰ ਬਰਕਰਾਰ ਰੱਖਣ ਦੀ ਗਰੰਟੀ ਦੇਣ ਅਤੇ ਸਰਵਜਨਕ ਪੂਜਾ ਸਥੱਲਾਂ ਦਾ ਰੂਪ ਬਦਲਣ ਖਿਲਾਫ ਸੰਸਦ ਨੇ ਤੈਅ ਕੀਤਾ ਹੈ ਕਿ ਬਸਤੀਵਾਦੀ ਸ਼ਾਸਨ ਤੋਂ ਆਜ਼ਾਦੀ ਹਰੇਕ ਧਾਰਮਿਕ ਭਾਈਚਾਰੇ ਨੂੰ ਇਹ ਵਿਸ਼ਵਾਸ ਦਿਵਾ ਕੇ ਅਤੀਤ ਦੀ ਬੇਇਨਸਾਫੀ ਨੂੰ ਠੀਕ ਕਰਨ ਲਈ ਇਕ ਸੰਵਿਧਾਨਕ ਆਧਾਰ ਦਿੰਦੀ ਹੈ ਕਿ ਉਨ੍ਹਾਂ ਦੇ ਪੂਜਾ ਸਥੱਲਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਚਰਿੱਤਰ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਪੂਜਾ ਸਥੱਲ ਕਾਨੂੰਨ ਭਾਰਤੀ ਸੰਵਿਧਾਨ ਤਹਿਤ ਧਰਮ ਨਿਰਪੱਖਤਾ ਪ੍ਰਤੀ ਸਾਡੀ ਪ੍ਰਤੀਬੱਧਤਾ ਨੂੰ ਲਾਗੂ ਕਰਨ ਲਈ ਇੱਕ ਨਾ-ਟਾਲਣਯੋਗ ਫਰਜ਼ ਬਾਰੇ ਦੱਸਦਾ ਹੈ। ਇਸ ਲਈ ਇਹ ਕਾਨੂੰਨ ਭਾਰਤੀ ਸਿਆਸਤ ਦੀਆਂ ਧਰਮ ਨਿਰਪੱਖ ਵਿਸ਼ੇਸ਼ਤਾਵਾਂ ਦੀ ਰਾਖੀ ਲਈ ਬਣਾਇਆ ਗਿਆ ਇੱਕ ਵਿਧਾਈ ਸਾਧਨ ਹੈ, ਜਿਹੜਾ ਸੰਵਿਧਾਨ ਦੀਆਂ ਮੂਲ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ।*

*ਜਸਟਿਸ ਨਰੀਮਨ ਨੇ ਕਿਹਾ ਹੈ ਕਿ ਅੱਜ ਪੂਰੇ ਦੇਸ਼ ਵਿੱਚ ਹਾਈਡਰਾ ਹੈੱਡਸ (ਬਹੁਸਿਰਾ ਸੱਪ; ਯੂਨਾਨੀ ਮਿਥਿਹਾਸ ਮੁਤਾਬਕ ਜਿਸ ਦਾ ਇੱਕ ਸਿਰ ਕਲਮ ਕਰੋ ਤਾਂ ਦੋ ਉੱਭਰ ਆਉਂਦੇ ਹਨ) ਉੱਭਰ ਰਹੇ ਹਨ, ਥਾਂ-ਥਾਂ ਮਸਜਿਦਾਂ ਥੱਲੇ ਮੰਦਰ ਹੋਣ ਲਈ ਸਰਵੇਖਣਾਂ ਦੀ ਮੰਗ ਕੀਤੀ ਜਾ ਰਹੀ ਹੈ। ਇਸ ਨਾਲ ਫਿਰਕੂ ਖਿਚਾਅ ਤੇ ਅਵਿਸ਼ਵਾਸ ਹੀ ਪੈਦਾ ਹੋ ਰਿਹਾ ਹੈ। ਇਨ੍ਹਾਂ ਹਾਈਡਰਾ ਹੈੱਡਸ ਨੂੰ ਫੇਹਣ ਦਾ ਇੱਕੋ-ਇੱਕ ਤਰੀਕਾ ਸੁਪਰੀਮ ਕੋਰਟ ਦੇ ਫੈਸਲੇ ਦੇ ਪੰਜ ਸਫਿਆਂ ਨੂੰ ਹਰੇਕ ਜ਼ਿਲ੍ਹਾ ਅਦਾਲਤ ਤੇ ਹਾਈ ਕੋਰਟਾਂ ਅੱਗੇ ਪੜ੍ਹਿਆ ਜਾਣਾ ਹੈ, ਕਿਉਂਕਿ ਇਹ ਪੰਜ ਸਫੇ ਸੁਪਰੀਮ ਕੋਰਟ ਵੱਲੋਂ ਕਾਨੂੰਨ ਦਾ ਐਲਾਨ ਹੈ, ਜਿਸ ਦੇ ਸਾਰੇ ਪਾਬੰਦ ਹਨ।*

*ਹੇਠਲੀਆਂ ਅਦਾਲਤਾਂ ਦੇ ਜੱਜ ਜੇ ਇਹ ਪੰਜ ਸਫੇ ਪੜ੍ਹ ਲੈਣ ਤਾਂ ਦੇਸ਼ ਵਿੱਚ 1947 ਵਰਗੇ ਹਾਲਾਤ ਪੈਦਾ ਹੋਣੋਂ ਰੋਕੇ ਜਾ ਸਕਦੇ ਹਨ। ਕੁਝ ਜੱਜਾਂ ਵੱਲੋਂ ਮਸਜਿਦਾਂ ਦੇ ਸਰਵੇਖਣ ਕਰਾਉਣ ਦੇ ਦਿੱਤੇ ਹੁਕਮਾਂ ਤੋਂ ਬਾਅਦ ਫਿਰਕੂ ਹਿੰਸਾ ਹੋ ਰਹੀ ਹੈ ਤੇ ਜਾਨਾਂ ਵੀ ਜਾ ਰਹੀਆਂ ਹਨ। ਹੇਠਲੀਆਂ ਅਦਾਲਤਾਂ ਦੇ ਜੱਜ ਪੰਜ ਸਫੇ ਪੜ੍ਹ ਕੇ ਹਾਲਾਤ ਵਿਗੜਨੋਂ ਰੋਕਣ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ।*

# ਐੱਮ ਐੱਸ ਪੀ ਦਾ ਫਾਇਦਾ ਸਾਰੇ ਪੰਜਾਬੀਆਂ ਨੂੰ



ਡਾ. ਅਮਨਪ੍ਰੀਤ ਸਿੰਘ ਬਰਾੜ

ਜਦੋਂ ਵੀ ਕਿਤੇ ਕਿਸਾਨ ਸੰਗਠਨਾਂ ਨੇ ਐੱਮ ਐੱਸ ਪੀ ਦਾ ਮੁੱਦਾ ਚੁੱਕਿਆ ਹੈ, ਸਾਡੇ ਕੁਝ ਅਰਥ ਸ਼ਾਸਤਰੀਆਂ ਨੇ ਕਿਸਾਨਾਂ ਦੇ ਉਲਟ ਭੁਗਤਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਸੰਗਠਨਾਂ ਨੂੰ ਛੋਟੇ-ਵੱਡੇ ਕਿਸਾਨਾਂ ਵਿੱਚ ਵੰਡਣ ਦਾ ਯਤਨ ਕੀਤਾ ਹੈ। ਤਰਕ ਇਹ ਦਿੱਤਾ ਜਾਂਦਾ ਹੈ ਕਿ ਸੂਬੇ (ਪੰਜਾਬ) ਵਿੱਚ 86 ਫੀਸਦੀ ਕਿਸਾਨ ਬਹੁਤ ਛੋਟੇ ਹਨ, ਜਿਹਨਾਂ ਦਾ ਆਪਣਾ ਹੀ ਗੁਜ਼ਾਰਾ ਨਹੀਂ ਹੁੰਦਾ ਅਤੇ ਉਹਨਾਂ ਕੋਲ ਮੰਡੀ ਵਿੱਚ ਵੇਚਣ ਲਈ ਕੁਝ ਵੀ ਨਹੀਂ। ਏਸੇ ਤਰ੍ਹਾਂ ਸਬਸਿਡੀ ਦੀ ਗੱਲ ਆਉਂਦੀ ਹੈ ਤਾਂ ਉਦੋਂ ਵੀ ਇਹੋ ਤਰਕ ਦਿੱਤਾ ਜਾਂਦਾ ਹੈ ਕਿ ਸਬਸਿਡੀ ਤਾਂ ਵੱਡੇ ਕਿਸਾਨ ਹੀ ਖਾਈ ਜਾਂਦੇ ਹਨ, ਛੋਟਿਆਂ ਨੂੰ ਇਸ ਦਾ ਲਾਭ ਨਹੀਂ ਹੁੰਦਾ। ਸ਼ਹਿਰੀ ਅਰਥ ਸ਼ਾਸਤਰੀ ਜਿਨ੍ਹਾਂ ਨੂੰ ਪਿੰਡਾਂ ਵਿਚਲੀ ਅਸਲ ਸਥਿਤੀ ਦਾ ਪਤਾ ਨਹੀਂ ਹੁੰਦਾ, ਉਨ੍ਹਾਂ ਤਾਂ ਕਾਰਪੋਰੇਟ ਅਤੇ ਸਰਕਾਰ ਦਾ ਪੱਖ ਪੂਰਨ ਲਈ ਇਹੋ ਜਿਹਾ ਪ੍ਰਚਾਰ ਕਰਨਾ ਹੀ ਹੈ, ਪਰ ਅਫਸੋਸ ਉਦੋਂ ਹੁੰਦਾ ਹੈ ਜਦੋਂ ਕਿਸਾਨ ਪਰਵਾਰਾਂ ਅਤੇ ਪਿੰਡਾਂ ਵਿੱਚੋਂ ਉੱਠ ਕੇ ਆਏ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਕਹਾਉਣ ਵਾਲੇ ਅਰਥ ਸ਼ਾਸਤਰੀ ਵੀ ਇਹੋ ਜਿਹੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰਦੇ ਹਨ।

ਜਿਥੋਂ ਤੱਕ ਵੱਡੇ ਕਿਸਾਨਾਂ ਦੀ ਗੱਲ ਹੈ, ਕਾਨੂੰਨ ਦੇ ਹਿਸਾਬ ਨਾਲ ਪੰਜਾਬ ਵਿੱਚ ਕੋਈ ਵੱਡਾ ਕਿਸਾਨ ਹੈ ਹੀ ਨਹੀਂ, ਕਿਉਂਕਿ ਪੰਜਾਬ ਵਿੱਚ ਦੋ ਵਾਰ ਲੈਂਡ ਸੀਲਿੰਗ ਐਕਟ ਬਣਾਇਆ ਗਿਆ ਅਤੇ ਲਾਗੂ ਕੀਤਾ ਗਿਆ। ਪਹਿਲਾ ਲੈਂਡ ਸੀਲਿੰਗ ਐਕਟ ਸੰਨ 1953 ਵਿੱਚ ਬਣਾਇਆ ਗਿਆ, ਜਿਸ ਮੁਤਾਬਕ ਕੋਈ ਵੀ ਕਿਸਾਨ ਸਾਲ ਵਿੱਚ ਦੋ ਫਸਲਾਂ ਉਗਾਉਣ ਵਾਲੀ ਜ਼ਮੀਨ 12 ਹੈਕਟੇਅਰ ਤੋਂ ਵੱਧ ਨਹੀਂ ਰੱਖ ਸਕਦਾ। ਫਿਰ ਜਦੋਂ 1965-66 ਵਿੱਚ ਪੰਜਾਬ ਵਿੱਚ ਹਰੀ ਕ੍ਰਾਂਤੀ ਨੇ ਜਨਮ ਲਿਆ ਅਤੇ ਜਵਾਨੀ ਵੱਲ ਵਧਣ ਲੱਗੀ ਤਾਂ 1972 ਵਿੱਚ ਫਿਰ ਇਕ ਕਾਨੂੰਨ ਲਿਆਂਦਾ, ਜਿਸ ਮੁਤਾਬਕ ਜ਼ਮੀਨ ਦੀ ਹੱਦ 12 ਹੈਕਟੇਅਰ ਤੋਂ ਘਟਾ ਕਿ 7 ਹੈਕਟੇਅਰ ਪ੍ਰਤੀ ਪਰਵਾਰ ਮਿੱਥ ਦਿੱਤੀ ਗਈ। ਅੱਜ ਉਹ ਕਾਨੂੰਨ ਲਾਗੂ ਹੋਏ ਨੂੰ 51 ਸਾਲ ਹੋ ਗਏ ਹਨ, ਭਾਵ ਦੋ ਪੀੜ੍ਹੀਆਂ ਲੰਘ ਗਈਆਂ ਹਨ। ਇਹੋ ਜਿਹੇ ਹਾਲਾਤ ਵਿੱਚ ਵੱਡੇ ਕਿਸਾਨ ਕਿੰਨੇ ਅਤੇ ਕਿੱਥੇ ਰਹਿ ਗਏ। ਜਿਹੜੇ ਨਜ਼ਰ ਆਉਂਦੇ ਹਨ, ਉਹ ਕਿਸਾਨ ਨਹੀਂ, ਸਿਆਸਤਦਾਨ ਅਤੇ ਕਾਰੋਬਾਰੀ ਹਨ।

ਹੁਣ ਗੱਲ ਕਰਦੇ ਹਾਂ ਛੋਟੇ-ਵੱਡੇ ਕਿਸਾਨ ਕਿਹਨਾਂ ਅੰਕੜਿਆਂ ਅਨੁਸਾਰ ਵੰਡੇ ਜਾਂਦੇ ਹਨ 1.0 ਹੈਕਟੇਅਰ ਤੋਂ ਘੱਟ ਬਹੁਤ ਛੋਟਾ, ਜੋ ਕਿਸਾਨ ਹਾਸ਼ੀਏ 'ਤੇ ਹੈ। ਇੱਕ ਤੋਂ 2 ਹੈਕਟੇਅਰ ਵਾਲੇ ਛੋਟਾ ਕਿਸਾਨ; 2-4 ਹੈਕ: ਛੋਟਾ ਮੱਧ ਵਰਗ, 4 ਤੋਂ 10 ਹੈਕ: ਮੱਧ ਵਰਗ ਅਤੇ 10 ਹੈਕਟੇਅਰ ਤੋਂ ਵੱਧ ਵਾਲਾ ਵੱਡਾ ਕਿਸਾਨ। ਇਹ ਵੰਡ ਪ੍ਰਤੀ ਜੋਤਾਂ ਦੀ ਹੈ, ਯਾਨੀ ਤਕਰੀਬਨ ਐਨੇ ਪਰਵਾਰ ਸਾਂਝੀ ਵਾਹੀ ਕਰਦੇ ਹਨ। ਇਕ ਫਾਰਮ ਦੇ ਕਈ ਹਿੱਸੇਦਾਰ ਵੀ ਹੋ ਸਕਦੇ ਹਨ। ਮੇਰਾ ਕਹਿਣ ਦਾ ਭਾਵ ਹੈ ਜਿਹੜਾ 10 ਹੈਕਟੇਅਰ ਤੋਂ ਵੱਧ ਵਾਲਾ ਫਾਰਮ ਹੈ, ਉਸ ਦੇ ਹਿੱਸੇਦਾਰ ਇਕ ਤੋਂ ਵੱਧ ਵੀ ਹੋ ਸਕਦੇ ਹਨ। ਹੁਣ ਗੱਲ ਆਉਂਦੀ ਹੈ ਉਪਰੋਕਤ ਵੰਡ ਦੇ ਹਿਸਾਬ ਨਾਲ ਕਿੰਨੇ ਪ੍ਰਤੀਸ਼ਤ ਕਿਸਾਨ ਕਿਸ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਉਸ ਸ਼੍ਰੇਣੀ ਵਿੱਚ ਕਿੰਨੇ ਪ੍ਰਤੀਸ਼ਤ ਜ਼ਮੀਨ ਆਉਂਦੀ ਹੈ।

**ਸਾਰਣੀ : ਜ਼ਮੀਨ ਅਨੁਸਾਰ ਜੋਤਾਂ (ਹੋਲਡਿੰਗ) ਦੀ ਵੰਡ**

| ਰਕਬਾ (ਹੈਕ:) | ਔਸਤ ਜ਼ਮੀਨ | ਕਿਸਾਨਾਂ ਦੀ ਗਿਣਤੀ ਨੰਬਰ | (ਪ੍ਰਤੀਸ਼ਤ) | ਕੁੱਲ ਜ਼ਮੀਨ ਦਾ (ਪ੍ਰਤੀਸ਼ਤ) |
|---|---|---|---|---|
| <1.0 | 0.5 | 154412 | 14.14 | 2.0 |
| 1.0-2.0 | 1.5 | 207436 | 19.00 | 7.7 |
| 2.0-4.0 | 3.0 | 367938 | 33.70 | 27 |
| 4.0-10.0 | 7.0 | 305220 | 27.90 | 50 |
| >10.0 | 12.0 | 57707 | 5.28 | 13.3 |
| | | **1091713** | **100.00** | **100** |

**ਸਾਰਣੀ** ਵਿੱਚ, ਜੋ ਅੰਕੜੇ ਦਿੱਤੇ ਗਏ ਹਨ, ਉਨ੍ਹਾਂ ਮੁਤਾਬਕ ਇਕ ਲੱਖ ਚਰਵੰਜਾ ਹਜ਼ਾਰ ਕਿਸਾਨ ਉਹ ਹਨ, ਜਿਨ੍ਹਾਂ ਕੋਲ ਜ਼ਮੀਨ ਢਾਈ ਏਕੜ ਤੋਂ ਘੱਟ ਹੈ, ਜੋ ਹਰੇਕ ਕਿਸਾਨ ਕੋਲ ਔਸਤ ਸਵਾ ਏਕੜ ਆਉਂਦੀ ਹੈ। ਆਪਾਂ ਇਹ ਮੰਨ ਸਕਦੇ ਹਾਂ ਕਿ ਇਹ ਕਿਸਾਨ ਜੋ ਵੀ ਬੀਜਦਾ ਹੈ, ਉਹ ਉੱਪਜ ਘਰ ਵਿੱਚ ਹੀ ਖਪਤ ਹੋ ਜਾਂਦੀ ਹੈ, ਪਰ ਅਕਸਰ ਅਮਲੀ ਤੌਰ 'ਤੇ ਇਸ ਤਰ੍ਹਾਂ ਹੁੰਦਾ ਨਹੀਂ। ਕਿਸਾਨ ਆਪਣੀ ਆਮਦਨ ਵਧਾਉਣ ਲਈ ਜਾਂ ਡੇਅਰੀ ਦਾ ਧੰਦਾ ਸ਼ੁਰੂ ਕਰੇਗਾ ਜਾਂ ਸਬਜ਼ੀਆਂ ਬੀਜੇਗਾ, ਦੋਨੋਂ ਪਾਸੇ ਹੀ ਉਸ ਨੂੰ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਮੰਡੀ ਵਿੱਚ ਕੁਝ ਨਾ ਕੁਝ ਵੇਚਣਾ ਹੀ ਪੈਣਾ ਹੈ, ਭਾਵੇਂ ਦੁੱਧ ਵੇਚੇ ਭਾਵੇਂ ਸਬਜ਼ੀ/ ਸ਼ਹਿਦ ਆਦਿ। ਹਰ ਵਸਤੂ ਲਈ ਵਾਜਬ ਭਾਅ ਮਿਲਣਾ ਚਾਹੀਦਾ ਹੈ, ਜਿਸ ਨੂੰ ਐੱਮ ਐੱਸ ਪੀ ਕਹਿੰਦੇ ਹਨ। ਪੰਜਾਬ ਵਿੱਚ ਤਕਰੀਬਨ 74 ਲੱਖ ਬਿਜਲੀ ਦੇ ਕੁਨੈਕਸ਼ਨ ਹਨ ਅਤੇ 40.68 ਲੱਖ ਪਰਵਾਰਾਂ ਨੂੰ ਸਸਤਾ/ ਮੁਫਤ ਰਾਸ਼ਨ ਮਿਲਦਾ ਹੈ, ਜਿਸ ਵਿੱਚ ਉਪਰੋਕਤ ਪਰਵਾਰ ਵੀ ਆਉਂਦੇ ਹਨ। ਜੇ ਖਾਣ ਨੂੰ ਅਨਾਜ ਮੁਫਤ ਜਾਂ ਸਸਤਾ ਮਿਲ ਗਿਆ ਤਾਂ ਜੋ ਖੇਤ ਵਿੱਚੋਂ ਪੈਦਾ ਕੀਤਾ, ਉਸ ਦਾ ਬਹੁਤਾ ਹਿੱਸਾ ਮੰਡੀ ਵਿੱਚ ਹੀ ਵੇਚਿਆ ਜਾਵੇਗਾ।

ਇਸ ਤੋਂ ਉਪਰ ਦੋ ਲੱਖ ਸੱਤ ਹਜ਼ਾਰ ਪਰਵਾਰ ਇਹੋ ਜਿਹੇ ਹਨ, ਜਿਹੜੇ 2.5 ਏਕੜ ਤੋਂ 5 ਏਕੜ ਤੱਕ ਜ਼ਮੀਨ ਦੀ ਵਾਹੀ ਕਰਦੇ ਹਨ। ਇਨ੍ਹਾਂ ਵਿੱਚੋਂ ਹੀ ਕੁਝ ਪਰਵਾਰ ਇਹੋ ਜਿਹੇ ਹਨ, ਜਿਹੜੇ ਕੁੱਝ ਜ਼ਮੀਨ ਹਿੱਸੇ-ਠੇਕੇ 'ਤੇ ਲੈ ਕੇ ਵਾਹੁੰਦੇ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਮੰਡੀ ਵਿੱਚ ਵੇਚਣ ਲਈ ਕਣਕ-ਝੋਨਾ ਵੀ ਹੈ, ਜਿਸ ਦਾ ਪਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕੇਂਦਰ ਸਰਕਾਰ ਦੀ ਕਿਸਾਨ ਸਮਾਨ ਨਿੱਧੀ ਸਕੀਮ, ਜਿਸ ਤਹਿਤ ਹਰ ਚਾਰ ਮਹੀਨੇ ਬਾਦ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੇ ਖਾਤੇ ਵਿੱਚ 2000 ਰੁਪਏ ਪਾਏ ਜਾਂਦੇ ਹਨ। ਜਿਹੜੀ ਪਹਿਲੀ ਕਿਸ਼ਤ ਪੰਜਾਬ ਵਿੱਚ ਦਿੱਤੀ ਗਈ ਸੀ, ਉਹ 17.07 ਲੱਖ ਕਿਸਾਨਾਂ ਨੂੰ ਦਿੱਤੀ ਗਈ, ਜਿਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਵਿੱਚ 17.07 ਲੱਖ ਵਿਅਕਤੀਆਂ ਕੋਲ ਪੰਜ ਏਕੜ ਜਾਂ ਉਸ ਤੋਂ ਘੱਟ ਜ਼ਮੀਨ ਹੈ। ਜਦੋਂ ਤੋਂ ਸਰਕਾਰੀ ਖਰੀਦ ਦੀ ਪੇਮੈਂਟ ਕਿਸਾਨ ਦੇ ਖਾਤੇ ਵਿੱਚ ਸਿੱਧੀ ਜਾਣੀ ਸ਼ੁਰੂ ਹੋਈ ਹੈ, ਉਦੋਂ ਤੋਂ ਇਹ ਗਿਣਤੀ ਘਟ ਕੇ 9.33 ਲੱਖ ਰਹਿ ਗਈ।

ਇਸ ਤੋਂ ਅੱਗੇ 3,67,938 (33.7 ਫੀਸਦੀ) ਪਰਵਾਰ 2-4 ਹੈਕਟੇਅਰ, ਭਾਵ 5 ਤੋਂ 10 ਏਕੜ ਵਿਚਕਾਰ ਆਉਂਦੇ ਹਨ। 28 ਪ੍ਰਤੀਸ਼ਤ 4 ਤੋਂ 10 ਹੈਕਟੇਅਰ ਭਾਵ 10 ਤੋਂ 25 ਏਕੜ ਅਤੇ 5.3 ਫੀਸਦੀ 10 ਹੈਕਟੇਅਰ ਭਾਵ 25 ਏਕੜ ਤੋਂ ਉਪਰ ਵਾਲੇ। ਪੰਜਾਬ ਵਿੱਚ ਮਾਲ ਵਿਭਾਗ ਦੇ ਰਿਕਾਰਡ ਵਿੱਚ ਕੁੱਲ ਕਿੰਨੇ ਕਿਸਾਨ ਹਨ, ਇਸ ਦਾ ਅੰਕੜਾ ਸਰਕਾਰ ਦੀ ਕਿਸੇ ਸਾਈਟ ਤੋਂ ਮਿਲ ਨਹੀਂ ਰਿਹਾ, ਕਿਉਂਕਿ 5 ਏਕੜ ਤੋਂ ਹੇਠਾਂ ਵਾਲੇ ਕਿਸਾਨ 17 ਲੱਖ ਹਨ, ਜਦਕਿ 2 ਹੈਕਟੇਅਰ ਤੋਂ ਘੱਟ ਵਾਲੇ ਖੇਤੀ ਪਰਵਾਰਾਂ (ਜੋਤਾਂ) ਦੀ ਗਿਣਤੀ 3.88 ਲੱਖ ਬਣਦੀ ਹੈ, ਇਸ ਦਾ ਮਤਲਬ ਕੁੱਲ ਕਿਸਾਨਾਂ ਦੀ ਗਿਣਤੀ ਘੱਟੋ-ਘੱਟ 22 ਲੱਖ ਤੋਂ ਵੱਧ ਹੋਵੇਗੀ (10.91 ਲੱਖ ਜੋਤਾਂ)। ਉਧਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਾਲ 2000 ਦੇ ਆਸ-ਪਾਸ ਇਕ ਅੰਕੜਾ ਦਿੱਤਾ ਸੀ ਕਿ ਚਾਰ ਹੈਕਟੇਅਰ ਜ਼ਮੀਨ ਵਿੱਚੋਂ ਆਮਦਨ ਸਰਕਾਰ ਦੇ ਦਰਜਾ ਚਾਰ ਮੁਲਾਜ਼ਮ ਦੀ ਤਨਖਾਹ ਦੇ ਬਰਾਬਰ ਹੀ ਨਿਕਲਦੀ ਹੈ, ਭਾਵ ਜਿਹੜੇ ਪਰਵਾਰਾਂ/ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ, ਉਨ੍ਹਾਂ ਦੀ ਆਮਦਨ ਦਰਜਾ ਚਾਰ ਮੁਲਾਜ਼ਮ ਦੀ ਸਾਲਾਨਾ ਤਨਖਾਹ ਤੋਂ ਘੱਟ ਹੈ। ਇਸ ਦਾ ਮਤਲਬ ਸਾਡੇ 67 ਫੀਸਦੀ ਕਿਸਾਨਾਂ ਦੀ ਆਮਦਨ ਖੇਤੀ ਵਿੱਚੋਂ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਜਾਂ ਉਹਨਾਂ ਨਾਲੋਂ ਘੱਟ ਹੈ।

ਮੁੱਦੇ ਦੀ ਗੱਲ: ਹੁਣ ਗੱਲ ਕਰਦੇ ਹਾਂ ਅਸਲੀ ਮੁੱਦੇ ਦੀ ਕਿ ਛੋਟੇ ਕਿਸਾਨਾਂ ਕੋਲ ਵੇਚਣ ਨੂੰ ਕੁਝ ਨਹੀਂ, ਇਸ ਲਈ ਉਹਨਾਂ ਨੂੰ ਐੱਮ ਐੱਸ ਪੀ ਦਾ ਕੋਈ ਫਾਇਦਾ ਨਹੀਂ, ਪਰ ਜਿਸ ਤਰ੍ਹਾਂ ਆਪਾਂ ਉੱਪਰ ਵੇਖਿਆ ਹੈ ਕਿ ਸਿਰਫ 14 ਫੀਸਦੀ ਕਿਸਾਨ (ਇਕ ਹੈਕਟੇਅਰ ਤੋਂ ਘੱਟ) ਹੀ ਹਨ, ਜਿਹੜੇ ਕਣਕ, ਝੋਨਾ ਨਾ ਬੀਜਦੇ ਹੋਣ। ਇਹ ਹੀ ਦੋ ਮੁੱਖ ਫਸਲਾਂ ਹਨ, ਜਿਹੜੀਆਂ ਐੱਮ ਐੱਸ ਪੀ 'ਤੇ ਸਰਕਾਰ ਖਰੀਦਦੀ ਹੈ। 86 ਪ੍ਰਤੀਸ਼ਤ ਕਿਸਾਨ ਇਹ ਦੋਨੋਂ ਮੁੱਖ ਫਸ਼ਲਾਂ ਬੀਜਦੇ ਅਤੇ ਵੇਚਦੇ ਹਨ, ਕਿਉਂਕਿ ਕੁੱਲ ਪੈਦਾਵਾਰ ਦੀ 81 ਫੀਸਦੀ ਕਣਕ ਅਤੇ 94 ਫੀਸਦੀ ਧਾਨ ਮੰਡੀਆਂ ਵਿੱਚ ਵਿਕਦੇ ਹਨ। ਇਸ ਲਈ ਕਿਸਾਨਾਂ ਵਿੱਚ ਇਹ ਭਰਮ ਜਾਣ ਬੁੱਝ ਕੇ ਪੈਦਾ ਕੀਤਾ ਜਾ ਰਿਹਾ ਕਿ ਐੱਮ ਐੱਸ ਪੀ ਨਾਲ ਸਿਰਫ ਵੱਡੇ ਕਿਸਾਨਾਂ ਨੂੰ ਹੀ ਫਾਇਦਾ ਹੁੰਦਾ ਹੈ, ਛੋਟੇ ਕਿਸਾਨਾਂ ਨੂੰ ਫਾਇਦਾ ਨਹੀਂ। ਲਾਭ ਜ਼ਮੀਨ ਅਤੇ ਪੈਦਾਵਾਰ ਦੇ ਹਿਸਾਬ ਨਾਲ ਹੋਣਾ ਹੈ, ਜੇ ਛੋਟੇ ਕਿਸਾਨ ਨੂੰ ਫਾਇਦਾ ਘੱਟ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਐੱਮ ਐੱਸ ਪੀ ਨਾਂਅ ਦਿਓ। ਉਦਾਹਰਣ ਦੇ ਤੌਰ 'ਤੇ ਪੰਜਾਬ ਵਿੱਚ ਕਣਕ ਦਾ ਔਸਤ ਝਾੜ 20 ਕੁਇੰਟਲ ਪ੍ਰਤੀ ਏਕੜ ਹੈ ਅਤੇ 2275 ਰੁਪਏ ਦੇ ਹਿਸਾਬ ਨਾਲ ਇਕ ਏਕੜ ਦੀ ਕਣਕ 45500 ਦੀ ਵਿਕੀ, ਜੇ ਇਹੋ ਐੱਮ ਐੱਸ ਨਾਲ ਭਾਅ ਹੁੰਦਾ ਤਾਂ ਤਤਕਰੀਬਨ 60000 ਦੀ ਵਿਕਦੀ, ਮਤਲਬ ਉਸ ਨੂੰ 14500 ਰੁਪਏ ਵੱਧ ਮਿਲਦੇ, ਜਿਸ ਨਾਲ ਉਸ ਦੀਆਂ ਕਈ ਗਰਜ਼ਾਂ ਸਰਨੀਆਂ ਸਨ, ਜੇ ਉਹ ਇਹੋ ਸੋਚੀ ਜਾਵੇ ਗੁਆਂਢੀ ਨੇ ਤਾਂ 100 ਕੁਇੰਟਲ ਵੇਚਣੀ, ਇਸ ਹਿਸਾਬ ਨਾਲ ਉਸ ਨੂੰ 72500 ਰੁਪਏ ਦਾ ਫਾਇਦਾ ਹੋ ਜਾਊ। ਇਸ ਕਰਕੇ ਭਾਅ ਵੱਧ ਨਹੀਂ ਮਿਲਣਾ ਚਾਹੀਦਾ। ਆਪਣੀ ਸਮਰੱਥਾ ਅਨੁਸਾਰ ਹਰ ਇਕ ਨੂੰ ਫਾਇਦਾ ਹੋਵੇਗਾ। ਕਿਸਾਨ ਦੀ ਜੇਬ ਵਿੱਚ ਪੈਸਾ ਆਉਣ ਨਾਲ ਹਰ ਪੰਜਾਬੀ ਨੂੰ ਫਾਇਦਾ ਹੋਵੇਗਾ। ਕਿਸਾਨ ਨੇ ਪੈਸੇ ਏਥੋਂ ਬਾਹਰ ਨਹੀਂ ਲੈ ਕੇ ਜਾਣੇ, ਉਸ ਨੇ ਏਥੇ ਹੀ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਲੈਣੀਆਂ ਹਨ। ਕਿਸਾਨ ਨੂੰ ਵੱਧ ਪੈਸੇ ਮਿਲਣਗੇ ਤਾਂ ਲੇਬਰ ਨੂੰ ਵੱਧ ਮਿਲਣਗੇ, ਵਪਾਰ ਵਧੇਗਾ। ਵਪਾਰ ਵਧੇਗਾ ਤਾਂ ਇੰਡਸਟਰੀ ਵਧੇਗੀ। ਸਰਕਾਰ ਨੂੰ ਟੈਕਸ ਵੱਧ ਮਿਲੇਗਾ, ਜਿਸ ਨਾਲ ਉਹ ਮੁਲਾਜ਼ਮ ਭਰਤੀ ਕਰ ਸਕੇਗੀ ਜਾਂ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਵਾ ਸਕੇਗੀ। ਪੈਸੇ ਨਾਲ ਹੀ ਦੁਨੀਆਂ ਚਲਦੀ ਹੈ, ਜੇ ਬਾਕੀ ਸਭ ਨੂੰ ਪੈਸਾ ਚਾਹੀਦਾ ਹੈ ਤਾਂ ਥੋੜ੍ਹਾ ਕਿਸਾਨਾਂ ਨੂੰ ਵੀ ਦੇ ਦਿਓ। ਇਨ੍ਹਾਂ ਦੀ ਉੱਪਜ ਨੂੰ ਵੀ 'ਪਰਾਈਸ ਇੰਡੈਕਸ' ਨਾਲ ਜੋੜ ਦਿਓ। ਕੋਈ ਸਾਲ ਮਿਥ ਲਓ, 1980 ਲੈ ਲਓ 2000 ਲੈ ਲਓ।

ਮੈਂ ਇਕ ਵਾਰ ਫਿਰ ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਸਭ ਤੋਂ ਔਖਾ ਕੰਮ ਕਰਨ ਵਾਲੇ ਭਰਾਵਾਂ ਦੀ ਜਿੰਨੀ ਮਦਦ ਹੋ ਸਕਦੀ ਹੈ ਕਰੋ। ਮੇਰੀ ਕਿਸਾਨ ਯੂਨੀਅਨਾਂ ਨੂੰ ਵੀ ਬੇਨਤੀ ਹੈ ਕਿ ਜੋ ਮੁੱਦਾ ਉਠਾਉਣਾ ਹੈ, ਸਾਰੇ ਇਕੱਠੇ ਹੋ ਕੇ ਸਲਾਹ ਨਾਲ ਚੁਕੋ, ਇਕੱਲੇ-ਇਕੱਲੇ ਹੋਣ ਨਾਲ ਮਸਲੇ ਹੱਲ ਨਹੀਂ ਹੋਣੇ।

*# ਸੰਪਰਕ : 96537-90000*

# ਜਾਤ-ਪਾਤ ਦੇ ਸੰਦਰਭ 'ਚ ਗੁਰਬਾਣੀ ਦਾ ਸੰਦੇਸ਼

**ਜਗਦੇਵ ਸ਼ਰਮਾ ਬੁਗਰਾ**

ਜਾਤ-ਪਾਤ ਸਾਡੇ ਅੱਜ ਦੇ ਸੱਭਿਆ ਸਮਾਜ ਉੱਤੇ ਬਹੁਤ ਵੱਡਾ ਧੱਬਾ ਹੈ । ਜਾਤ ਨੂੰ ਕੰਮ ਨਾਲ ਜੋੜ ਕੇ ਸਮਾਜ ਨੂੰ ਛੋਟਿਆਂ, ਵੱਡਿਆਂ ਜਾਂ ਊਚ-ਨੀਚ ਬਣਾਉਣਾ ਹੋਰ ਵੀ ਘਿਨਾਉਣਾ ਅਤੇ ਨਿੰਦਣਯੋਗ ਹੈ । ਇੱਕ ਅਜਿਹਾ ਵਰਗ ਨੀਯਤ ਕਰਨਾ ਜਿਸ ਨੂੰ ਅਛੂਤ ਕਿਹਾ ਜਾਂਦਾ ਹੋਵੇ , ਵਾਹਿਗੁਰੂ ਦੀਆਂ ਨਜ਼ਰਾਂ ਵਿੱਚ ਸੋਚਣਾ ਵੀ ਪਾਪ ਹੈ। ਸਾਡੇ ਪੀਰਾਂ-ਪੈਗੰਬਰਾਂ ਨੇ , ਗੁਰੂਆਂ ਨੇ , ਸਮਾਜ ਸੁਧਾਰਕਾਂ ਨੇ ਅਜਿਹੇ ਪ੍ਰਬੰਧ ਦੀ ਘੋਰ ਨਿੰਦਿਆ ਕੀਤੀ ਹੈ। ਜ਼ਿਆਦਾਤਰ ਯੂਰਪੀ ਵਿਕਸਤ ਦੇਸ਼ਾਂ ਵਿੱਚ ਇਹ ਪ੍ਰਕਲਣ ਨਾਮਾਤਰ ਹੈ, ਪ੍ਰੰਤੂ ਏਸ਼ੀਆ ਖਿੱਤੇ ਦੇ ਦੇਸਾਂ ਨੂੰ ਅੱਜ 21ਵੀਂ ਸਦੀ ਵਿੱਚ ਵੀ ਜਾਤ ਧਰਮ ਨੇ ਜਕੜ ਰੱਖਿਆ ਹੈ । ਭਾਰਤੀ ਸੰਵਿਧਾਨ ਵੀ ਇਸ ਜਾਤ-ਪਾਤ ਵਿਰੋਧੀ ਸਿੱਖੀ ਸਿਧਾਂਤ ਦੀ ਸ਼ਾਹਦੀ ਭਰਦਾ ਹੈ । ਸੰਵਿਧਾਨ ਦੇ ਅਨੁਛੇਦ 15 ਦੇ ਅਧੀਨ ਵਿਚਾਰਿਆ ਗਿਆ ਹੈ ਕਿ ਰਾਜ ਵਿੱਚ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ, ਨਸਲ, ਲਿੰਗ ਅਤੇ ਜਨਮ ਦਾ ਭੇਦ-ਭਾਵ ਨਹੀਂ ਕੀਤਾ ਜਾਵੇਗਾ। ਆਓ, ਦੇਖੀਏ ਗੁਰਬਾਣੀ ਵਿੱਚ ਜਾਤ-ਪਾਤ , ਛੂਆ-ਛੂਤ ਬਾਰੇ ਕਿਸ ਤਰਾਂ ਦੇ ਵਿਚਾਰ ਪ੍ਰਗਟਾਏ ਗਏ ਹਨ:

ਜਾਤਿ ਜਨਮੁ ਨਹ ਪੂਛੀਐ ਸਚ ਘਰ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥
(ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ 1330 )

ਭਾਵ ਸਾਨੂੰ ਇਹ ਨਹੀਂ ਪੁੱਛਣਾ ਚਾਹੀਦਾ ਕਿ ਕਿਸ ਦੀ ਜਾਤ ਕਿਹੜੀ ਹੈ , ਕਿਸ ਕੁਲ ਵਿਚ ਉਸ ਦਾ ਜਨਮ ਹੋਇਆ ਹੈ । ਜਿਹੋ ਜਿਹੇ ਅਸੀਂ ਕਰਮ ਕਮਾਵਾਂਗੇ , ਇਹ ਹੀ ਸਾਡੀ ਜਾਤੀ ਅਤੇ ਸਮਾਜ ਵਿਚ ਸਾਨੂੰ ਮਿਲਣ ਵਾਲੀ ਇੱਜ਼ਤ ਨਿਰਧਾਰਤ ਕਰਨਗੇ ।

ਗੁਰਬਾਣੀ ਵਿੱਚ ਗੁਰੂਆਂ, ਪੀਰਾਂ ਦੀ ਬਾਣੀ , ਭਗਤਾਂ ਦੀ ਬਾਣੀ ਨੂੰ ਬਿਨਾਂ ਓਹਨਾਂ ਦੀ ਜਾਤ ਜਾਣੇ ਜਾਂ ਸਮਾਜ ਵਿਚ ਉਨ੍ਹਾਂ ਦਾ ਰੁਤਬਾ ਜਾਣੇ ਬਿਨਾਂ ਸ਼ਾਮਲ ਕੀਤਾ ਗਿਆ ਹੈ । ਵਰਨ ਵੰਡ , ਊਚ-ਨੀਚ , ਜਾਤ-ਪਾਤ, ਰੰਗ, ਨਸਲ ਤੋਂ ਉੱਪਰ ਉੱਠ ਕੇ ਵਿਚਰਿਆ ਗਿਆ ਹੈ ਬਾਣੀ ਵਿੱਚ :

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥*
*ਚਾਰੇ ਵਰਨ ਆਖੈ ਸਭੁ ਕੋਈ ॥*
*ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥*
*ਮਾਟੀ ਏਕ ਸਗਲ ਸੰਸਾਰਾ ॥*
*ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥*
*ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥*
*ਘਟਿ ਵਧਿ ਕੋ ਕਰੈ ਬੀਚਾਰਾ ॥੪॥*
*ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥*
*ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥*

ਉਪਰੋਕਤ ਸ਼ਬਦ ਅਨੁਸਾਰ ਮੂਰਖ ਮਨੁੱਖ ਨੂੰ ਜਾਤੀ ਦਾ ਗਰਭ ਕਰਨ ਤੋਂ ਵਰਜਿਆ ਗਿਆ ਹੈ, ਕਿਉਂਕਿ ਅਜਿਹਾ ਹੰਕਾਰ ਬਹੁਤ ਸਾਰੇ ਵਿਗਾੜਾਂ ਨੂੰ ਜਨਮ ਦਿੰਦਾ ਹੈ । ਤਥਾਕਥਿਤ ਚਾਰੇ ਵਰਨਾਂ ਦੇ ਇਨਸਾਨਾਂ ਦੀ ਉਤਪਤੀ ਇੱਕੋ ਹੀ ਬ੍ਰਹਮ ਬਿੰਦ ਤੋਂ ਹੋਈ ਹੈ । ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਵੱਖੋ-ਵੱਖਰੇ ਭਾਂਡੇ ਬਣਾ ਦਿੰਦਾ ਹੈ, ਉਸ ਤਰਾਂ ਵਾਹਿਗੁਰੂ ਇੱਕੋ ਜੋਤ ਤੋਂ ਸਾਰਾ ਸੰਸਾਰ ਬਣਾ ਦਿੰਦਾ ਹੈ । ਸਾਰੇ ਹੀ ਪੰਜ ਤੱਤਾਂ ਦੇ ਪੁਤਲੇ ਹਨ, ਵਰਨਾਂ ਅਨੁਸਾਰ ਘੱਟ-ਵੱਧ ਤੱਤ ਕਿਸੇ ਵਿੱਚ ਵੀ ਨਹੀਂ ਹਨ ।

ਗੁਰੂ ਰਵਿਦਾਸ ਜੀ ਨੇ ਸਾਰੇ ਮਨੁੱਖਾਂ ਦੇ ਬਰਾਬਰ ਹੋਣ ਦੀ ਗੱਲ ਵਾਰ-ਵਾਰ ਦੁਹਰਾਈ ਅਤੇ ਕਿਹਾ ਹੈ:

ਏਕੇ ਮਾਟੀ ਕੇ ਸਭਿ ਭਾਂਡੇ, ਸਭਕਾ ਏਕੈ ਸਿਰਜਨਹਾਰਾ।

ਰਵਿਦਾਸ ਜੀ ਅਨੁਸਾਰ :

ਰਵਿਦਾਸ ਜਨਮ ਕੇ ਕਾਰਨੈ, ਹੋਤ ਨਾ ਕੋਊ ਨੀਚ ।
ਨਰ ਕੂੰ ਨੀਚ ਕਰ ਡਾਰਿਹੈਂ, ਓਛੇ ਕਰਮ ਕੌ ਕੀਚ।।

ਭਾਵ: ਜਨਮ ਕਾਰਨ ਕੋਈ ਛੋਟਾ ਨਹੀਂ ਹੋ ਜਾਂਦਾ । ਬੰਦੇ ਨੂੰ ਉਸ ਦੇ ਕੰਮ ਨੀਚ ਬਣਾਉਂਦੇ ਹਨ ।

ਅਵਲਿ ਅਲਹ ਨੂਰ ਉਪਾਇਆ, ਕੁਦਰਤਿ ਕੇ ਸਭਿ ਬੰਦੇ॥ ਏਕੁ ਨੂਰ ਤੇ ਸਭਿ ਜਗ ਉਪਜਿਆ, ਕਉਣ ਭਲੇ ਕਉਣ ਮੰਦੇ ॥ (੧੩੪੯),

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਆਪਣੇ ਉਪਰੋਕਤ ਸ਼ਬਦ ਵਿੱਚ ਭਗਤ ਕਬੀਰ ਜੀ ਨੇ ਸੰਸਾਰ ਦੇ ਸਾਰੇ ਬੰਦਿਆਂ ਨੂੰ ਇੱਕ ਨੂਰ ਤੋਂ ਉਪਜੇ ਦੱਸਿਆ ਹੈ । ਜੇਕਰ ਪੈਦਾ ਕਰਨ ਵਾਲਾ ਨੂਰ ਇੱਕੋ ਹੈ, ਫਿਰ ਕੁਛ ਕੁ ਲੋਕ ਚੰਗੇ ਅਤੇ ਕੁਛ ਮਾੜੇ ਕਿਵੇਂ ਹੋਏ ?

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂੰ ਅਤਿ ਨੀਚੁ॥
ਨਾਨਕ ਤਿਨ ਕੇ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥ (ਪੰਨਾ : 15)

ਬਾਬੇ ਨਾਨਕ ਦੀ ਸੋਚ ਸੀ ਕਿ ਤਥਾ ਕਥਿਤ ਸਭ ਤੋਂ ਨੀਚੀਆਂ ਜਾਤਾਂ ਨਾਲ ਸਾਥ ਰੱਖਿਆ ਜਾਵੇ, ਕਿਉਂਕਿ ਅਸੀਂ ਵੱਡੀਆਂ ਦੀ ਰੀਸ ਨਹੀਂ ਕਰ ਸਕਦੇ । ਇਸੇ ਕਰਕੇ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਆਪਣੇ ਰਬਾਬੀ ਸੰਗੀ ਹੋਣ ਦਾ ਮਾਣ ਬਖਸ਼ਿਆ ਅਤੇ ਮਰਦਾਨਾ ਚਾਰੇ ਉਦਾਸੀਆਂ ਵੇਲੇ ਨਾਨਕ ਜੀ ਦੇ ਸਾਥ ਰਿਹਾ ।

ਏਕੁ ਪਿਤਾ ਏਕਸ ਕੇ ਹਮ ਬਾਰਿਕ ।।
ਤੁਮ ਮਾਤ ਪਿਤਾ, ਹਮ ਬਾਰਿਕ ਤੇਰੇ ।।

ਬਾਣੀ ਅਨੁਸਾਰ ਅਸੀਂ ਸਾਰੇ ਇੱਕ ਪ੍ਰਭੂ ਨਾਮਕ ਪਿਤਾ ਦੀ ਔਲਾਦ ਹਾਂ। ਜੇਕਰ ਸਾਡਾ ਸਾਰਿਆਂ ਦਾ ਪਿਤਾ ਇੱਕ ਹੈ ਤਾਂ ਸਾਡੀਆਂ ਜਾਤਾਂ ਅੱਡ-ਅੱਡ ਅਤੇ ਉੱਚੀਆਂ-ਨੀਚੀਆਂ ਕਿਸ ਤਰਾਂ ਹੋਈਆਂ ?

ਖਸਮ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥

ਭਾਵ ਨਾਮ ਤੋਂ ਸੱਖਣਾ ਜ਼ਿੰਦਗੀ ਜਿਉਣ ਵਾਲਾ ਹੀ ਨੀਚ ਜਾਤੀ ਦਾ ਹੋ ਸਕਦਾ ਹੈ । ਜੇਕਰ ਕੋਈ ਨੀਚ ਹੈ ਤਾਂ ਉਹ ਹੈ ਆਪਣੇ ਸੱਚੇ ਮਾਲਿਕ ਨੂੰ ਹੀ ਵਿਸਾਰ ਦੇਣ ਵਾਲਾ ।

ਨਤੀਜਾ ਕੱਢ ਸਕਦੇ ਹਾਂ ਕਿ ਸਿੱਖਾਂ ਦੀ ਕੋਈ ਜਾਤ ਨਹੀਂ ਹੁੰਦੀ ,ਜਿਨ੍ਹਾਂ ਦੀ ਜਾਤ ਹੈ ਉਹ ਗੁਰਬਾਣੀ ਅਨੁਸਾਰ ਸਿੱਖ ਨਹੀਂ ।

*ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥*

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਾਂ ਦੇ ਗਰਭ ਵਿੱਚ ਰਹਿੰਦਿਆਂ ਕਿਸੇ ਨੂੰ ਆਪਣੀ ਕੁਲ ਦਾ ਕੋਈ ਗਿਆਨ ਨਹੀਂ ਹੁੰਦਾ, ਸਗੋਂ ਸਾਰੇ ਇਨਸਾਨ ਪਰਮਾਤਮਾ ਦੀ ਅੰਸ਼ ਹਨ । ਐ ਬ੍ਰਾਹਮਣ ! ( ਮਤਲਬ ਤਥਾ ਕਥਿਤ ਉੱਚੀ ਕੁਲ ਦੇ ਬੰਦੇ ) ਤੂੰ ਬ੍ਰਾਹਮਣ ਕਦੋਂ ਤੋਂ ਹੋ ਗਿਆ ? ਆਪਣੇ ਆਪ ਨੂੰ ਬ੍ਰਾਹਮਣ ਕਹਿ-ਕਹਿ ਕੇ ਜਨਮ ਬਿਰਥਾ ਨਾ ਗਵਾ ਅਰਥਾਤ ਉੱਚੀ ਜਾਤ ਵਿੱਚ ਪੈਦਾ ਹੋਣ ਦਾ ਗੁਮਾਨ ਨਾ ਕਰ, ਸਗੋਂ ਬਾਣੀ ਦੇ ਲੜ ਲੱਗ ਕੇ ਸੁੱਚੇ ਕਰਮ ਕਰ ।

*# ਸੰਪਰਕ : 98727-87243*

**ਝੰਡਾ ਦਿਵਸ 'ਤੇ ਵਿਸ਼ੇਸ਼**

# ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦਾ ਪ੍ਰਤੀਕ ਤਿਰੰਗਾ

**ਸੁਖਵੰਤ ਚੇਤਨਪੁਰੀ**

ਭਾਰਤ ਦੇ ਰਾਸ਼ਟਰੀ ਝੰਡੇ ਵਿੱਚ ਤਿੰਨ ਰੰਗ ਕੇਸਰੀ, ਚਿੱਟਾ ਅਤੇ ਹਰਾ ਹੋਣ ਕਾਰਨ ਝੰਡੇ ਨੂੰ ਤਿਰੰਗਾ ਕਿਹਾ ਜਾਂਦਾ ਹੈ। 22 ਜੁਲਾਈ 1947 ਨੂੰ ਹੋਈ ਸੰਵਿਧਾਨ ਸਭਾ ਦੀ ਮੀਟਿੰਗ ਵਿੱਚ ਇਸ ਝੰਡੇ ਨੂੰ ਪ੍ਰਵਾਨ ਕੀਤਾ ਗਿਆ ਸੀ ਅਤੇ 15 ਅਗਸਤ 1947 ਨੂੰ ਭਾਰਤ ਦੇ ਅਜ਼ਾਦ ਹੋਣ ਦੇ ਨਾਲ ਹੀ ਇਹ ਭਾਰਤ ਦੇਸ਼ ਦਾ ਅਧਿਕਾਰਤ ਝੰਡਾ ਬਣ ਗਿਆ। ਸਭ ਤੋਂ ਪਹਿਲਾਂ 7 ਅਗਸਤ 1906 ਨੂੰ ਕਲਕੱਤਾ ਦੇ ਇੱਕ ਸਮਾਗਮ ਵਿੱਚ ਸੁਰਿੰਦਰ ਨਾਥ ਬੈਨਰਜੀ ਵੱਲੋਂ ਦੇਸ਼ ਦਾ ਕੌਮੀ ਝੰਡਾ ਲਹਿਰਾਇਆ ਗਿਆ । ਬੈਨਰਜੀ ਵੱਲੋਂ ਲਹਿਰਾਏ ਗਏ ਝੰਡੇ ਵਿੱਚ ਲਾਲ, ਪੀਲੇ ਅਤੇ ਹਰੇ ਰੰਗ ਦੀਆਂ ਤਿੰਨ ਪੱਟੀਆਂ ਸਨ। ਹਰੀ ਪੱਟੀ ਵਿੱਚ ਕਮਲ ਦੇ ਫੁੱਲਾਂ ਦੇ ਅੱਠ ਚਿੱਟੇ ਰੰਗ ਦੇ ਨਿਸ਼ਾਨ, ਲਾਲ ਪੱਟੀ ਉੱਤੇ ਚੰਨ, ਸੂਰਜ ਅਤੇ ਪੀਲੇ ਰੰਗ ਉਪਰ ਵੰਦੇ ਮਾਤਰਮ ਲਿਖਿਆ ਹੋਇਆ ਸੀ। ਮੈਡਮ ਕਾਮਾ ਨੇ 18 ਅਗਸਤ 1907 ਵਿੱਚ ਜਰਮਨੀ ਦੇ ਇਕ ਸਮਾਗਮ ਵਿੱਚ ਇੱਕ ਹੋਰ ਝੰਡਾ ਲਹਿਰਾਇਆ, ਜੋ 1916 ਤੱਕ ਪ੍ਰਵਾਨ ਰਿਹਾ । ਇਸ ਝੰਡੇ ਵਿੱਚ ਲਾਲ, ਪੀਲੀਆਂ ਤੇ ਹਰੀਆਂ ਤਿੰਨ ਧਾਰੀਆਂ ਸਨ । ਸਭ ਤੋਂ ਉਪਰ ਲਾਲ ਧਾਰੀ ਵਿੱਚ ਸੱਤ ਤਾਰੇ ਅਤੇ ਕਮਲ ਫੁੱਲ ਦਾ ਨਿਸ਼ਾਨ ਸੀ । ਵਿਚਲੀ ਪੀਲੀ ਪੱਟੀ ਵਿੱਚ ਵੰਦੇ ਮਾਤਰਮ ਨੀਲੇ ਰੰਗ ਨਾਲ ਲਿਖਿਆ ਹੋਇਆ ਸੀ ਅਤੇ ਸਭ ਤੋਂ ਹੇਠਾਂ ਹਰੀ ਪੱਟੀ ਵਿੱਚ ਤਾਰਾ ਅਤੇ ਚੰਦਰਮਾ ਬਣਿਆ ਹੋਇਆ ਸੀ। ਇਸ ਪਿਛੋਂ ਐਨੀ ਬੇਸੈਂਟ ਤੇ ਬਾਲ ਗੰਗਾਧਰ ਤਿਲਕ ਵੱਲੋਂ ਵੀ ਝੰਡਾ ਤਿਆਰ ਕੀਤਾ ਗਿਆ, ਜਿਸ ਦਾ ਵਿਰੋਧ ਹੋ ਗਿਆ । ਇਸ ਝੰਡੇ ਵਿੱਚ ਉਹਨਾਂ ਵੱਲੋਂ ਪੰਜ ਲਾਲ ਅਤੇ ਪੰਜ ਹਰੀਆਂ ਪੱਟੀਆਂ ਬਣਾਈਆਂ ਗਈਆਂ ਸਨ। ਹਰੀ ਪੱਟੀ ਵਿੱਚ ਸੱਤ ਤਾਰੇ ਬਣਾ ਕੇ ਸਪਤ-ਰਿਸ਼ੀ ਦਾ ਨਾਂਅ ਦਿੱਤਾ ਗਿਆ ਸੀ ਅਤੇ ਇਕ ਨੁੱਕਰ ਵਿੱਚ ਯੂਨੀਅਨ ਜੈਕ ਦਾ ਨਿਸ਼ਾਨ ਬਣਾਇਆ ਗਿਆ। ਉਪਰੰਤ ਸ੍ਰੀਮਤੀ ਐਨੀ ਬੇਸੈਂਟ ਵੱਲੋਂ ਹਿੰਦੂ ਅਤੇ ਮੁਸਲਮਾਨ ਦੋਵਾਂ ਨੂੰ ਖੁਸ਼ ਕਰਨ ਲਈ ਦੋ ਰੰਗਾਂ ਹਰਾ ਅਤੇ ਲਾਲ ਰੰਗ ਦਾ ਝੰਡਾ ਬਣਾਉਣ ਦਾ ਸੁਝਾਅ ਦਿੱਤਾ ਗਿਆ, ਪਰ ਮਹਾਤਮਾ ਗਾਂਧੀ ਵੱਲੋਂ ਇਸ ਵਿੱਚ ਤੀਸਰਾ ਰੰਗ ਸ਼ਾਮਲ ਕਰਨ ਅਤੇ ਵਿਚਕਾਰਲੀ ਪੱਟੀ 'ਤੇ ਚਰਖੇ ਦਾ ਨਿਸ਼ਾਨ ਬਣਾਉਣ ਦਾ ਸੁਝਾਅ ਦਿੱਤਾ ਗਿਆ, ਜੋ ਰੱਦ ਹੋ ਗਿਆ।1931 ਵਿੱਚ ਇੱਸ ਸਬੰਧੀ ਇਕ ਕਮੇਟੀ ਬਣਾਈ ਗਈ ਅਤੇ ਕਾਕਾ ਕਾਲੇਕਰ ਨੇ ਵੀ ਚਰਖੇ ਦਾ ਸੁਝਾਅ ਦਿੱਤਾ, ਪਰ ਉਹ ਵੀ ਰੱਦ ਹੋ ਗਿਆ। ਮੌਲਾਨਾ ਅਬੁਲ ਕਲਾਮ ਆਜ਼ਾਦ ਨੇ ਚਰਖੇ ਦੀ ਜਗ੍ਹਾ ਕਪਾਹ ਦੇ ਫੁੱਲ ਦੀ ਸਲਾਹ ਦਿੱਤੀ। ਅਖੀਰ ਵਿੱਚ ਕੇਸਰੀ ਰੰਗ ਦੀ ਪੱਟੀ ਨੂੰ ਕੁਰਬਾਨੀ ਦੀ ਪ੍ਰਤੀਕ, ਵਿਚਕਾਰਲੀ ਚਿੱਟੀ ਪੱਟੀ ਸ਼ਾਂਤੀ ਅਤੇ ਸਫਾਈ ਦੀ ਪ੍ਰਤੀਕ, ਸਾਰਨਾਥ ਦੀ ਲਾਠ ਉਤੇ ਬਣੇ ਅਸ਼ੋਕ ਦੇ 24 ਲਕੀਰਾਂ ਵਾਲੇ ਚੱਕਰ ਅਤੇ ਹੇਠਾਂ ਹਰੇ ਰੰਗ ਦੀ ਪੱਟੀ ਖੁਸ਼ਹਾਲੀ ਦੀ ਪ੍ਰਤੀਕ ਵਜੋਂ ਮੰਨ ਕੇ ਝੰਡਾ ਬਣਾਉਣਾ ਮਨਜ਼ੂਰ ਕਰ ਲਿਆ ਗਿਆ। ਇਸ ਦਾ ਡੀਜ਼ਾਇਨ ਲੈਫਟੀਨੈਂਟ ਪਿੰਗਲੀ ਵੈਂਕਈਆ ਨੇ ਤਿਆਰ ਕੀਤਾ। 22 ਜੁਲਾਈ 1947 ਦੇ ਸੰਵਿਧਾਨ ਸਭਾ ਦੇ ਫੈਸਲੇ ਅਨੁਸਾਰ ਦੇਸ਼ ਦੇ ਅਜ਼ਾਦ ਹੋਣ 'ਤੇ 16 ਅਗਸਤ 1947 ਨੂੰ ਪਹਿਲੀ ਵਾਰ ਇੱਹ ਝੰਡਾ ਲਾਲ ਕਿਲ੍ਹੇ ਤੇ ਲਹਿਰਾਇਆ ਗਿਆ। 26 ਜਨਵਰੀ ਨੂੰ ਰਾਸ਼ਟਰਪਤੀ ਅਤੇ 15 ਅਗਸਤ ਨੂੰ ਪ੍ਰਧਾਨ ਮੰਤਰੀ ਵੱਲੋਂ ਹਰੇਕ ਸਾਲ ਲਾਲ ਕਿਲ੍ਹੇ 'ਤੇ ਦਿੱਲੀ ਵਿਖੇ ਤਿਰੰਗਾ ਝੰਡਾ ਲਹਿਰਾਇਆ ਜਾਂਦਾ ਹੈ। ਝੰਡੇ ਦਾ ਸਾਈਜ਼ 3:2 ਅਤੇ ਖੱਦਰ ਦੇ ਕੱਪੜੇ ਦਾ ਬਣਿਆ ਹੋਣਾ ਚਾਹੀਦਾ ਹੈ। ਝੰਡੇ ਨੂੰ ਸਵੇਰ ਸਮੇਂ ਲਹਿਰਾ ਕੇ ਸ਼ਾਮ ਨੂੰ ਉਤਾਰਨਾ ਹੁੰਦਾ ਹੈ।

ਹਰ ਦੇਸ਼ ਦਾ ਕੌਮੀ ਝੰਡਾ ਅਤੇ ਕੌਮੀ ਗੀਤ ਆਪਣਾ-ਆਪਣਾ ਹੁੰਦਾ ਹੈ। ਆਪਣੇ ਦੇਸ਼ ਦੇ ਝੰਡੇ 'ਤੇ ਹਰੇਕ ਨਾਗਰਿਕ ਨੂੰ ਮਾਣ ਹੋਣਾ ਚਾਹੀਦਾ ਹੈ। ਸਾਡੇ ਦੇਸ਼ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਲਈ ਲੱਖਾਂ ਸੂਰਮਿਆਂ ਨੂੰ ਕੁਰਬਾਨੀਆਂ ਕਰਨੀਆਂ ਪਈਆਂ, ਪਰ ਆਜ਼ਾਦੀ ਤੋਂ ਪਿੱਛੋਂ ਵੀ ਦੇਸ਼ ਲਈ ਜਾਨਾਂ ਵਾਰਨ ਵਾਲੇ ਸੈਨਿਕਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਵੇਖ ਕੇ ਜੁਲਾਈ 1948 ਵਿੱਚ ਉਹਨਾਂ ਦੀ ਮਦਦ ਲਈ ਇੱਕ ਰੱਖਿਆ ਕਮੇਟੀ ਬਣਾਈ ਗਈ। ਕਮੇਟੀ ਨੇ ਤਿੰਨਾਂ ਸੈਨਾਵਾਂ ਦੇ ਪਰਵਾਰਾਂ ਦੀ ਮਦਦ ਲਈ ਇੱਕ ਭਲਾਈ ਫੰਡ ਬਣਾਇਆ ਅਤੇ ਦਾਨ ਫੰਡ ਇਕੱਠਾ ਕਰਨ ਦਾ ਫੈਸਲਾ ਕੀਤਾ। 28 ਅਗਸਤ 1949 ਨੂੰ ਉਸ ਸਮੇਂ ਦੇ ਰੱਖਿਆ ਮੰਤਰੀ ਦੀ ਪ੍ਰਧਾਨਗੀ ਵਿਚ ਬਣੀ ਕਮੇਟੀ ਨੇ 7 ਦਸੰਬਰ ਨੂੰ ਹਰੇਕ ਸਾਲ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਉਣ ਦਾ ਫੈਸਲਾ ਕੀਤਾ । ਅਜ਼ਾਦੀ ਤੋ ਪਹਿਲਾਂ ਇਹ ਦਿਨ ਪੋਪੀ ਦਿਵਸ ਵਜੋਂ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਂਦਾ ਸੀ। ਇਸ ਦਿਨ ਪੋਪੀਜ ਚਿੰਨ੍ਹ ਲੋਕਾਂ ਵਿੱਚ ਵੰਡਿਆ ਜਾਂਦਾ ਸੀ, ਜਿਸ ਵਜੋਂ ਲੋਕ ਦਾਨ ਦਿੰਦੇ ਸਨ ਅਤੇ ਦਾਨ ਵਜੋਂ ਇਕੱਤਰ ਕੀਤੀ ਗਈ ਰਕਮ ਅੰਗਰੇਜ਼ੀ ਫੌਜ ਦੇ ਸਾਬਕਾ ਸੈਨਿਕਾਂ ਦੀ ਐਸੋਸੀਏਸ਼ਨ ਦੇ ਖਾਤੇ ਵਿੱਚ ਜਮ੍ਹਾਂ ਹੁੰਦੀ ਸੀ । ਇਸ ਦਿਵਸ ਨੂੰ ਮਨਾਉਣ ਦਾ ਉਦੇਸ਼ ਦੇਸ਼ ਦੀਆਂ ਤਿੰਨੇ ਜਲ, ਥਲ ਅਤੇ ਹਵਾਈ ਸੈਨਾਵਾਂ ਦੇ ਪਰਵਾਰਾਂ ਦੀ ਭਲਾਈ ਲਈ ਫੰਡ ਇਕੱਠਾ ਕਰਕੇ ਉਹਨਾਂ ਦੀ ਭਲਾਈ ਲਈ ਵਰਤਣਾ ਸੀ। ਫੰਡ ਇਕੱਠਾ ਕਰਨ ਲਈ ਵੱਖ-ਵੱਖ ਵਿਭਾਗਾਂ ਨੂੰ ਝੰਡੇ ਦੇ ਚਿੰਨ੍ਹ ਵਾਲੇ ਕੂਪਨ ਦਿੱਤੇ ਗਏ। ਇਹ ਦਿਨ ਉਹਨਾਂ ਸ਼ਹੀਦ ਫੌਜੀਆਂ ਪ੍ਰਤੀ ਸਦਭਾਵਨਾ ਅਤੇ ਬਹਾਦਰੀ ਦੀ ਯਾਦ ਨੂੰ ਵੀ ਤਾਜ਼ਾ ਕਰਵਾਉਂਦਾ ਹੈ, ਜਿਨ੍ਹਾਂ ਜੰਗਲਾਂ, ਪਹਾੜਾਂ, ਬਰਫੀਲੀਆਂ, ਪਥਰੀਲੀਆਂ ਅਤੇ ਮਾਰੂਥਲਾਂ ਵਿਚ ਆਪਣੇ ਦੇਸ਼ ਦੀ ਰੱਖਿਆ ਕਰਦਿਆਂ ਜਾਨਾਂ ਵਾਰੀਆਂ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਹੋਈਆਂ ਸਾਰੀਆਂ ਜੰਗਾਂ ਵਿੱਚ ਤਿੰਨਾਂ ਸੈਨਾਵਾਂ ਦੇ 19000 ਤੋਂ ਵੱਧ ਫੌਜੀ ਜਵਾਨਾਂ ਨੇ ਕੁਰਬਾਨੀਆਂ ਦਿੱਤੀਆਂ ਹਨ, 33,000 ਦੇ ਲੱਗਭੱਗ ਜਵਾਨ ਜ਼ਖ਼ਮੀ ਹੋਏ ਹਨ ਅਤੇ 60000 ਦੇ ਕਰੀਬ ਸੈਨਿਕਾਂ ਦੀਆਂ ਪਤਨੀਆਂ ਵਿਧਵਾਵਾਂ ਹੋਈਆਂ। ਇਸ ਦਿਨ ਨੂੰ ਮਨਾਉਣ ਦਾ ਅਸਲ ਮਨੋਰਥ ਦੇਸ਼ ਦੇ ਵਸਨੀਕਾਂ ਖਾਸਕਰ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਰੱਖਿਆ ਸੇਵਾਵਾਂ ਪ੍ਰਤੀ ਜਾਣੂ ਕਰਵਾਉਣਾ ਅਤੇ ਉਨ੍ਹਾਂ ਵਿਚ ਦੇਸ਼-ਪ੍ਰੇਮ ਦਾ ਜਜ਼ਬਾ ਉਜਾਗਰ ਕਰਨਾ ਹੈ।

ਦੇਸ਼ ਦੇ ਕੁਝ ਲੋਕਾਂ ਵਿੱਚ ਦਿਲੋਂ ਰਾਸ਼ਟਰੀ ਝੰਡੇ ਦਾ ਸਤਿਕਾਰ ਨਹੀਂ। ਭਾਰਤ ਵਿੱਚ ਵੱਖ-ਵੱਖ ਫਿਰਕਿਆਂ ਅਤੇ ਧਰਮਾਂ ਦੇ ਲੋਕ ਵੱਸਦੇ ਹਨ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕੁਝ ਸ਼ਕਤੀਆਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਬਜ਼ਿੱਦ ਹਨ, ਜਿਸ ਕਾਰਨ ਕਈ ਘੱਟ ਗਿਣਤੀਆਂ ਵਿੱਚ ਇਸ ਪ੍ਰਤੀ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ। ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ 1925 ਜਨਮ ਲੈਣ ਵਾਲਾ ਆਰ ਐੱਸ ਐੱਸ ਜਿਸ ਦੀ ਕਿ ਦੇਸ਼ ਦੀ ਆਜ਼ਾਦੀ ਵਿੱਚ ਨਕਾਰਾਤਮਿਕ ਭੂਮਿਕਾ ਰਹੀ ਹੈ, ਨੇ ਦਸੰਬਰ 1929 ਵਿੱਚ ਕਾਂਗਰਸ ਦੇ ਲਾਹੌਰ ਅਜਲਾਸ ਵਿੱਚ ਪੂਰਨ ਸਵਰਾਜ ਦੇ ਦਿੱਤੇ ਸੱਦੇ ਦਾ ਡਟ ਕੇ ਵਿਰੋਧ ਕੀਤਾ ਅਤੇ ਝੰਡੇ ਦੀ ਹੋਲੀ ਜਲਾਈ ਸੀ।



ਇਥੇ ਹੀ ਬੱਸ ਨਹੀਂ ਕਾਂਗਰਸ ਵੱਲੋਂ 26 ਜਨਵਰੀ 1930 ਨੂੰ ਤਿਰੰਗਾ ਝੰਡਾ ਲਹਿਰਾ ਕੇ ਅਜ਼ਾਦੀ ਦਾ ਦਿਵਸ ਮਨਾਏ ਜਾਣ ਸਮੇਂ ਵੀ ਆਰ ਐੱਸ ਐੱਸ ਦੇ ਸੰਸਥਾਪਕ ਅਤੇ ਮੁਖੀ ਕੇ ਬੀ ਹੈਡਗੇਵਾਰ ਨੇ ਸਾਰੀਆਂ ਸ਼ਾਖਾਵਾਂ ਨੂੰ ਹੁਕਮ ਦਿੱਤਾ ਸੀ ਕਿ ਰਾਸ਼ਟਰੀ ਝੰਡੇ ਦੀ ਥਾਂ ਭਗਵੇਂ ਝੰਡੇ ਨੂੰ ਪੂਜਿਆ ਜਾਵੇ। ਆਰ ਐੱਸ ਐੱਸ ਵੱਲੋਂ ਤਾਂ ਅੱਜ ਤੱਕ ਵੀ ਰਾਸ਼ਟਰੀ ਝੰਡੇ ਦਾ ਸਨਮਾਨ ਨਹੀਂ ਕੀਤਾ ਜਾ ਰਿਹਾ। 14 ਜੁਲਾਈ 1946 ਨੂੰ ਐੱਮ ਐੱਸ ਗੋਲਵਾਲਕਰ ਨੇ ਨਾਗਪੁਰ ਵਿੱਚ ਦਾਅਵਾ ਕੀਤਾ ਸੀ, ਕਿ ਭਗਵਾਂ ਝੰਡਾ ਹੀ ਸੰਪੂਰਨ ਰੂਪ ਵਿੱਚ ਮਹਾਨ ਭਾਰਤੀ ਸੰਸਕ੍ਰਿਤੀ ਨੂੰ ਦਰਸਾਉਦਾ ਹੈ। ਗੋਲਵਾਲਕਰ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾ ਆਪ ਤਾਂ ਕਦੇ ਝੰਡੇ ਦਾ ਸਤਿਕਾਰ ਨਹੀਂ ਕੀਤਾ, ਪਰ ਇਸ ਦੀ ਬਜਾਏ ਸਤਿਕਾਰ ਕਰਨ ਵਾਲੇ ਸ਼ਹੀਦ ਭਗਤ ਸਿੰਘ, ਉਸ ਦੇ ਸਾਥੀਆਂ ਅਤੇ ਹੋਰ ਦੇਸ਼ ਪ੍ਰੇਮੀਆਂ ਬਾਰੇ ਉਹ ਲਿਖਦੇ ਹਨ ਕਿ

ਉਹ ਬਹਾਦਰ ਤਾਂ ਹਨ, ਪਰ ਕੁਰਾਹੇ ਪਏ ਹੋਏ ਹਨ। ਉਹਨਾਂ ਨੂੰ ਅੰਗਰੇਜ਼ਾਂ ਦੇ ਬਰਖਿਲਾਫ ਲੜਨਾ ਛੱਡ ਕੇ ਆਪਣੀ ਸ਼ਕਤੀ ਈਸਾਈਆਂ ਅਤੇ ਮੁਸਲਮਾਨਾਂ ਦੇ ਖ਼ਿਲਾਫ਼ ਲਾਉਣੀ ਚਾਹੀਦੀ ਹੈ । ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਗੁਰੂ ਗੋਲਵਾਲਕਰ ਤੋਂ ਇਕ ਕਦਮ ਅੱਗੇ ਟੱਪ ਕੇ ਉਸ ਦੇ ਸੁਪਨਿਆਂ ਨੂੰ ਸਾਕਾਰ ਕਰਕੇ ਵਿਖਾ ਦਿੱਤਾ ਹੈ। ਦੂਸਰੇ ਪਾਸੇ ਗ਼ਦਰੀਆਂ ਨੇ ਤਿਰੰਗੇ ਝੰਡੇ ਦਾ ਅਰਥ ਪੁੱਛਣ 'ਤੇ ਝੰਡੇ ਦੀ ਕਦਰ ਕਰਨ ਵਾਲੇ ਯੋਧੇ ਕਰਤਾਰ ਸਿੰਘ ਸਰਾਭਾ ਨੇ ਜੱਜ ਨੂੰ ਜਵਾਬ ਦਿੱਤਾ ਸੀ ਇਹ ਤਿੰਨ ਰੰਗ ਇਨਸਾਨੀ ਕਦਰਾਂ, ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ, ਪਰ ਸਰਕਾਰੀ ਗਵਾਹ ਵੱਲੋਂ ਆਪਣੇ ਬਿਆਨਾਂ ਵਿੱਚ ਇਸ ਵਿਚਲੇ ਰੰਗਾਂ ਨੂੰ ਹਿੰਦੂ, ਮੁਸਲਮਾਨ ਅਤੇ ਸਿੱਖ ਧਰਮ ਦੇ ਰੰਗ ਦੱਸ ਕੇ ਵੰਡਣ ਦੀ ਕੋਸ਼ਿਸ਼ ਕੀਤੀ ਗਈ ਸੀ।

**# ਸੰਪਰਕ : 98145-37209**

# ਡਾਕਟਰ ਭੀਮ ਰਾਓ ਅੰਬੇਡਕਰ ਦੀ ਸਮਾਜ ਤੇ ਸੰਵਿਧਾਨ ਨੂੰ ਵੱਡੀ ਦੇਣ : ਸੰਧਵਾਂ

**☛ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਸਥਾਪਨਾ ਸਮਾਰੋਹ 'ਚ ਕੀਤੀ ਸ਼ਿਰਕਤ ☛ ਅਖਤਿਆਰੀ ਕੋਟੇ 'ਚੋਂ ਪੰਜ ਲੱਖ ਰੁਪਏ ਦੇਣ ਦਾ ਐਲਾਨ**



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਅੰਬੇਡਕਰ ਪਾਰਕ, ਪ੍ਰੇਮ ਨਗਰ ਕੋਟਕਪੂਰਾ ਵਿਖੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਸਥਾਪਨਾ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਅੱਜ ਡਾ. ਭੀਮ ਰਾਓ ਅੰਬੇਡਕਰ ਜੀ ਦੇ 67ਵੇਂ ਪ੍ਰੀ-ਨਿਰਵਾਣ ਦਿਵਸ ਮੌਕੇ ਬਾਬਾ ਸਾਹਿਬ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਦੀ ਸਮਾਜ ਤੇ ਸਾਡੇ ਸੰਵਿਧਾਨ ਲਈ ਬਹੁਤ ਵੱਡੀ ਦੇਣ ਹੈ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਨੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਤੇ ਲੋਕਾਂ ਨੂੰ ਸਿੱਖਿਅਤ ਕਰਨ ਵਿੱਚ ਵੀ ਵੱਡਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅੱਜ ਲੋੜ ਹੈ ਕਿ ਉਨ੍ਹਾਂ ਵੱਲੋਂ ਬਣਾਏ ਗਏ ਸੰਵਿਧਾਨ 'ਤੇ ਚੱਲਣ ਦੀ, ਤਾਂ ਜੋ ਸਮਾਜ ਦਾ ਉਹ ਵਰਗ, ਜਿਸ ਨੂੰ ਲੋਕ ਨਫਰਤ ਦੀ ਨਿਗਾਹ ਨਾਲ ਦੇਖਦੇ ਸਨ, ਉਨ੍ਹਾਂ ਨੂੰ ਬਣਦੇ ਹੱਕ ਦੇਣ ਦੀ। ਪੰਜਾਬ ਸਰਕਾਰ ਅਜਿਹੇ ਲੋਕਾਂ ਦੀ ਭਲਾਈ ਲਈ ਬਹੁਤ ਉਪਰਾਲੇ ਕਰ ਰਹੀ ਹੈ ਅਤੇ ਇਸੇ ਤਰ੍ਹਾਂ ਲਗਾਤਾਰ ਕੰਮ ਕਰਦੀ ਰਹੇਗੀ, ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਪੜ੍ਹਾਈ ਜ਼ਰੂਰ ਕਰਵਾਓ, ਪੜ੍ਹਾਈ ਤੋਂ ਵਾਂਝੇ ਨਾ ਰੱਖਿਓ। ਇਹੀ ਬੱਚੇ ਪੜ੍ਹ ਲਿਖ ਕੇ ਸਮਾਜ ਨੂੰ ਤਰੱਕੀ ਵੱਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆਂ ਨੂੰ ਕੰਪਿਊਟਰ ਦਾ ਸ਼ੌਕ ਹੈ, ਉਨ੍ਹਾਂ ਨੂੰ ਕੰਪਿਊਟਰ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਉਸ ਤੋਂ ਬਾਅਦ ਉਨ੍ਹਾਂ ਨੂੰ ਨੌਕਰੀਆਂ ਲਈ ਮੌਕੇ ਪ੍ਰਦਾਨ ਕੀਤੇ ਜਾਣਗੇ। ਸਪੀਕਰ ਸੰਧਵਾਂ ਨੇ ਇਸ ਮੌਕੇ ਅੰਬੇਡਕਰ ਪਾਰਕ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ, ਤਾਂ ਜੋ ਪਾਰਕ ਨੂੰ ਲੋੜ ਅਨੁਸਾਰ ਲੋਕਾਂ ਦੀ ਸਹੂਲਤ ਲਈ ਹੋਰ ਵੀ ਵਧੀਆ ਤਰੀਕੇ ਨਾਲ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦੇ ਲਈ ਜਿੰਨੇ ਹੋਰ ਫੰਡ ਦੀ ਜ਼ਰੂਰਤ ਹੋਈ ਦਿੱਤੇ ਜਾਣਗੇ, ਤਾਂ ਜੋ ਲੋੜਵੰਦਾਂ ਦੀ ਪੂਰੀ ਸਹਾਇਤਾ ਕੀਤੀ ਜਾ ਸਕੇ।

ਇਸ ਮੌਕੇ ਐੱਮ ਪੀ ਫਰੀਦਕੋਟ ਸ੍ਰ. ਸਰਬਜੀਤ ਸਿੰਘ ਦੀ ਧਰਮਪਤਨੀ ਸ੍ਰੀਮਤੀ ਸੰਦੀਪ ਕੌਰ ਨੇ ਕਿਹਾ ਕਿ ਜੋ ਵੀ ਸੰਸਥਾ ਗਰੀਬ ਪਰਿਵਾਰਾਂ ਤੇ ਬੱਚਿਆਂ ਦੀ ਸਹਾਇਤਾ ਕਰਦੀ ਹੈ, ਅਸੀਂ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਵਾਂਗੇ।

ਉਨ੍ਹਾਂ ਦੱਸਿਆ ਕਿ ਡਾ. ਭੀਮ ਰਾਓ ਨੇ ਦੇਸ਼ ਵਿੱਚ ਜੋ ਇਸ ਤਰ੍ਹਾਂ ਦੀਆਂ ਕੈਟਾਗਿਰੀਆਂ ਹਨ, ਜਿਨ੍ਹਾਂ ਨੂੰ ਕਾਫੀ ਸਮਾਂ ਪਹਿਲਾਂ ਅਛੂਤ ਕਹਿ ਕੇ ਸੰਬੋਧਤ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਬਰਾਬਰ ਦੇ ਹੱਕ ਦਿਵਾਏ ਹਨ। ਉਨ੍ਹਾਂ ਡਾ. ਭੀਮ ਰਾਓ ਜੀ ਦਾ ਸੰਵਿਧਾਨ ਬਣਾਉਣ ਲਈ ਧੰਨਵਾਦ ਕੀਤਾ ਅਤੇ ਲੋਕਾਂ ਦੀ ਸਹਾਇਤਾ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਇੰਜੀ. ਸੁਖਜੀਤ ਸਿੰਘ ਢਿੱਲਵਾਂ, ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ ਗੁਰਮੀਤ ਸਿੰਘ ਆਰੇਵਾਲਾ, ਭੁਪਿੰਦਰ ਸਿੰਘ ਸੱਗੂ ਪ੍ਰਧਾਨ ਨਗਰ ਕੌਂਸਲ ਕੋਟਕਪੂਰਾ, ਲਾਲ ਸਿੰਘ ਸੁਲਹਾਣੀ, ਪ੍ਰਧਾਨ ਨਰਿੰਦਰ ਕੁਮਾਰ ਰਾਠੌਰ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਜੱਸਲ, ਜਨਰਲ ਸਕੱਤਰ ਸੁਭਾਸ਼ ਚੰਦਰ, ਖਜ਼ਾਨਚੀ ਓਮ ਪ੍ਰਕਾਸ਼ ਗੋਠਵਾਲ, ਮੀਤ ਪ੍ਰਧਾਨ ਮੋਹਨ ਮਹਿੰਦਰ ਤੇ ਸੀਨੀਅਰ ਮੈਂਬਰ ਰਾਮ ਚੰਦ ਕਟਾਰੀਆ ਆਦਿ ਹਾਜ਼ਰ ਸਨ।

## ਸਰਬਜੀਤ ਸਿੰਘ ਮਾਛੀਕੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ 'ਚੋਂ ਬਰਖ਼ਾਸਤ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਗਾ ਵਿੱਚ ਲਾਲ ਸਿੰਘ ਰੋਡ 'ਤੇ ਗੁਰਦੁਆਰਾ ਸੰਗਤਸਰ ਵਿਖੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ 13 ਫਰਵਰੀ ਤੋਂ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਅੱਗੇ ਵਧਾਉਣ ਲਈ ਦਿੱਲੀ ਜਥੇ ਭੇਜਣ ਦਾ ਐਲਾਨ ਦੋ ਫੋਰਮਾਂ ਵੱਲੋਂ ਕੀਤਾ ਗਿਆ ਹੈ, ਜਿਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਵਿੱਚ ਰਣਨੀਤੀ ਤਿਆਰ ਕੀਤੀ ਗਈ।ਜਥੇਬੰਦੀ ਦੇ ਉਲੀਕੇ ਪ੍ਰੋਗਰਾਮ ਅਨੁਸਾਰ 10 ਦਸੰਬਰ ਤੋਂ ਮੋਗਾ ਜ਼ਿਲ੍ਹੇ ਵਿੱਚੋਂ ਕਿਸਾਨਾਂ ਮਜ਼ਦੂਰਾਂ ਤੇ ਬੀਬੀਆਂ ਦੇ ਵੱਡੀ ਗਿਣਤੀ ਵਿੱਚ ਜਥੇ ਸ਼ੰਭੂ ਬਾਰਡਰ 'ਤੇ ਪਹੁੰਚਣਗੇ। ਸੰਵਿਧਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਸੰਵਿਧਾਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਹੈ। ਸਰਬਜੀਤ ਸਿੰਘ ਮਾਛੀਕੇ ਨੇ ਜਥੇਬੰਦੀ ਦੇ ਸੰਵਿਧਾਨ ਦੀ ਵਾਰ ਵਾਰ ਉਲੰਘਣਾ ਕੀਤੀ ਹੈ, ਇਸ ਕਰਕੇ ਇਸ ਨੂੰ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਵਿੱਚ ਜਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਦੇਵ ਸ਼ਾਹਵਾਲਾ, ਗੁਰਮੇਲ ਸਿੰਘ ਲੋਹਗੜ੍ਹ, ਗੁਰਮੇਲ ਸਿੰਘ ਤਲਵੰਡੀ ਮੱਲੀਆਂ, ਰਣਜੀਤ ਸਿੰਘ ਬੁੱਟਰ, ਜਗਤਾਰ ਸਿੰਘ ਮੱਦੋਕੇ, ਸੋਹਣ ਸਿੰਘ ਰਾਮੂਵਾਲਾ, ਇੰਦਰਮੋਹਨ ਸਿੰਘ ਪੱਤੋ, ਬਖਤੌਰ ਸਿੰਘ ਅਜੀਤਵਾਲ, ਹਰਬੰਸ ਸਿੰਘ ਸ਼ਾਹਵਾਲਾ, ਅਵਤਾਰ ਸਿੰਘ ਕਾਕਾ ਜੋਸ਼ਨ, ਕੁਲਵੰਤ ਸਿੰਘ ਖੋਸਾ, ਜਰਨੈਲ ਸਿੰਘ, ਦਰਸ਼ਨ ਸਿੰਘ ਤੇ ਜ਼ਿਲ੍ਹਾ ਆਗੂ ਹਾਜ਼ਰ ਸਨ।

# ਸੀਵਰੇਜ ਮਸਲੇ ਦੇ ਦਰੁਸਤ ਹੱਲ ਲਈ ਰੋਸ ਧਰਨਾ 40ਵੇਂ ਦਿਨ 'ਚ ਦਾਖ਼ਲ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਵਰੇਜ ਦੀ ਸਮੱਸਿਆ ਦੇ ਦਰੁਸਤ ਹੱਲ ਲਈ ਲਗਾਤਾਰ ਚੱਲ ਰਹੇ ਧਰਨੇ 'ਚ ਜਥੇਬੰਦੀਆਂ ਦੇ ਫ਼ੈਸਲੇ ਅਨੁਸਾਰ ਅੱਜ ਦਾ ਧਰਨਾ ਪੰਜਾਬ ਕਿਸਾਨ ਯੂਨੀਅਨ ਦੀ ਅਗਵਾਈ 'ਚ ਲਗਾਇਆ ਗਿਆ।ਧਰਨੇ ਦੌਰਾਨ ਸੂਬਾਈ ਆਗੂ ਰੁਲਦੂ ਸਿੰਘ ਮਾਨਸਾ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਸੀਵਰੇਜ ਦਾ ਮਸਲਾ ਪਿਛਲੇ ਲੰਬੇ ਸਮੇਂ ਤੋਂ ਉਲਝਿਆ ਹੋਇਆ ਹੈ, ਜਿਸ ਦੇ ਪੁਖਤਾ ਹੱਲ ਲਈ ਸ਼ਹਿਰ ਦੇ ਵਾਰਡਾਂ ਦੀਆਂ ਗਲੀਆਂ ਉੱਚੀਆਂ ਕਰਨ, ਦੁਬਾਰਾ ਬਣਾਉਣ ਦਾ ਸਿਲਸਿਲਾ ਚਲਦਾ ਰਹਿੰਦਾ ਹੈ, ਜਿਸ ਨਾਲ ਸ਼ਹਿਰੀਆਂ ਦੇ ਬਣੇ ਮਕਾਨ ਨੀਵੇਂ ਹੋ ਜਾਂਦੇ ਹਨ ਤੇ ਸੀਵਰੇਜ ਓਵਰ ਫਲੋਅ ਹੋਣ ਕਾਰਨ ਗਲੀਆਂ ਵਿੱਚ ਪਾਣੀ ਖੜਦਾ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਬਾਰਿਸ਼ ਦੇ ਦਿਨਾਂ ਵਿੱਚ ਇਹ ਸਮੱਸਿਆ ਸਾਰੇ ਬਾਜ਼ਾਰ ਤੇ ਆਮ ਵਰਗ ਨੂੰ ਆਪਣੀ ਚਪੇਟ ਵਿੱਚ ਲੈ ਲੈਂਦੀ, ਓਥੇ ਬਾਰਿਸ਼ ਤੋਂ ਬਿਨਾਂ ਆਮ ਦਿਨਾਂ 'ਚ ਵੀ ਗਲੀਆਂ 'ਚੋਂ ਲੰਘਣ ਲਈ ਪੈਰ ਧਰਨ ਦੀ ਜਗ੍ਹਾ ਵੀ ਨਹੀਂ ਬਚਦੀ। ਉਨ੍ਹਾਂ ਕਿਹਾ ਕਿ ਬੇਸ਼ੱਕ ਵਾਰ ਵਾਰ ਇਸ ਮਸਲੇ ਦੇ ਹੱਲ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਜੋ ਯੋਗ ਵਿਉਂਤਬੰਦੀ ਨਾ ਹੋਣ ਕਾਰਨ ਸਿਰੇ ਨਹੀਂ ਚੜ੍ਹ ਸਕੀਆਂ ਤੇ ਸ਼ਹਿਰੀ ਪੱਕਾ ਹੱਲ ਨਾ ਹੋਣ ਕਾਰਨ ਇਸ ਵਰਤਾਰੇ ਨਾਲ ਜੂਝਦੇ ਰਹੇ। ਉਨ੍ਹਾਂ ਪੰਜਾਬ ਸਰਕਾਰ ਤੇ ਸੀਵਰੇਜ ਬੋਰਡ ਤੋਂ ਮੰਗ ਕੀਤੀ ਕਿ ਪਾਣੀ ਦੇ ਪੁਖਤਾ ਹੱਲ ਲਈ ਜਿੱਥੇ ਫੰਡਾਂ ਦਾ ਯੋਜਨਾਬੱਧ ਤਰੀਕੇ ਨਾਲ ਲਗਾਉਣਾ ਜ਼ਰੂਰੀ ਹੈ, ਓਥੇ ਹੀ ਪੰਜਾਬ ਵਿੱਚ ਕੰਪਨੀਆਂ ਵੱਲੋਂ ਭੇਜੇ ਜਾ ਰਹੇ ਪਲਾਸਟਿਕ ਪੌਲੀਥੀਨ ਲਿਫਾਫਿਆਂ 'ਤੇ ਪੂਰਨ ਪਾਬੰਦੀ ਲਗਾਉਣੀ ਵੀ ਜ਼ਰੂਰੀ ਹੈ।ਆਗੂਆਂ ਨੇ ਕਿਹਾ ਕਿ ਜਿਸ ਤਰੀਕੇ ਪਰਾਲੀ ਫੂਕਣ 'ਤੇ ਰੋਕ ਲਗਾਉਣ ਦਾ ਫੈਸਲਾ ਸਰਕਾਰ ਨੇ ਸਖਤੀ ਨਾਲ ਲਿਆ ਹੈ, ਓਸੇ ਤਰੀਕੇ ਹੀ ਲਿਫਾਫੇ ਬਣਾ ਰਹੀਆਂ ਕੰਪਨੀਆਂ 'ਤੇ ਵੀ ਸ਼ਿਕੰਜਾ ਕੱਸਿਆ ਜਾਵੇ ਤੇ ਇਸ ਦੀ ਵਰਤੋਂ 'ਤੇ ਪੂਰਨ ਰੋਕ ਲਗਾਈ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਕੋਈ ਬਿਆਨਬਾਜ਼ੀ ਦੀ ਬਜਾਏ ਜ਼ਮੀਨ 'ਤੇ ਵਸਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦਿਆਂ ਮਿਊਂਸਪਲ ਕਮੇਟੀ ਵੱਲੋਂ 37 ਕਰੋੜ ਦੇ ਪਾਸ ਕੀਤੇ ਗਏ ਮਤੇ ਉੱਪਰ ਗੌਰ ਕਰਕੇ ਜਲਦੀ ਫੰਡ ਜਾਰੀ ਕਰੇ ਤਾਂ ਜੋ ਸੀਵਰੇਜ ਬੋਰਡ ਇਸ ਨੂੰ ਸ਼ਹਿਰੀਆਂ ਦੀ ਮੰਗ ਮੁਤਾਬਿਕ ਪਾਣੀ ਦੇ ਯੋਗ ਹੱਲ ਲਈ ਵਰਤ ਸਕੇ। ਇਸ ਸਮੇਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਗੁਰਜੰਟ ਸਿੰਘ ਮਾਨਸਾ, ਜ਼ਿਲ੍ਹਾ ਮੀਤ ਪ੍ਰਧਾਨ ਇਕਬਾਲ



ਸਿੰਘ ਫਫੜੇ, ਰਣਜੀਤ ਸਿੰਘ ਤਾਮਕੋਟ, ਸ਼ਹਿਰੀ ਆਗੂ ਸੁਖਚਰਨ ਦਾਨੇਵਾਲੀਆ, ਹਰਜਿੰਦਰ ਮਾਨਸ਼ਾਹੀਆ, ਕਰਨੈਲ ਸਿੰਘ ਮਾਨਸਾ, ਸੁਖਦੀਪ ਸਿੰਘ ਮਾਨਸਾ, ਮੱਖਣ ਸਿੰਘ ਮਾਨ, ਬਲਾਕ ਪ੍ਰਧਾਨ ਜਗਤਾਰ ਸਿੰਘ ਸਹਾਰਨਾ, ਜਸਪਾਲ ਸਿੰਘ ਉੱਭਾ, ਗੁਰਦੀਪ ਸਿੰਘ ਖਿਆਲਾ ਤੋਂ ਇਲਾਵਾ ਵਾਰਿਸ ਪ੍ਰਧਾਨ ਨਗਰ ਕੌਂਸਲ ਰਾਮਪਾਲ, ਐਡਵੋਕੇਟ ਬਲਕਰਨ ਸਿੰਘ ਬੱਲੀ, ਅੰਮ੍ਰਿਤਪਾਲ ਗੋਗਾ, ਹੰਸਾ ਸਿੰਘ, ਸਰਪੰਚ ਅਜੀਤ ਸਿੰਘ, ਅਮਰੀਕ ਸਿੰਘ ਮਾਨਸਾ, ਡਾ. ਧੰਨਾ ਮੱਲ ਗੋਇਲ, ਕ੍ਰਿਸ਼ਨ ਚੌਹਾਨ, ਮੇਜਰ ਸਿੰਘ ਦੂਲੋਵਾਲ, ਮਨਜੀਤ ਸਿੰਘ ਸੋਢੀ, ਮਨਜੀਤ ਸਿੰਘ ਮੀਹਾਂ, ਪੱਤਰਕਾਰ ਆਤਮਾ ਸਿੰਘ ਪਮਾਰ, ਕਾ. ਤੋਤਾ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਮਾਤਾ ਪ੍ਰੀਤਮ ਕੌਰ ਨਮਿਤ ਪਾਠ ਦਾ ਭੋਗ ਭਲਕੇ



**ਸਮਾਣਾ (ਪੱਤਰ ਪ੍ਰੇਰਕ)**-ਸਮਾਣਾ ਤੋਂ ਸੀਨੀਅਰ ਪੱਤਰਕਾਰ ਦਲਜਿੰਦਰ ਸਿੰਘ ਪੱਪੀ, ਠੇਕੇਦਾਰ ਦਲਜੀਤ ਸਿੰਘ ਤੇ ਟਰਾਂਸਪੋਰਟਰ ਗੁਰਵਿੰਦਰ ਸਿੰਘ ਦੇ ਸਤਿਕਾਰਯੋਗ ਮਾਤਾ ਪ੍ਰੀਤਮ ਕੌਰ ਪਤਨੀ ਕਮਾਲ ਸਿੰਘ ਬੀਤੀ 30 ਨਵੰਬਰ ਨੂੰ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਰੁਖ਼ਸਤ ਹੋ ਗਏ।ਮਾਤਾ ਜੀ ਦਾ ਤੁਰ ਜਾਣਾ ਸਮੂਹ ਪਰਿਵਾਰ ਤੇ ਸਕੇ ਸਬੰਧੀਆਂ ਲਈ ਹਮੇਸ਼ਾ ਹੀ ਵੱਡਾ ਘਾਟਾ ਰਹੇਗਾ, ਜੋ ਕਿਸੇ ਵੀ ਕੀਮਤ 'ਤੇ ਪੂਰਾ ਨਹੀਂ ਕੀਤਾ ਜਾ ਸਕਦਾ।ਮਾਤਾ ਪ੍ਰੀਤਮ ਕੌਰ ਨਮਿੱਤ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਤੇ ਸ਼ਰਧਾਂਜਲੀ ਸਮਾਗਮ 8 ਦਸੰਬਰ ਨੂੰ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਨਾਭਾ ਕਲੋਨੀ ਵਿਖੇ 12.00 ਤੋਂ ਦੁਪਿਹਰ 1.30 ਵਜੇ ਤੱਕ ਹੋਵੇਗਾ।

### ਘਰ ਦੇ ਬਾਹਰ ਖੜੀ ਕਾਰ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਤੂੜੀ ਬਾਜ਼ਾਰ ਵਿੱਚ ਕਾਰ ਚੋਰੀ ਦੀ ਇੱਕ ਗੰਭੀਰ ਘਟਨਾ ਸਾਹਮਣੇ ਆਈ ਹੈ।ਰਾਕੇਸ਼ ਖੁਰਾਣਾ ਨੇ ਦੱਸਿਆ ਕਿ ਉਸ ਨੇ ਆਪਣੇ ਦੋਸਤ ਦੀ ਕਾਰ ਵੈਗਨਾਰ ਨੰਬਰ ਪੀਬੀ 15 ਯੂ 3931 ਮੰਗੀ ਸੀ ਅਤੇ ਆਪਣੀ ਸਾਲੀ ਦੇ ਪਰਵਾਰ ਨਾਲ ਮਿਲਣ ਲਈ ਤੂੜੀ ਬਾਜ਼ਾਰ, ਐੱਸ ਡੀ ਮਾਡਲ ਸਕੂਲ ਦੇ ਨੇੜੇ ਆਇਆ ਸੀ।ਰਾਕੇਸ਼ ਦੇ ਬਿਆਨ ਅਨੁਸਾਰ, ਉਸ ਨੇ ਕਾਰ ਘਰ ਦੇ ਬਾਹਰ ਖੜੀ ਕੀਤੀ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ।ਘਟਨਾ ਦੀ ਸੂਚਨਾ ਮਿਲਣ 'ਤੇ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਗਾਜ਼ੀਪੁਰ ਗਊਸ਼ਾਲਾ ਵਿਖੇ ਵੱਡਾ ਟਰੱਕ ਤੂੜੀ ਦੀ ਸੇਵਾ ਭੇਜੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ੍ਰੀ ਉਦਾਸੀਨ ਗੋਬਿੰਦ ਗਊਧਾਮ ਰਾਏਕੋਟ ਦੇ ਕਰਤਾ ਧਰਤਾ ਗੁਰੂ ਜੀ ਪੰਡਿਤ ਕ੍ਰਿਸ਼ਨ ਕੁਮਾਰ ਜੋਸ਼ੀ ਵੱਲੋਂ ਗਾਜ਼ੀਪੁਰ ਗਊਸ਼ਾਲਾ ਵਿਖੇ ਇੱਕ ਵੱਡੇ ਤੂੜੀ ਦੇ ਟਰੱਕ ਦੀ ਸੇਵਾ ਕੀਤੀ ਗਈ ਅਤੇ ਇਸ ਸੇਵਾ ਲਈ ਹਰਿੰਦਰ ਸਿੰਘ ਦਿਓਲ ਖੇੜਕੀ ਸਰਦਾਰ ਐਗਰੋਟੈਕ ਕੁੱਲਬੁਰਛਾਂ ਵਿਸ਼ੇਸ਼ ਤੌਰ 'ਤੇ ਗਾਜ਼ੀਪੁਰ ਗਊਸ਼ਾਲਾ ਵਿਖੇ ਪਹੁੰਚੇ।ਇਸ ਮੌਕੇ ਦਿਓਲ ਖੇੜਕੀ ਨੇ ਕਿਹਾ ਕਿ ਪੰਡਿਤ ਕ੍ਰਿਸ਼ਨ ਕੁਮਾਰ ਜੋਸ਼ੀ ਪਿਛਲੇ 25 ਸਾਲਾਂ ਤੋਂ ਸ੍ਰੀ ਉਦਾਸੀਨ ਗੋਬਿੰਦ ਗਊਸ਼ਾਲਾ ਦੀ ਸੇਵਾ ਕਰ ਰਹੇ ਹਨ ਅਤੇ ਗਊ ਸੇਵਾ ਸਭ ਤੋਂ ਉੱਤਮ ਸੇਵਾ ਹੈ, 'ਤੇ ਚਲਦਿਆਂ ਉਹ ਸਮੇਂ ਸਮੇਂ ਰਾਜਸਥਾਨ ਬਾਲਾ ਜੀ ਗਊਸ਼ਾਲਾ, ਮਹਿਲਾ ਕਲਾਂ ਗਊਸ਼ਾਲਾ, ਝਨੇੜੀ ਗਊਸ਼ਾਲਾ ਤੇ ਗਾਜ਼ੀਪੁਰ ਗਊਸ਼ਾਲਾ ਵਿਖੇ ਇਸ ਤਰ੍ਹਾਂ ਦੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਮੰਨਦੇ ਹਨ, ਜੋ ਉਨ੍ਹਾਂ ਨੂੰ ਵੀ ਭਗਵਾਨ ਸ੍ਰੀ ਕ੍ਰਿਸ਼ਨ ਦੇ ਸਭ ਤੋਂ ਪਿਆਰੇ ਗਊ ਵੰਸ਼ ਦੀ ਸੇਵਾ ਕਰਨ ਦਾ ਸੁਭਾਗ ਮਿਲਿਆ ਹੈ।

# ਲਿੰਕ ਸੜਕ ਜੈਤੋ-ਬਾਜਾਖਾਨਾ ਰੋਡ ਤੋਂ ਦਬੜੀਖਾਨਾ ਦਾ ਉਦਘਾਟਨ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਯੋਗ ਯਤਨਾ ਸਦਕਾ ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਦੀ ਅਗਵਾਈ ਹੇਠ ਅਮੋਲਕ ਸਿੰਘ ਵਿਧਾਇਕ ਹਲਕਾ ਜੈਤੋ ਨੇ ਲਿੰਕ ਸੜਕ ਜੈਤੋ-ਬਾਜਾਖਾਨਾ ਰੋਡ ਤੋਂ ਦਬੜੀਖਾਨਾ ਅੱਪ ਟੂ ਰੈਜ਼ੀਡੈਂਸ ਦਾ ਉਦਘਾਟਨ ਕੀਤਾ।

ਇਸ ਮੌਕੇ ਵਿਧਾਇਕ ਅਮੋਲਕ ਸਿੰਘ ਜੈਤੋ ਨੇ ਇਕੱਠੇ ਹੋਏ ਵਰਕਰਾਂ ਤੇ ਲੋਕਾਂ ਦੀਆਂ ਹੋਰ ਵੀ ਮੁਸ਼ਕਲਾਂ ਸੁਣੀਆਂ ਅਤੇ ਬਾਕੀ ਰਹਿੰਦੇ ਕੰਮਾਂ ਬਾਰੇ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।ਇਸ ਸਮੇਂ ਮਾਰਕੀਟ ਕਮੇਟੀ ਚੇਅਰਮੈਨ, ਗੋਬਿੰਦਰ ਸਿੰਘ ਵਾਲੀਆ ਚੇਅਰਮੈਨ ਪੀਏਡੀਬੀ ਬੈਂਕ ਜੈਤੋ, ਡਾਕਟਰ ਹਰੀਸ਼ ਚੰਦਰ ਪ੍ਰਧਾਨ ਨਗਰ ਕੌਂਸਲ ਜੈਤੋ, ਗੁਰਭੇਜ ਸਿੰਘ ਰੋਮਾਣਾ ਅਲਬੇਲ ਸਿੰਘ, ਸੀਨੀਅਰ ਆਗੂ ਸਤਪਾਲ ਡੋਡ, ਬੇਅੰਤ ਸਿੰਘ ਰਾਜੂ, ਬਲਦੇਵ ਕੁਮਾਰ ਹਰਵਿੰਦਰ ਸੇਖੋਂ, ਪ੍ਰਮੋਦ ਕੁਮਾਰ, ਜਗਤਾਰ ਸਿੰਘ, ਸਰਪੰਚ ਅਵਤਾਰ ਸਿੰਘ ਕੋਠੇ ਕੇਹਰ ਸਿੰਘ ਵਾਲਾ, ਜਗਦੀਸ਼ ਸਿੰਘ ਸੁਖਰੀਤ ਰੋਮਾਣਾ, ਪੁਲਵਿੰਦਰ ਸਿੰਘ, ਧਰਵਿੰਦਰ ਪਾਲ, ਕੁਲਦੀਪ ਸਿੰਘ ਪੀਏ, ਸਬੰਧਤ ਮਹਿਕਮੇ ਦੇ ਅਧਿਕਾਰੀ ਤੇ ਵਰਕਰ ਅਤੇ ਆਮ ਲੋਕ ਹਾਜ਼ਰ ਸਨ।

## ਰਾਮਗੜ੍ਹੀਆ ਵੈੱਲਫੇਅਰ ਕੌਂਸਲ ਨੇ ਮਹੀਨਾਵਾਰੀ ਰਾਸ਼ਨ ਵੰਡਿਆ

**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਜਿਹੜੀ ਕਿ ਪਿਛਲੇ 13 ਸਾਲਾਂ ਤੋਂ ਲਗਾਤਾਰ ਲੋੜਵੰਦ ਵਿਧਵਾ ਬੀਬੀਆਂ ਨੂੰ ਮਹੀਨਾਵਾਰ ਰਾਸ਼ਨ ਦੇ ਕੇ ਆਪਣੇ ਜੀਵਨ ਨੂੰ ਸਾਰਥਕ ਕਰਨ ਦਾ ਯਤਨ ਕਰ ਰਹੀ ਹੈ। ਇਸ ਲੜੀ ਨੂੰ ਜਾਰੀ ਰੱਖਦਿਆਂ ਸ਼ੁੱਕਰਵਾਰ ਮਹੀਨਾਵਾਰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਪ੍ਰਸਿੱਧ ਸਮਾਜ ਸੇਵੀ ਤੇ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਦੇ ਸਰਪ੍ਰਸਤ ਬਾਬਾ ਮੋਹਨ ਸਿੰਘ ਸੱਗੂ ਨੇ ਆਖਿਆ ਕਿ ਸਾਨੂੰ ਗੁਰੂ ਨਾਨਕ ਸਾਹਿਬ ਨੇ ਤਿੰਨ ਮੁਢਲੇ ਸਿਧਾਂਤ ਦਿੱਤੇ ਹਨ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਇਨ੍ਹਾਂ ਤਿੰਨ ਮੁਢਲੇ ਸਿਧਾਂਤਾਂ 'ਤੇ ਅਮਲ ਕਰਕੇ ਸੰਸਥਾ ਲੋੜਵੰਦ ਬੀਬੀਆਂ ਨੂੰ ਹਰ ਮਹੀਨੇ ਰਾਸ਼ਨ ਦੇ ਕੇ ਗੁਰੂ ਨਾਨਕ ਸਾਹਿਬ ਦੇ ਮੁੱਢਲੇ ਸਿਧਾਂਤਾਂ 'ਤੇ ਪਹਿਰਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਸਮਾਗਮ ਹਰ ਮਹੀਨੇ ਵਿਸ਼ਵਕਰਮਾ ਮੰਦਿਰ ਅੱਡਾ ਰਾਏਕੋਟ ਵਿਖੇ ਕੀਤਾ ਜਾਂਦਾ ਹੈ। ਬਾਬਾ ਮੋਹਨ ਸਿੰਘ ਸੱਗੂ ਨੇ ਦੱਸਿਆ ਕਿ ਸਮਾਗਮ ਸਹਿਯੋਗੀ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀ, ਬਿਲਡਿੰਗ ਠੇਕੇਦਾਰ ਯੂਨੀਅਨ ਤੇ ਰਾਮਗੜ੍ਹੀਆ ਕੌਂਸਲ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਇਸ ਮੌਕੇ ਸਰਪ੍ਰਸਤ ਦਰਸ਼ਨ ਸਿੰਘ ਸੱਗੂ, ਸਰਪ੍ਰਸਤ ਬਲਵੰਤ ਸਿੰਘ ਪਨੇਸਰ, ਖਜ਼ਾਨਚੀ ਸੁਰਜੀਤ ਸਿੰਘ ਐੱਸਡੀਓ, ਹਰਜਿੰਦਰ ਸਿੰਘ ਮੂੰਦੜ ਭਾਰਤ ਆਟੋ, ਠੇਕੇਦਾਰ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਸੀਹਰਾ, ਤਰਲੋਚਨ ਸਿੰਘ ਪਨੇਸਰ ਤੇ ਸਮੂਹ ਮੈਂਬਰ, ਵਿਸ਼ਵਕਰਮਾ ਮੰਦਿਰ ਦੇ ਪ੍ਰਧਾਨ ਜਸਵੰਤ ਸਿੰਘ ਸੱਗੂ, ਦਰਸ਼ਨ ਸਿੰਘ ਊਬੀ, ਸਰਪ੍ਰਸਤ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਦੇ ਮੈਂਬਰ ਹਰਜਿੰਦਰ ਸਿੰਘ ਧੰਜਲ, ਪ੍ਰਿੰਸੀਪਲ ਮਨਮੋਹਨ ਸਿੰਘ ਸੌਂਦ ਤੇ ਸਮੂਹ ਰਾਮਗੜ੍ਹੀਆ ਬਿਰਾਦਰੀ ਦੇ ਮੈਂਬਰ ਹਾਜ਼ਰ ਸਨ।

# ਪੈਨਸ਼ਨਰਾਂ ਦੀਆਂ ਮੰਗਾਂ ਦੀ ਤੁਰੰਤ ਪ੍ਰਵਾਨਗੀ ਦੇ ਕੇ ਸਾਰੇ ਬਕਾਏ ਜਾਰੀ ਕੀਤੇ ਜਾਣ : ਯੂਨੀਅਨ ਆਗੂ



**ਚੌਂਕੀਮਾਨ (ਬਲਬੀਰ ਮਾਨ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਰਾਧੇ ਸ਼ਿਆਮ ਤੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਬੀਤੀ 13-14 ਨਵੰਬਰ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤੇ ਗਏ ਪਹਿਲੇ ਸਫ਼ਲ ਡੈਲੀਗੇਟ ਅਜਲਾਸ ਦੀ ਪੜਚੋਲ ਕਰਦਿਆਂ ਸਹਾਇਕ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਦੀ ਅਗਵਾਈ ਵਿੱਚ ਕੀਤੇ ਸ਼ਾਨਦਾਰ ਸਵਾਗਤ, ਪ੍ਰਬੰਧਾਂ ਤੇ ਨਿਮਰਤਾ, ਸਾਦਗੀ ਤੇ ਹਲੀਮੀ ਨਾਲ ਬਹੁਤ ਅੱਛੇ ਸਬਰ ਸੰਤੋਖ ਨਾਲ ਕੀਤੇ ਖਾਣੇ ਤੇ ਰਹਿਣ ਦੇ ਪ੍ਰਬੰਧਾਂ ਦੀ ਸਮੁੱਚੀ ਵਰਕਿੰਗ ਕਮੇਟੀ ਅਹੁਦੇਦਾਰਾਂ, ਮੈਂਬਰਾਂ ਨੇ ਭਰਪੂਰ ਸ਼ਲਾਘਾ ਕਰਦਿਆਂ ਢੇਰ ਸਾਰੀਆਂ ਵਧਾਈਆਂ ਦੇ ਕੇ ਅਗਲੇ ਡੈਲੀਗੇਟ ਅਜਲਾਸ ਨੂੰ ਹੋਰ ਵਧੀਆ ਤਰੀਕੇ ਨਾਲ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਦੌਰਾਨ ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀਂ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਰਾਜਿੰਦਰ ਸਿੰਘ ਰਾਜਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਕੀਤੇ ਵਾਅਦਿਆਂ ਤੋਂ ਮੁੱਕਰ ਕੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਮ ਲੋਕਾਂ ਨਾਲ ਧੋਖਾ ਕਰ ਰਹੀ ਹੈ।ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ, 2.59 ਦੇ ਗੁਣਾਂਕ ਨਾਲ ਬਣਦੇ ਬਕਾਏ ਨਾ ਦੇਣਾ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦਾ ਬਕਾਇਆ ਰਾਸ਼ੀ ਜਾਰੀ ਨਾ ਕਰਨਾ, ਫੈਮਲੀ ਪੈਨਸ਼ਨਰਾਂ ਨੂੰ ਯਾਤਰਾ ਭੱਤਾ ਨਾ ਦੇਣਾ, ਕੈਸ਼ਲੈੱਸ ਸਕੀਮ ਚਾਲੂ ਨਾ ਕਰਨਾ, ਇੰਨਕਮ ਟੈਕਸ ਦੀ ਕਟੌਤੀ ਕਰਨ ਦੇ ਬਾਵਜੂਦ, ਇਲਾਜ ਕਰਵਾਉਣ ਵੇਲੇ ਬਿੱਲਾਂ ਵਿੱਚ ਟੈਕਸ ਕਟੌਤੀ ਕਰਨਾ, ਪਾਸ ਹੋਏ ਬਿੱਲਾਂ 'ਤੇ ਦੁਬਾਰਾ ਜਬਰੀ ਕਟੌਤੀਆਂ ਕਰਨ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਤੁਰੰਤ ਪ੍ਰਵਾਨਗੀ ਦੇ ਕੇ ਸਾਰੇ ਬਕਾਏ ਜਾਰੀ ਕੀਤੇ ਜਾਣ, ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਮੰਤਰੀਆਂ ਦਾ ਘਿਰਾਓ ਕਰਕੇ ਬਜਟ ਅਜਲਾਸ ਦਾ ਜ਼ੋਰਦਾਰ ਵਿਰੋਧ ਕਰਕੇ ਸਖ਼ਤ ਸੰਘਰਸ਼ ਕੀਤੇ ਜਾਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੌਕੇ ਸਕੱਤਰ ਨਾਹਰ ਸਿੰਘ, ਐੱਸ ਪੀ ਸਿੰਘ ਭੁਮੱਦੀ, ਚੰਦ ਸਿੰਘ ਡੋਡ, ਬਿਰਜ ਮੋਹਣ ਮੋਹਾਲੀ ਨੇ ਕਿਹਾ ਕਿ ਜੇਕਰ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਸਾਡੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਮੀਟਿੰਗਾਂ ਦੇ ਕੇ ਮਸਲੇ ਹੱਲ ਨਹੀਂ ਕਰਦੀ ਤਾਂ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ 15 ਜਨਵਰੀ 2025 ਤੋਂ 15 ਫਰਵਰੀ ਤੱਕ ਡਵੀਜ਼ਨ ਪੱਧਰ 'ਤੇ ਧਰਨੇ ਮਾਰ ਕੇ, 16 ਫਰਵਰੀ ਤੋਂ 15 ਮਾਰਚ ਤੱਕ ਸਰਕਲ ਤੇ ਪੰਜਾਬ ਪੱਧਰ 'ਤੇ ਵੱਡੇ ਇਕੱਠ ਕਰਕੇ ਵਿੱਤ ਡਾਇਰੈਕਟਰ ਪਾਵਰਕਾਮ ਬੇਰੀ, ਪ੍ਰਬੰਧਕੀ ਮੈਂਬਰ ਜਸਵੀਰ ਸਿੰਘ ਸੁਰ ਸਿੰਘ ਵਾਲਾ ਦੀ ਰਿਹਾਇਸ਼ ਸ੍ਰੀ ਅੰਮ੍ਰਿਤਸਰ ਵਿਖੇ, ਚੇਅਰਮੈਨ ਬਲਦੇਵ ਸਿੰਘ ਸਰਾਂ ਦੇ ਖਿਲਾਫ ਮੁੱਖ ਦਫਤਰ ਪਟਿਆਲਾ ਦੇ ਸਾਰੇ ਗੇਟ ਘੇਰ ਕੇ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਲਗਾਤਾਰ ਤਿੱਖੇ ਸੰਘਰਸ਼ਾਂ ਦੀ ਲੜੀ ਸ਼ੁਰੂ ਕਰਕੇ ਪਾਵਰਕਾਮ ਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨੱਕ ਵਿੱਚ ਦਮ ਕਰਕੇ ਸੱਤਾ ਤੋਂ ਲਾਂਭੇ ਕਰਨ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਜਾਣਗੀਆਂ।

ਇਸ ਮੌਕੇ ਸਲਾਹਕਾਰ ਸੰਤੋਖ ਸਿੰਘ ਬੋਪਾਰਾਏ, ਕੁਲਦੀਪ ਰਾਣਾ, ਹਜ਼ਾਰਾ ਸਿੰਘ ਗੁਰਦਾਸਪੁਰ, ਵਿੱਤ ਸਕੱਤਰ ਸੁੱਖਜੰਟ ਸਿੰਘ ਬਰਨਾਲਾ, ਬਲਬੀਰ ਸਿੰਘ ਮਾਨ, ਗੱਜਣ ਸਿੰਘ, ਚਰਨ ਸਿੰਘ ਜਸਵਿੰਦਰ ਸਿੰਘ, ਰਾਮ ਆਸਰਾ, ਰਣਜੀਤ ਸਿੰਘ ਰੋਪੜ, ਤਾਰਾ ਸਿੰਘ ਖਹਿਰਾ, ਮਨਜੀਤ ਸਿੰਘ ਮਨਸੂਰਾਂ, ਬਲਵਿੰਦਰ ਸਿੰਘ ਇਯਾਲੀ, ਰਾਮ ਕੁਮਾਰ, ਜੈ ਦੇਵ, ਨਰਿੰਦਰ ਸਿੰਘ ਬੇਦੀ, ਦਵਿੰਦਰ ਸਿੰਘ, ਜਸਵੀਰ ਸਿੰਘ, ਮਦਨ ਗੋਪਾਲ, ਸੋਬਨ ਸਿੰਘ, ਅਜਮੀਲ ਖਾਨ ਖੰਨਾ, ਕੁਲਦੀਪ ਸਿੰਘ ਘਨੌਲੀ ਆਦਿ ਨੇ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਬਿਜਲੀ ਬੋਰਡ ਚੰਡੀਗੜ੍ਹ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਨਿਖੇਧੀ ਕਰਦਿਆਂ ਹਰ ਸਾਂਝੇ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਹਮਾਇਤ ਦਾ ਐਲਾਨ ਕੀਤਾ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ 17 ਨੂੰ ਮਨਾਏਗੀ ਪੈਨਸ਼ਨਰ ਡੇ : ਸੁਖਮੰਦਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਮੋਗਾ ਦੀ ਵਿਸ਼ੇਸ਼ ਮੀਟਿੰਗ ਫਰੀਡਮ ਫਾਈਟਰ ਭਵਨ ਵਿੱਚ ਪੈਨਸ਼ਨਰ ਡੇ ਮਨਾਉਣ ਸਬੰਧੀ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਸੁਖਮੰਦਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਮੂਹ ਹਾਜ਼ਰੀਨ ਨੇ ਇਸ ਸਾਲ ਪੈਨਸ਼ਨਰ ਡੇ ਸੰਘਰਸ਼ਸ਼ੀਲ ਲੋਕਾਂ ਦੇ ਨਾਂਅ ਮਨਾਉਣ ਦਾ ਫੈਸਲਾ ਕੀਤਾ ਹੈ, ਜੋ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸੰਘਰਸ਼ ਦੇ ਮੈਦਾਨ ਵਿੱਚ ਜੂਝ ਰਹੇ ਹਨ। ਸਰਬਜੀਤ ਸਿੰਘ ਦਾਉਧਰ ਜ਼ਿਲ੍ਹਾ ਸਕੱਤਰ ਨੇ ਦੱਸਿਆ ਕਿ ਪੈਨਸ਼ਨਰ ਦਿਵਸ ਸ਼ਹੀਦ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਭਵਨ ਵਿਖੇ 17 ਦਸੰਬਰ ਮੰਗਲਵਾਰ ਨੂੰ ਠੀਕ 10 ਵਜੇ ਸ਼ੁਰੂ ਹੋਵੇਗਾ। ਭਜਨ ਸਿੰਘ ਗਿੱਲ ਸੂਬਾ ਪ੍ਰਧਾਨ, ਚਮਕੌਰ ਸਿੰਘ ਸਰਾਂ, ਪ੍ਰੇਮ ਕੁਮਾਰ ਵਿੱਤ ਸਕੱਤਰ, ਬਿੱਕਰ ਸਿੰਘ ਮਾਛੀਕੇ, ਚਮਕੌਰ ਸਿੰਘ ਸਰਾਂ, ਨਾਇਬ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਰਾਮ ਕੁੱਸਾ ਤੇ ਪ੍ਰੈੱਸ ਸਕੱਤਰ ਗਿਆਨ ਸਿੰਘ ਨੇ ਦੱਸਿਆ ਕਿ ਇਸ ਦਿਵਸ 'ਤੇ ਲੱਗਪੱਗ 40 ਪੈਨਸ਼ਨਰਾਂ 70 ਸਾਲ ਦੇ ਅਪੰਗ, 80 ਤੇ 90 ਸਾਲ ਦੀ ਉਮਰ ਪੂਰੀ ਕਰ ਚੁੱਕੇ ਸਤਿਕਾਰ ਯੋਗ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਮੀਟਿੰਗ ਵਿੱਚ ਇੱਕ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਰਬਸ੍ਰੀ ਚਮਕੌਰ ਸਿੰਘ ਸਰਾਂ, ਪ੍ਰੇਮ ਕੁਮਾਰ, ਇੰਦਰ ਜੀਤ ਸਿੰਘ ਮੋਗਾ, ਬਲਵਿੰਦਰ ਸਿੰਘ ਗਿੱਲ, ਜਗਜੀਤ ਸਿੰਘ ਰਖਰਾ, ਦਲਬਾਰਾ ਸਿੰਘ, ਆਤਮਾ ਸਿੰਘ ਚੜਿੱਕ, ਸੁਖਮੰਦਰ ਸਿੰਘ ਗੱਜਣ ਵਾਲਾ, ਬਲਦੇਵ ਸਿੰਘ ਮੋਗਾ ਲਏ ਗਏ। ਇਸ ਕਮੇਟੀ ਤੋਂ ਇਲਾਵਾ ਇੱਕ ਪ੍ਰਚੇਜ਼ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਪ੍ਰੇਮ ਕੁਮਾਰ, ਇੰਦਰਜੀਤ ਸਿੰਘ, ਚਮਕੌਰ ਸਿੰਘ ਸਰਾਂ, ਸਮਸ਼ੇਰ ਸਿੰਘ, ਜੀਵਨ ਸਿੰਘ ਮੈਂਬਰ ਲਏ ਗਏ। ਇਨ੍ਹਾਂ ਕਮੇਟੀਆਂ ਦੀ ਸਹਾਇਤਾ ਲਈ ਸਾਰੇ ਸਬ ਡਵੀਜ਼ਨਾਂ ਦੇ ਪ੍ਰਧਾਨ ਤੇ ਸਕੱਤਰ ਵੀ ਕਮੇਟੀਆਂ ਵਿੱਚ ਆਪਣਾ ਬਣਦਾ ਰੋਲ ਅਦਾ ਕਰਨਗੇ। ਸਵ: ਨਰਿੰਦਰ ਸ਼ਰਮਾ ਦੇ ਪਰਵਾਰ ਵੱਲੋਂ ਸ਼ਰਮਾ ਦੀ ਯਾਦ ਵਿੱਚ ਇੱਕਤੀ ਸੌ ਰੁਪਏ ਜ਼ਿਲ੍ਹਾ ਕਮੇਟੀ ਨੂੰ ਸਹਾਇਤਾ ਫੰਡ ਦਿੱਤੇ ਅਤੇ ਮੈਡਮ ਪਾਰਬਤੀ ਸਾਬਕਾ ਬੀ ਪੀ ਈ ਓ ਨੇ ਸਬ ਡਵੀਜ਼ਨ ਕਮੇਟੀ ਬਾਘਾ ਪੁਰਾਣਾ ਨੂੰ ਇੱਕ ਹਜ਼ਾਰ ਰੁਪਏ ਭੇਟ ਕੀਤੇ। ਮੀਟਿੰਗ ਵਿੱਚ ਪਿਛਲੇ ਸਮੇਂ 'ਚ ਸਵਰਗ ਸਿਧਾਰ ਗਏ ਸਾਥੀਆਂ ਸਾਬਕਾ ਬਲਾਕ ਪ੍ਰਧਾਨ ਸੁਖਦੇਵ ਸਿੰਘ, ਹਰਭਜਨ ਸਿੰਘ ਘੋਲੀਆ ਕਲਾਂ, ਭਾਗ ਸਿੰਘ ਕਿਸ਼ਨਪੁਰਾ ਤੇ ਰਾਜ ਸਿੰਘ ਘੋਲੀਆ ਖੁਰਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅਖੀਰ ਵਿੱਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਨੇ ਪਿਛਲੇ ਸਮੇਂ ਵਿੱਚ ਜਥੇਬੰਦ ਸੰਘਰਸ਼ ਤੇ ਕਾਨੂੰਨੀ ਲੜਾਈ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਾਨੂੰਨੀ ਲੜਾਈ ਦੇ ਨਾਲ ਨਾਲ ਅਸਲ ਵਿੱਚ ਜਥੇਬੰਦਕ ਸੰਘਰਸ਼ ਹੀ ਇੱਕੋ ਇੱਕ ਠੀਕ ਰਾਹ ਹੈ, ਜਿਸ ਰਾਹੀਂ ਸਾਡੀਆਂ ਲਟਕਦੀਆਂ ਮੰਗਾਂ ਦਾ ਨਿਪਟਾਰਾ ਕਰਵਾਇਆ ਜਾ ਸਕਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸਾਨੂੰ ਜਥੇਬੰਦਕ ਸੰਘਰਸ਼ ਲਈ ਤੱਤਪਰ ਰਹਿਣਾ ਚਾਹੀਦਾ ਹੈ। ਮੀਟਿੰਗ ਵਿੱਚ ਅਮਰ ਸਿੰਘ ਰਣੀਆ, ਗੁਰਜੰਟ ਸਿੰਘ ਸੰਘਾ, ਗੁਰਦੇਵ ਸਿੰਘ, ਕੇਹਰ ਸਿੰਘ ਕਿਸ਼ਨ ਪੁਰਾ, ਓਮਾ ਕਾਂਤ ਸ਼ਾਸਤਰੀ, ਮੈਡਮ ਪਾਰਬਤੀ, ਬਲਵੰਤ ਸਿੰਘ, ਪ੍ਰੀਤਮ ਸਿੰਘ ਗਿੱਲ, ਤੇਜਾ ਸਿੰਘ ਘੱਲ ਕਲਾਂ, ਤਰਸੇਮ ਕੁਮਾਰ ਸ਼ਰਮਾ, ਮੇਹਰ ਸਿੰਘ, ਗੁਰਦੀਪ ਸਿੰਘ, ਗਿੰਦਰ ਸਿੰਘ, ਦਰਸ਼ਨ ਸਿੰਘ ਮੱਲ੍ਹੀ, ਭੁਪਿੰਦਰ ਸਿੰਘ, ਬੂਟਾ ਸਿੰਘ, ਆਸ਼ਾ ਗੁੱਪਤਾ ਤੇ ਹੋਰ ਬਹੁਤ ਸਾਰੇ ਆਗੂ ਸ਼ਾਮਲ ਹੋਏ।

## ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੂੰ ਸਮਰਪਿਤ ਖ਼ੂਨਦਾਨ ਕੈਂਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਹਿਤੈਸ਼ੀ ਸਵ. ਇੰਦਰ ਕੁਮਾਰ ਗੁਜਰਾਲ ਸਾਬਕਾ ਪ੍ਰਧਾਨ ਮੰਤਰੀ ਦੀ ਯਾਦ ਨੂੰ ਸਮਰਪਿਤ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿਚ ਰਵਿੰਦਰ ਸਿੰਘ ਭਾਂਖਰ ਨੇ 33ਵੀਂ ਵਾਰ, ਰਵੀ ਕੁਮਾਰ ਪਟਿਆਲਾ ਨੇ 15ਵੀਂ ਵਾਰ, ਗੁਰਪ੍ਰੀਤ ਸਿੰਘ ਤੇ ਰਣਦੀਪ ਸਿੰਘ ਝੰਡੀ, ਅਭੀਸ਼ੇਕ ਸ਼ਰਮਾ, ਅਮਨਦੀਪ ਸਿੰਘ ਰਾਮਗੜ੍ਹ, ਤਰਸੇਮ ਸਿੰਘ ਸਿਉਣਾ, ਪ੍ਰਤੀਕ ਥਾਪਰ ਸੂਲਰ, ਮਨਦੀਪ ਸਿੰਘ ਅਲੀਪੁਰ ਵਜ਼ੀਰ ਸਾਹਿਬ, ਸੁਲੱਖਣ ਸਿੰਘ ਭਾਨਰਾ ਤੇ ਮੁਖਵਿੰਦਰ ਸਿੰਘ ਗਰੇਵਾਲ ਨੇ ਖ਼ੂਨਦਾਨ ਕਰਕੇ ਸਾਬਕਾ ਪ੍ਰਧਾਨ ਮੰਤਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖ਼ੂਨਦਾਨ ਕਰਨਾ ਪਰਉਪਕਾਰ ਦੀ ਸੇਵਾ ਹੈ।ਪੰਜਾਬ ਦਾ ਭਲਾ ਚਾਹੁਣ ਵਾਲੇ ਸਵ. ਇੰਦਰ ਕੁਮਾਰ ਗੁਜਰਾਲ ਵੱਲੋਂ ਪੰਜਾਬ ਦੇ ਹੱਕ ਵਿਚ ਲਏ ਫੈਸਲਿਆਂ ਕਾਰਨ ਉਨ੍ਹਾਂ ਨੂੰ ਯਾਦ ਕਰਨਾ ਸਮੂਹ ਪੰਜਾਬੀਆਂ ਦਾ ਫਰਜ਼ ਬਣਦਾ ਹੈ। ਇਸ ਮੌਕੇ ਸੁਖਦੀਪ ਸਿੰਘ ਸੋਹਲ, ਭਾਈ ਜਰਨੈਲ ਸਿੰਘ ਝੰਡੀ, ਠੇਕੇਦਾਰ ਗੁਰਬਚਨ ਸਿੰਘ, ਅਵਤਾਰ ਸਿੰਘ ਬਲਬੇੜਾ, ਮਨਵਿੰਦਰ ਸਿੰਘ ਮਨੀ ਟੌਹੜਾ, ਜਸਵਿੰਦਰ ਸਿੰਘ ਭਾਨਰਾ, ਸੁਰਜਨ ਸਿੰਘ ਝੰਡੀ ਤੇ ਰਣਜੀਤ ਸਿੰਘ ਝੰਡੀ ਹਾਜ਼ਰ ਸਨ।

# ਜਨਤਕ ਜਥੇਬੰਦੀਆਂ ਵੱਲੋਂ 9 ਨੂੰ ਥਾਣਾ ਮੁਖੀ ਦਾ ਪੁਤਲਾ ਫ਼ੂਕਣ ਦਾ ਐਲਾਨ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਭਾਰਤੀ ਕਮਿਊਨਿਸਟ ਪਾਰਟੀ ਤੇ ਵੱਖ ਵੱਖ ਭਰਾਤਰੀ ਜਥੇਬੰਦੀਆਂ ਸਰਬ ਭਾਰਤ ਨੌਜਵਾਨ ਸਭਾ, ਕੁੱਲ ਹਿੰਦ ਕਿਸਾਨ ਸਭਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅਤੇ ਹੋਰ ਸਮਾਜਿਕ ਜਥੇਬੰਦੀਆਂ ਵੱਲੋਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ ਨਾਲ ਬੀਤੇ ਦਿਨੀਂ ਥਾਣਾ ਅਮੀਰ ਖਾਸ ਵਿੱਚ ਜੁੜੀ ਪੰਚਾਇਤ ਵਿੱਚ ਗਾਲੀ ਗਲੋਚ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਅਜੇ ਤੱਕ ਕੋਈ ਵੀ ਕਾਰਵਾਈ ਨਾ ਕਰਨ ਅਤੇ ਅਣਗਹਿਲੀ ਵਰਤਣ ਵਾਲੇ ਮੌਕੇ ਦੇ ਏਐੱਸਆਈ ਸਵਰਨ ਸਿੰਘ ਖ਼ਿਲਾਫ਼ ਕੋਈ ਵੀ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਮਜਬੂਰ ਹੋ ਕੇ ਥਾਣਾ ਅਮੀਰ ਖਾਸ ਮੁਖੀ ਦਾ ਪੁਤਲਾ ਫ਼ੂਕਣ ਦਾ ਐਲਾਨ ਕੀਤਾ ਹੈ।

ਸਥਾਨਕ ਸੁਤੰਤਰ ਭਵਨ ਵਿਖੇ ਕੀਤੀ ਗਈ ਮੀਟਿੰਗ 'ਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਢਾਬਾਂ, ਹਰਭਜਨ ਛੱਪੜੀ ਵਾਲਾ, ਨਰਿੰਦਰ ਢਾਬਾਂ, ਕ੍ਰਿਸ਼ਨ ਧਰਮੂ ਵਾਲਾ, ਰਮੇਸ਼ ਪੀਰ ਮੁਹੰਮਦ, ਤੇਜਾ ਸਿੰਘ ਅਮੀਰ ਖਾਸ ਤੇ ਕਰਨੈਲ ਬੱਗੇ ਕੇ ਨੇ ਦੱਸਿਆ ਕਿ ਉਕਤ ਮਾਮਲੇ ਬਾਰੇ ਬੀਤੇ ਦਿਨੀਂ ਥਾਣਾ ਐੱਸ ਐੱਚ ਓ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਅਤੇ ਆਗੂਆਂ ਨੂੰ ਐੱਸ ਐੱਚ ਓ ਅਮੀਰ ਖਾਸ ਨੇ ਭਰੋਸਾ ਦਿਵਾਇਆ ਸੀ ਕਿ ਮੁਲਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਜਲਦ ਕੀਤੀ ਜਾਵੇਗੀ, ਪ੍ਰੰਤੂ ਦੋ ਦਿਨ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਐੱਸ ਐੱਚ ਓ ਵੱਲੋਂ ਕੋਈ ਵੀ ਉਕਤ ਵਿਅਕਤੀਆਂ ਖਿਲਾਫ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਹੁਣ ਉਹ ਨੌਂ ਦਸੰਬਰ ਨੂੰ ਥਾਣਾ ਅਮੀਰ ਖਾਸ ਦੀ ਮੁਖੀ ਮੈਡਮ ਅਮਰਜੀਤ ਕੌਰ ਦਾ ਥਾਣੇ ਸਾਹਮਣੇ ਪੁਤਲਾ ਫੂਕਣਗੇ ਅਤੇ ਇਹ ਸੰਘਰਸ਼ ਉਸ ਸਮੇਂ ਤੱਕ ਜਾਰੀ ਰਹੇਗਾ, ਜਦੋਂ ਤੱਕ ਉਨ੍ਹਾਂ ਦੇ ਮਸਲੇ ਹੱਲ ਨਹੀਂ ਕੀਤੇ ਜਾਂਦੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਕੁਮਾਰ ਛੱਪੜੀ ਵਾਲਾ, ਸੰਦੀਪ ਜੋਧਾ, ਰਾਜ ਥਾਰਾ, ਮੁਖਤਿਆਰ ਸਿੰਘ ਪੰਮਾ, ਛਿੰਦਰ ਢੰਡੀਆਂ ਤੇ ਧਰਮਿੰਦਰ ਰਹਿਮੇਸ਼ਾਹ ਹਾਜ਼ਰ ਸਨ।

## ਮੋਦੀ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਰੋਸ ਪ੍ਰਦਰਸ਼ਨ 10 ਨੂੰ

**ਦੋਰਾਹਾ (ਹਰਮਿੰਦਰ ਸੇਠ)**-ਮਨੁੱਖੀ ਅਧਿਕਾਰ ਦਿਵਸ 'ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੇਂਦਰ ਸਰਕਾਰ ਦੀਆਂ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਦੀਆਂ ਨੀਤੀਆਂ ਵਿਰੁੱਧ ਰੋਸ ਪ੍ਰਦਰਸ਼ਨ 10 ਦਸੰਬਰ 2024 ਨੂੰ ਸਵੇਰੇ 10.30 ਵਜੇ, ਮਿੰਨੀ ਸਕੱਤਰੇਤ ਵਿਖੇ ਕੀਤਾ ਜਾਵੇਗਾ।ਇਸ ਦੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਸਾਥੀ ਡੀ ਪੀ ਮਾਡਲ ਨੇ ਕਿਹਾ ਕਿ ਅੱਜ ਜੋ ਕੇਂਦਰ ਸਰਕਾਰ ਦੀਆਂ ਮਾਰੂ ਤੇ ਦਮਨਕਾਰੀ ਨੀਤੀਆਂ ਹਨ, ਜਿਸ ਵਿੱਚ ਦੇਸ਼ ਦਾ ਹਰ ਵਰਗ ਪਿਸ ਰਿਹਾ ਹੈ, ਇਨ੍ਹਾਂ ਦਮਨਕਾਰੀ ਨੀਤੀਆਂ ਦੇ ਵਿਰੋਧ 'ਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਲੁਧਿਆਣਾ ਦੇ ਮਿੰਨੀ ਸਕੱਤਰ ਵਿਖੇ 10 ਦਸੰਬਰ ਨੂੰ ਸਵੇਰੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਕੇਂਦਰ ਸਰਕਾਰ ਦੀਆਂ ਮਾਰੂਆਂ ਨੀਤੂਆਂ ਖਿਲਾਫ ਭਾਰਤੀ ਕਮਿਊਨਿਸਟ ਪਾਰਟੀ ਹਮੇਸ਼ਾ ਤੋਂ ਲੜਦੀ ਆ ਰਹੀ ਹੈ ਹੈ ਤੇ ਲੜਦੀ ਰਹੇਗੀ। ਇਸ ਕੜੀ ਤਹਿਤ ਇਹ ਵਿਸ਼ਾਲ ਰੋਸ ਪ੍ਰਦਰਸ਼ਨ ਵਿੱਚ ਜਿੱਥੇ ਇਲਾਕਾ ਨਿਵਾਸੀਆਂ ਨੂੰ, ਉਥੇ ਭਾਰਤੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਤੇ ਵਰਕਰਾਂ ਨੂੰ ਵੀ ਬੇਨਤੀ ਹੈ ਕਿ ਉਹ ਸਮੇਂ ਸਿਰ ਪਹੁੰਚ ਕੇ ਇਸ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਣ।

# ਡਾਕਟਰ ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ




**ਜਲਾਲਾਬਦ (ਜੀਤ ਕੁਮਾਰ/ਜੰਗੀਰ ਕੌਰ)**-ਐੱਸੀ.ਸੀ./ ਐੱਸ.ਟੀ./ ਓ.ਬੀ.ਸੀ. ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਵੱਲੋਂ ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਵਾਣ ਦਿਵਸ ਸਥਾਨਕ ਡਾਕਟਰ ਅੰਬੇਡਕਰ ਚੌਕ ਵਿਖੇ ਸ਼ਰਧਾਂਜਲੀ ਸਮਾਰੋਹ ਕਰਕੇ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਨਗਰ ਕੌਂਸਲ ਦੇ ਪ੍ਰਧਾਨ ਵਿਕਾਸਦੀਪ ਚੌਧਰੀ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਚਰਨਾਂ ਵਿੱਚ ਨੱਤ ਮਸਤਕ ਹੋਏ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸ਼ਰਧਾਂਜਲੀ ਸਮਾਰੋਹ ਵਿੱਚ ਕਮੇਟੀ ਦੇ ਪ੍ਰਧਾਨ ਰੋਹਿਤ ਗੁਡਾਲੀਆ, ਵਾਈਸ ਪ੍ਰਧਾਨ ਮਾਸਟਰ ਬਲਵੀਰ ਸਿੰਘ ਪੁਆਰ, ਸੀਨੀਅਰ ਵਾਈਸ ਪ੍ਰਧਾਨ ਸਰਪੰਚ ਤਿਲਕ ਰਾਜ, ਜਨਰਲ ਸੈਕਟਰੀ ਜੋਗਿੰਦਰ ਪਾਲ, ਕੈਸ਼ੀਅਰ ਸਰਪੰਚ ਗੁਰਮੇਜ ਲਾਲ ਮੰਨੇ ਵਾਲਾ, ਵਾਈਸ ਪ੍ਰਧਾਨ ਡਾਕਟਰ ਕੋਰ ਸਿੰਘ, ਸਲਾਹਕਾਰ ਦੇਸਰਾਜ ਗੁਡਾਲੀਆ, ਡਾ. ਨਿਰਭੈ ਸਿੰਘ, ਡਾ. ਰਮੇਸ਼ ਲਾਡੀ, ਵਾਈਸ ਪ੍ਰਧਾਨ ਰਜੀਵ ਤੰਬੋਲੀਆ, ਡਾ. ਪ੍ਰਕਾਸ਼ ਦੋਸ਼ੀ, ਮਾ. ਰਾਜ ਕਪੂਰ, ਡਾ. ਓਮ ਪ੍ਰਕਾਸ਼, ਰਾਜੇਸ਼ ਕੁਮਾਰ, ਵਿਨੋਦ ਨਦਾਨੀਆ, ਸਤੀਸ਼ ਕੁਮਾਰ, ਨਗਰ ਕੌਂਸਲ ਦੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਸਨੀ ਸਰਵਨ, ਸੁਪਰਵਾਈਜ਼ਰ ਸੰਦੀਪ ਸੰਘੇਲੀਆ, ਵਿਕਾਸ ਕੁਮਾਰ, ਸੂਰਜ ਕੁਮਾਰ, ਮਾ. ਵਰਿਆਮ ਸਿੰਘ ਘੁੱਲਾ, ਗੁਰਚੇਤ ਸਿੰਘ ਸੈਦੋਕੇ, ਡਾ. ਜਗਸੀਰ ਸਿੰਘ, ਬਾਬਾ ਕੁਲਵੰਤ ਸਿੰਘ, ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਐੱਸ ਸੀ, ਐੱਸ ਟੀ ਓਬੀਸੀ ਮਹਾਂ ਸੰਘਰਸ਼ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਬਾਬਾ ਸਾਹਿਬ ਜੀ ਦੇ ਜੀਵਨ ਤੇ ਭਾਰਤ ਪ੍ਰਤੀ ਦਿੱਤੇ ਯੋਗਦਾਨ ਬਾਰੇ ਚਾਨਣਾ ਪਾਇਆ ਤੇ ਬੁਲਾਰਿਆਂ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦਲਿਤ ਸਮਾਜ ਦੇ ਮਸੀਹਾ ਸਨ, ਹਰ ਸਮਾਜ ਵਾਸਤੇ ਹਰ ਵਰਗ ਵਾਸਤੇ ਇੱਕ ਮਹਾਨ ਨਾਇਕ ਦੇ ਰੂਪ ਵਿੱਚ ਕੰਮ ਕੀਤਾ। ਇਸ ਮੌਕੇ ਮੁੱਖ ਮਹਿਮਾਨ ਨਗਰ ਕੌਂਸਲ ਜਲਾਲਾਬਾਦ ਦੇ ਪ੍ਰਧਾਨ ਵਿਕਾਸਦੀਪ ਚੌਧਰੀ ਨੂੰ ਬਾਬਾ ਸਾਹਿਬ ਦੀ ਤਸਵੀਰ ਨਾਲ ਸਨਮਾਨਤ ਕੀਤਾ ਗਿਆ।

## ਖੱਬੇ ਪੱਖੀ ਕਾਰਕੁਨਾਂ ਦੀ ਮੀਟਿੰਗ 'ਚ ਕਿਸਾਨਾਂ, ਮਜ਼ਦੂਰਾਂ ਦੇ ਵਿਚਾਰੇ ਮੁੱਦੇ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਕਸਬਾ ਰਾਣੀਆਂ ਦੇ ਬੰਤਾ ਸਿੰਘ ਭਵਨ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਜਗਰੂਪ ਸਿੰਘ ਚੌਬੁਰਜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕਮਿਊਨਿਸਟ ਆਗੂ ਕਾਮਰੇਡ ਬ੍ਰਿਜ ਲਾਲ ਦੇ ਸਪੁੱਤਰ ਐਡਵੋਕੇਟ ਮਹਾਂਵੀਰ ਸਿੰਘ ਦੇ ਅਚਾਨਕ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਦੌਰਾਨ ਮਤਾ ਪਾਸ ਕਰਕੇ ਉੱਤਰੀ ਤੇ ਦੱਖਣੀ ਘੱਗਰ ਨਹਿਰਾਂ ਵਿੱਚ ਭਾਖੜਾ ਦੇ ਹਿੱਸੇ ਦਾ ਪਾਣੀ ਤੁਰੰਤ ਛੱਡਣ ਦੀ ਮੰਗ ਕੀਤੀ ਗਈ ਅਤੇ ਭਾਖੜਾ ਨਹਿਰ ਅਧੀਨ ਸਾਈਫਨ ਦੀ ਮੰਗ ਤੋਂ ਇਲਵਾ ਚਾਰ ਮਹੀਨੇ ਪਹਿਲਾਂ ਜਗਸੀਰ ਪੁੱਤਰ ਅਮਰਜੀਤ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ, ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਦਰਜ ਅਪਰਾਧਕ ਕੇਸ ਰੱਦ ਕਰਨ, ਧਾਰਮਿਕ ਸਥਾਨਾਂ ਦੀ ਜਾਂਚ ਦੇ ਨਾਂ 'ਤੇ ਦੇਸ਼ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ, ਗਰੀਬੀ ਰੇਖਾ ਦਾ ਦੁਬਾਰਾ ਸਰਵੇਖਣ, ਮਜ਼ਦੂਰਾਂ, ਅੰਗਹੀਣਾਂ, ਵਿਧਵਾਵਾਂ, ਬੇਸਹਾਰਾ ਔਰਤਾਂ ਤੇ ਛੋਟੇ ਕਿਸਾਨਾਂ ਨੂੰ ਸ਼ਾਮਲ ਕਰਨ ਜਹੀਆਂ ਅਨੇਕ ਮੰਗਾਂ ਲਈ ਸੰਘਰਸ਼ ਦਾ ਐਲਾਨ ਕੀਤਾ ਗਿਆ। ਕਾ: ਜਗਰੂਪ ਸਿੰਘ ਚੌਬੁਰਜਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਕਾਮਰੇਡ ਸਵਰਨ ਸਿੰਘ ਵਿਰਕ ਤੋਂ ਇਲਵਾ ਲਸ਼ਮਣ ਸਿੰਘ ਸ਼ੇਖਾਵਤ, ਪ੍ਰਿਤਪਾਲ ਸਿੰਘ ਸਿੱਧੂ, ਜਗੀਰ ਸਿੰਘ, ਤਰਸੇਮ ਸਿੰਘ, ਬਲਰਾਜ ਸਿੰਘ ਬਣੀ, ਜੋਗਿੰਦਰ ਸਿੰਘ, ਮਾਹਲਾ ਰਾਮ, ਵਿਨਾਇਕ, ਰਾਜ ਕੁਮਾਰ, ਕਸ਼ਮੀਰ ਮੁਕਤਾ, ਬਾਬਾ ਬਲਵੰਤ ਸਿੰਘ ਤੇ ਡਾ: ਸੁਖਦੇਵ ਸਿੰਘ ਜੰਮੂ ਹਾਜ਼ਰ ਰਹੇ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਦਾ ਦੋ ਰੋਜ਼ਾ ਸਾਲਾਨਾ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਦੇ ਵਿਹੜੇ ਵਿੱਚ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਤੇ ਡਾਇਰੈਕਟਰ ਅਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਸੁਚੱਜੀ ਅਗਵਾਈ 'ਚ ਦੋ ਰੋਜ਼ਾ 32ਵੇਂ ਸਾਲਾਨਾ ਸਮਾਗਮ 'ਸਾਂਝ' 2024-25 ਦਾ ਆਯੋਜਨ ਕੀਤਾ ਗਿਆ।ਇਸ ਦਾ ਥੀਮ ਸਟੱਡੀ ਸਕਸੈੱਸ ਤੇ ਖੇਡਾਂ ਰੱਖਿਆ ਗਿਆ, ਕਿਉਂਕਿ ਖੇਡਾਂ ਵਿਦਿਆਰਥੀ ਦੇ ਜੀਵਨ ਨੂੰ ਤੰਦਰੁਸਤ ਬਣਾਉਂਦੀਆਂ ਹਨ। ਇਸ ਸਮਾਗਮ ਵਿੱਚ ਪਰਮਵੀਰ ਸਿੰਘ ਬਾਠ (ਪੱਤਰਕਾਰ ਪ੍ਰਾਈਮ ਏਸ਼ੀਆ), ਸਰਪੰਚ ਮੋਹਰ ਸਿੰਘ (ਮਾਣੂਕੇ), ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਮੈਡਮ ਪਰਮਿੰਦਰ ਕੌਰ, ਐਡਵੋਕੇਟ ਰਾਜ ਸਿੰਘ, ਰਘੂਵੀਰ ਚੰਦ ਮਹਿਤਾ, ਮਾਤਾ ਸਵਰਨਾ ਮਹਿਤਾ, ਮੈਡਮ ਸੁਧਾ ਮਹਿਤਾ, ਮੈਡਮ ਖੁਸ਼ਪ੍ਰੀਤ ਕੌਰ, ਕੋ-ਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ ਮਿਡਲ ਵਿੰਗ ਮੈਡਮ ਦੀਪਿਕਾ ਮਨਚੰਦਾ, ਕੋਆਰਡੀਨੇਟਰ ਪ੍ਰਾਇਮਰੀ ਵਿੰਗ ਮੈਡਮ ਰੀਚਾ, ਕੋ-ਆਰਡੀਨੇਟਰ ਮਾਊਂਟ ਲਿਟਰਾ ਮਿੰਨੀ ਬਾਲਾ, ਕੋ-ਆਰਡੀਨੇਟਰ ਕਿੰਡਜੀ ਮੈਡਮ ਗੁੰਜਨ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਹੋਈ।ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਲੈਂਪ ਲਾਈਟਿੰਗ ਸੈਰੇਮਨੀ ਕੀਤੀ ਗਈ।

ਪ੍ਰੋਗਰਾਮ ਦੌਰਾਨ ਕੋਆਰਡੀਨੇਟਰ ਮੁਕੇਸ਼ ਅਰੋੜਾ ਵੱਲੋਂ ਮਾਪਿਆਂ ਤੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਪੰਜਵੀਂ ਤੋਂ ਅੱਠਵੇਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ 'ਤੇ ਇਨਾਮ ਦਿੱਤਾ ਗਿਆ। ਸ੍ਰੀ ਪਰਮਿੰਦਰ ਸਿੰਘ ਬਾਠ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੱਚਿਆਂ ਵਿੱਚ ਖੇਡਾਂ ਤੇ ਕੰਮ ਕਰਨ ਦੀ ਰੁਚੀ ਪੈਦਾ ਕਰਨ 'ਤੇ ਜ਼ੋਰ ਦੇਣ ਲਈ ਕਿਹਾ।ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਤੇ ਮਾਪਿਆਂ ਦੀ ਇਸ ਸਕੂਲ ਨਾਲ ਸਾਲਾਂ ਪੁਰਾਣੀ ਸਾਂਝ ਬਾਰੇ ਦੱਸਦਿਆਂ ਉਨ੍ਹਾਂ ਦਾ ਸਕੂਲ ਨਾਲ ਜੁੜੇ ਰਹਿਣ ਲਈ ਧੰਨਵਾਦ ਕੀਤਾ।ਨਸ਼ਿਆਂ ਦੀ ਬੁਰਾਈ ਨੂੰ ਦਰਸਾਉਂਦਾ ਨਾਟਕ, ਜਾਗੋ ਤੇ ਮੋਬਾਇਲ ਅਤੇ ਖੇਡਾਂ ਦੇ ਭਵਿੱਖ ਵਿੱਚ ਲਾਭ ਜਾਂ ਹਾਨੀ ਨੂੰ ਦਰਸਾਉਂਦਾ ਨਾਟਕ, ਲੁੱਡੀ, ਕਾਮੇਡੀ, ਮਲਵਈ ਗਿੱਧਾ, ਸੱਭਿਆਚਾਰਕ ਗੀਤਾਂ ਤੇ ਡਾਂਸ ਆਦਿ ਆਈਟਮਾਂ ਤੋਂ ਇਲਾਵਾ ਨੌਵੀਂ ਤੋਂ ਬਾਰਵੀਂ ਦੀਆਂ ਵਿਦਿਆਰਥਣਾਂ ਦਾ ਗਿੱਧਾ ਤੇ ਨੌਜਵਾਨਾਂ ਦਾ ਭੰਗੜਾ ਬਹੁਤ ਹੀ ਸ਼ਾਨਦਾਰ ਰਿਹਾ।ਇਸ ਸਮਾਗਮ ਦੌਰਾਨ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਸਟੇਟ ਪੱਧਰ 'ਤੇ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਤੇ 100% ਹਾਜ਼ਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਮੈਰਿਟ (ਦਸਵੀਂ ਸ਼੍ਰੇਣੀ) ਵਿੱਚ ਆਏ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।

ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਇਸ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਕਾਬਲ ਬਣਾਉਣ ਲਈ ਵਚਨਬੱਧ ਹਨ।ਸਮਾਗਮ ਦੇ ਅਖੀਰ ਵਿੱਚ ਸੰਸਥਾ ਦੇ ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ ਨੇ ਇਸ ਸਮਾਗਮ ਦੀ ਸਫਲਤਾ ਲਈ ਵਿਦਿਆਰਥੀਆਂ ਤੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ। ਇਸ ਸਮੁੱਚੇ ਸਮਾਗਮ ਵਿੱਚ ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਹਰਦੀਪ ਕੌਰ, ਹਰਜਿੰਦਰ ਪਾਲ ਸਿੰਘ, ਵਿਦਿਆਰਥੀ ਸ਼ਨਾਇਆ ਮਹਿਤਾ, ਮਨਜੋਤ ਕੌਰ, ਰੂਹਾਨੀ ਮਨਚੰਦਾ, ਰਾਜਦੀਪ ਤੇ ਆਰਵ ਤੁਲੀ ਵੱਲੋਂ ਬਾਖੂਬੀ ਨਿਭਾਈ ਗਈ।ਸ੍ਰੀ ਕਪਿਲ ਤੁਲੀ, ਮੈਡਮ ਪ੍ਰਵੀਨ ਤੁਲੀ ਤੇ ਸੁਕੇਸ਼ ਕੁਮਾਰ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਪਬਲਿਕ ਨੋਟਿਸ

ਮੈਂ ਸਰਿਤਾ ਕੰਬੋਜ ਪਤਨੀ ਸਤਪਾਲ ਕੰਬੋਜ ਵਾਸੀ ਸੈਂਟਰਲ ਟਾਊਨ, ਸੁਲਤਾਨਪੁਰ ਲੋਧੀ, ਜ਼ਿਲਾ ਕਪੂਰਥਲਾ, ਪੰਜਾਬ 144626, ਮੈਂ ਬਿਆਨ ਕਰਦੀ ਹਾਂ ਕਿ ਸਦਰ ਬਜ਼ਾਰ ਸੁਲਤਾਨਪੁਰ ਲੋਧੀ ਵਿਖੇ ਸਥਿਤ ਜਾਇਦਾਦ ਦੀ ਮਾਲਕਣ ਹਾਂ, ਸਦਰ ਬਜ਼ਾਰ ਸੁਲਤਾਨਪੁਰ ਲੋਧੀ ਵਿਖੇ ਸਥਿਤ ਜਾਇਦਾਦ ਦੇ ਮੇਰੇ 2 ਪੁਰਾਣੇ ਵਿਕਰੀ ਦਸਤਾਵੇਜ਼ ਗੁੰਮ ਹੋ ਗਏ ਹਨ। ਜਿਨ੍ਹਾਂ ਵਿਚ ਜੀਪੀਏ ਡੀਡ ਨੰਬਰ 168 ਕਮਲ ਕਿਸ਼ੋਰ ਧੀਰ ਪੁੱਤਰ ਬਲਬੀਰ ਚੰਦ ਦੇ ਹੱਕ ਵਿੱਚ ਮਿਤੀ 01-12-2006 ਅਤੇ ਦੂਸਰੀ ਸੇਲ ਡੀਡ ਨੰਬਰ 88 ਮਿਤੀ 11-04-2007 ਨੂੰ ਚਰਨ ਕੌਰ ਪਤਨੀ ਤਰਸੇਮ ਸਿੰਘ ਦੇ ਹੱਕ ਵਿੱਚ ਹੈ।ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੈ ਤਾਂ ਆਰਬੀਐਲ ਫਿਨਸਰਵ ਲਿਮਟਿਡ ਅਤੇ ਸ੍ਰੀ ਵਿਕਾਸ ਗੁਪਤਾ ਐਡਵੋਕੇਟ 9463182928 ਨਾਲ ਸੰਪਰਕ ਕਰੋ।

## Court Notice

(U/o 5 Rule 20 CPC)
In The Court of
**Ms. Nirmala Devi**
Civil Judge (Junior Division), Ludhiana
CNR No. : PBLD02-13193-2023
Next Date : 16.01.2025
Tejinder Pal Singh
Vs.
Jagwant Singh

Suit for declaration to the effect that the plaintiff is the owner in Possession of the Plot measuring 500 SQ Yrds at Hadbast No. 259, locality known as Singla Cycle Road, Dhandari Kalan, Ludhiana

Publication Issued To : 2. Harwinder Singh Mod S/o Kartar Singh R/o H.No. B-31, 05423, St. No. 1, 33 Futta Road Adarsh Colony, Near Poultry Farm, Mundian Kalan, Ludhiana.

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 16.01.2025 at 10:00 a.m.

For details logon to https://highcourtchd.gov.in/?trs=district notice&district=Ludhiana

Civil Judge (Junior Division), Ludhiana
Dated this day of 03-12-2024

# ਤਨਜ਼ਾਨੀਆ ਦੇ ਵਫਦ ਨੇ ਮੁੱਖ ਮੰਤਰੀ ਸੈਣੀ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਅੱਜ ਇੱਥੇ ਉਨ੍ਹਾਂ ਦੇ ਆਵਾਸ ਸੰਤ ਕਬੀਰ ਕੁਟੀਰ 'ਤੇ ਸੰਯੁਕਤ ਗਣਰਾਜ ਤਨਜ਼ਾਨੀਆ ਦੇ ਵਫਦ ਨੇ ਮੁਲਾਕਾਤ ਕੀਤੀ। ਵਫਦ ਵਿਚ ਜਾਂਜੀਬਾਰ-ਤਨਜ਼ਾਨੀਆ ਦੀ ਸੂਚਨਾ, ਸੰਗਿਆਚਾਰ, ਕਲਾ, ਯੁਵਾ ਮਾਮਲੇ ਅਤੇ ਖੇਡ ਮੰਤਰੀ ਸੁਸ੍ਰੀ ਤਾਬਿਆ ਮੌਲਦ ਮਾਵਿਤਾ ਅਤੇ ਸੰਯੁਕਤ ਗਣਰਾਜ ਤਨਜ਼ਾਨੀਆ ਦੇ ਉੱਚਆਯੋਗ ਦੇ ਪ੍ਰਰਨਾਅਧਿਕਾਰੀ ਮੰਤਰੀ ਫਾਤੂਲੇ ਮਥਿਆ ਸ਼ਾਮਿਲ ਰਹੇ।

ਇਸ ਦੌਰਾਨ ਹਰਿਆਣਾ ਅਤੇ ਤਨਜ਼ਾਨੀਆ ਵਿਚਕਾਰ ਵੱਖ-ਵੱਖ ਖੇਤਰਾਂ ਵਿਚ ਆਪਸੀ ਸਹਿਯੋਗ ਦੀਆਂ ਸੰਭਾਵਨਾਵਾਂ 'ਤੇ ਵਿਸਤਾਰ ਨਾਲ ਚਰਚਾ ਹੋਈ ਨਾਇਬ ਸਿੰਘ ਸੈਣੀ ਨੇ ਵਫਦ ਦਾ ਸਵਾਗਤ ਕੀਤਾ ਅਤੇ ਕੌਮਾਂਤਰੀ ਗੀਤਾ ਮਹੋਤਸਵ-2024 ਵਿਚ ਭਾਗੀਦਾਰ ਦੇਸ਼ ਵਜੋਂ ਤਨਜ਼ਾਨੀਆ ਦੀ ਸਰਗਰਮ ਭਾਗੀਦਾਰੀ ਯਕੀਨੀ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਵਫਦ ਨੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਰਾਹੀਂ ਹਰਿਆਣਾ ਅਤੇ ਤਨਜ਼ਾਨੀਆ ਵਿਚ ਸੰਗਿਆਚਾਰਕ ਅਤੇ ਅਧਿਆਤਮਕ ਸੰਬੰਧਾਂ ਨੂੰ ਮਜ਼ਬੂਤ ਕਰਨ ਵਿਚ ਹਰਿਆਣਾ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।ਵਫਦ ਨੇ ਖੇਡਾਂ ਦੇ ਖੇਤਰ ਵਿਚ ਹਰਿਆਣਾ ਵੱਲੋਂ ਕੀਤੇ ਜਾ ਰਹੇ ਵਧੀਆ ਕੰਮਾਂ ਦੀ ਵੀ ਸ਼ਲਾਘਾ ਕੀਤੀ। ਵਫਦ ਨੇ ਦਾਰ-ਐਸ-ਸਲਾਮ, ਡੋਡੋਮਾ ਅਤੇ ਅਰੂਸ਼ਾ ਖੇਤਰਾਂ ਵਿਚ ਆਪਣੇ ਤਿੰਨ ਸਟੇਡੀਅਮਾਂ ਲਈ ਹਰਿਆਣਾ ਤੋਂ ਕੋਚ ਅਤੇ ਇਨਸਟਰਕਟਰ ਦੀ ਵਿਵਸਥਾ ਕਰਨ ਲਈ ਸਹਿਯੋਗ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਵਫਦ ਨੂੰ ਪੂਰਾ ਸਹਿਯੋਗ ਦੀ ਅਪੀਲ ਕੀਤੀ।ਵਫਦ ਨੇ ਨਾਇਬ ਸਿੰਘ ਸੈਣੀ ਨੂੰ ਤਨਜਾਨੀਆ-ਜਾਂਜੀਬਾਰ ਆਉਣ ਦਾ ਸੱਦਾ ਦਿੱਤਾ।

ਇਸ ਮੌਕੇ ਵਿਦੇਸ਼ ਸਹਿਯੋਗ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।


## Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਆਮ ਕੈਪੀਟਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 { 54 ਆਫ 2002}) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 13.09.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਵਾਸੀ 6095, ਜੀ ਟੀ ਰੋਡ, ਸਾਹਮਣੇ ਗਰੇਨ ਮਾਰਕੀਟ, ਜੰਡਿਆਲਾ ਗੁਰੂ, ਜਯੋਤੀਸਰ ਕਾਲੋਨੀ, ਜੰਡਿਆਲਾ, ਜੰਡਿਆਲਾ ਆਰ ਐਸ ਅੰਮ੍ਰਿਤਸਰ, ਪੰਜਾਬ-143149, 2. ਸ੍ਰੀ ਸਮਸ਼ੇਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ 6095 ਜੰਡਿਆਲਾ ਗੁਰੂ ਅੰਮ੍ਰਿਤਸਰ-143115 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) 3. ਸ੍ਰੀ ਬਲਦੇਵ ਸਿੰਘ ਪੁੱਤਰ ਸ੍ਰੀ ਬਲਕਾਰ ਸਿੰਘ ਵਾਸੀ ਨਵਾਂ ਕੋਟ, ਜ਼ਿਲ੍ਹਾ ਅੰਮ੍ਰਿਤਸਰ-143115, 4. ਰਵਨੀਤ ਕੌਰ ਉਰਫ਼ ਨਵਨੀਤ ਪਤਨੀ ਗੁਰਮੇਲ ਸਿੰਘ ਵਾਸੀ ਪਿੰਡ ਕਰਨੈਲ ਗੰਜ, ਡਾਕਖਾਨਾ, ਜੈਦ, ਕਰਨੈਲ ਗੰਜ, ਕਪੂਰਥਲਾ, ਪੰਜਾਬ-144621 (ਬਾਅਦ ਵਿੱਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ OD/045400000014 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 9,45,016.39 ਦੀ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਤੋਂ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ OD/0454000000 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 9,45,016.39 ਤੇ ਮਿਤੀ 01.08.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

**ਅਚੱਲ ਜਾਇਦਾਦ ਦਾ ਵੇਰਵਾ**

ਟਰਾਂਸਫਰ ਡੀਡ ਨੰ. 272 ਮਿਤੀ 14.06.2018 ਤਹਿਤ ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਦੀ ਮਾਲਕੀ ਹੇਠ ਜੰਡਿਆਲਾ-1, ਤਹਿ. ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ, ਹਦਬਸਤ ਨੰ. 135 ਵਿਖੇ ਸਥਿਤ ਜਾਇਦਾਦ ਰਕਬਾ 13 ਮਰਲੇ 03 ਸਰਸਾਈ ਦੇ ਸਾਰੇ ਹਿੱਸੇ।

ਮਿਤੀ : 03.12.2024 ਸਥਾਨ : ਜੰਡਿਆਲ ਗੁਰੂ (ਅਧਿਕਾਰਤ ਅਫ਼ਸਰ)



## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ 244-2024-25-ADEN-1-FZR & 245-2024-25-ADEN-1-FZR & 246-2024-25-ADEN-1-FZR & 247-2024-25-ADEN-2-FZR& 248-2024-25-ADEN-2-FZR. Date: 02.12.2024

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.12.2024 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਤੇ ਕਰੇਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 29/11/2024 | 09/12/2024 | 23/12/2024/ 15:00 Hrs |

ਲੜੀ ਨੰਬਰ : 1 | ਨਿਵਿਦਾ ਨੰਬਰ, ਤਾਰੀਕ : 244-2024-25-ADEN-1-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜਿਨੀਅਰ/ਪੀ-ਵੇ/ਮੁਕਤਸਰ ਦੇ ਅਨੁਭਾਗ ਵਿਚ ਵਿਵਿਧ ਪੀ-ਵੇ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 44,99,939.18/- | 90,000.00/- | 60 ਦਿਨ | 07 ਮਹੀਨੇ |

ਸਮਾਨ ਨੇਚਰ ਦਾ ਕੰਮ "ਕੋਈ ਵੀ ਨਹੀਂ"।

ਲੜੀ ਨੰਬਰ : 2 | ਨਿਵਿਦਾ ਨੰਬਰ, ਤਾਰੀਕ: 245-2024-25-ADEN-1-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜਿਨੀਅਰ/ਪੀ-ਵੇ/ਮੋਗਾ ਦੇ ਅਨੁਭਾਗ ਵਿਚ ਵਿਵਿਧ ਪੀ-ਵੇ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 54,99,952.92/- | 1,10,000.00/- | 60 ਦਿਨ | 07 ਮਹੀਨੇ |

ਸਮਾਨ ਨੇਚਰ ਦਾ ਕੰਮ- "ਸੀਟੀਆਰ/ਟੀ ਆਰਆਰ/ਟੀਐਫਆਰ/ਟੀਟੀਆਰ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ ਕਰਨਾ, ਟ੍ਰੈਕ ਨੂੰ ਨਸ਼ਟ ਕਰਨਾ, ਟ੍ਰੈਕ ਰਖਰਖਾਅ ਮਸ਼ੀਲਾਂ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀ-28 ਦੁਆਰਾ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦਾ ਕੰਮ ਸ਼ਾਮਲ ਹੈ।"

ਲੜੀ ਨੰਬਰ : 3 | ਨਿਵਿਦਾ ਨੰਬਰ, ਤਾਰੀਕ : 246-2024-25-ADEN-1-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜਿਨੀਅਰ/ਪੀ-ਵੇ/ਕੋਟਕਪੁਰਾ ਦੇ ਅਨੁਭਾਗ ਵਿਚ ਵਿਵਿਧ ਪੀ-ਵੇ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 44,99,973.47/- | 90,000.00/- | 60 ਦਿਨ | 07 ਮਹੀਨੇ |

ਸਮਾਨ ਨੇਚਰ ਦਾ ਕੰਮ "ਕੋਈ ਵੀ ਨਹੀਂ"।

ਲੜੀ ਨੰਬਰ : 4 | ਨਿਵਿਦਾ ਨੰਬਰ, ਤਾਰੀਕ : 247-2024-25-ADEN-2-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜਿਨੀਅਰ/ਪੀ-ਵੇ/ਲੋਹੀਯਾਂਖਾਸ ਦੇ ਅਨੁਭਾਗ ਵਿਚ ਵਿਵਿਧ ਪੀ-ਵੇ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 49,99,900.80/- | 1,00,000.00/- | 60 ਦਿਨ | 07 ਮਹੀਨੇ |

ਸਮਾਨ ਨੇਚਰ ਦਾ ਕੰਮ "ਕੋਈ ਵੀ ਨਹੀਂ"।

ਲੜੀ ਨੰਬਰ : 5 | ਨਿਵਿਦਾ ਨੰਬਰ, ਤਾਰੀਕ : 248-2024-25-ADEN-2-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜਿਨੀਅਰ/ਪੀ-ਵੇ/ਫਿਰੋਜਪੁਰ ਦੇ ਅਨੁਭਾਗ ਵਿਚ ਵਿਵਿਧ ਪੀ-ਵੇ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 49,99,900.31/- | 1,00,000.00/- | 60 ਦਿਨ | 07 ਮਹੀਨੇ |

ਸਮਾਨ ਨੇਚਰ ਦਾ ਕੰਮ "ਕੋਈ ਵੀ ਨਹੀਂ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 3738/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਆਮ ਕੈਪੀਟਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 { 54 ਆਫ 2002}) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 30.03.2024 (ਸੋਧ ਨੋਟਿਸ ਮਿਤੀ 05.09.2024) ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਮੈਸ. ਪ੍ਰਿਟ ਇੰਟਰਪ੍ਰਾਈਜਿਜ਼, ਦੁਕਾਨ ਨੰ. 4, ਸਾਹਮਣੇ ਏ ਪੀ ਧਰਮ ਕੰਡਾ, ਮੇਨ ਰੋਡ, ਦਾਣਾ ਮੰਡੀ ਭਗਤਾਂਵਾਲਾ, ਅੰਮ੍ਰਿਤਸਰ ਰਾਹੀਂ ਇਸ ਦੇ ਭਾਈਵਾਲਾਂ : 2. ਸ੍ਰੀ ਮਲਕੀਅਤ ਸਿੰਘ ਮਾਰਫ਼ਤ ਲੱਖਾ ਸਿੰਘ ਵਾਸੀ 467, ਵਰਿੰਦਾਵਨ ਗਾਰਡਨ, ਫਤਹਿਗੜ੍ਹ ਚੂੜ੍ਹੀਆਂ ਰੋਡ, ਨੰਗਲੀ, ਅੰਮ੍ਰਿਤਸਰ-1, ਅੰਮ੍ਰਿਤਸਰ-143001, 3. ਕੁਮਾਰੀ ਲਲਿਤਾ ਮਾਰਫਤ ਵਿਲੀਅਮ, ਵਾਸੀ ਮਕਾਨ ਨੰ. 467, ਫੇਜ਼-2, ਵਰਿੰਦਾਵਨ ਗਾਰਡਨ ਐਫ ਸੀ ਸੀ ਰੋਡ, ਅੰਮ੍ਰਿਤਸਰ-2, ਅੰਮ੍ਰਿਤਸਰ-143001, 4. ਕੁਮਾਰੀ ਸਨਮੀਤ ਕੌਰ ਪੁੱਤਰੀ ਮੇਜਰ ਸਿੰਘ ਵਾਸੀ ਮਕਾਨ ਨੰ. 42, ਨੇੜੇ ਗੁਰੂ ਕੁਲ ਪਬਲਿਕ ਸਕੂਲ, ਪ੍ਰੀਤ ਐਵੀਨਿਊ, ਨੰਗਲੀ, ਅੰਮ੍ਰਿਤਸਰ-143008 (ਬਾਅਦ ਵਿੱਚ ਕਰਜ਼ਦਾਰ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ ਨਾਮ 5. ਸ੍ਰੀ ਮਲਕੀਅਤ ਸਿੰਘ ਮਾਰਫਤ ਲੱਖਾ ਸਿੰਘ ਵਾਸੀ 467, ਵਰਿੰਦਾਵਨ ਗਾਰਡਨ ਫਤਿਹਗੜ੍ਹ ਚੂੜੀਆਂ ਰੋਡ, ਨੰਗਲੀ, ਅੰਮ੍ਰਿਤਸਰ-1, ਅੰਮ੍ਰਿਤਸਰ-143001, 6. ਕੁਮਾਰੀ ਲਲਿਤਾ ਮਾਰਫਤ ਵਿਲੀਅਮ ਵਾਸੀ ਮਕਾਨ ਨੰ. 567, ਫੇਜ਼-2, ਵਰਿੰਦਾਵਨ ਗਾਰਡਨ ਐਫ ਜੀ ਸੀ ਰੋਡ, ਅੰਮ੍ਰਿਤਸਰ-2, ਅੰਮ੍ਰਿਤਸਰ-143001, 7. ਕੁਮਾਰੀ ਸਨਮੀਤ ਕੌਰ ਪੁੱਤਰੀ ਮੇਜਰ ਸਿੰਘ ਵਾਸੀ ਮਕਾਨ ਨੰ.42, ਨੇੜੇ ਗੁਰੂ ਕੁਲ ਪਬਲਿਕ ਸਕੂਲ, ਪ੍ਰੀਤ ਐਵੀਨਿਊ, ਨੰਗਲੀ, ਅੰਮ੍ਰਿਤਸਰ-143008, 8. ਸ੍ਰੀ ਕਾਬੁਲ ਸਿੰਘ ਪੁੱਤਰ ਸਦਾ ਸਿੰਘ ਵਾਸੀ 1084, ਫਤਹਿਗੜ੍ਹ ਚੂੜੀਆਂ ਰੋਡ, ਵਰਿੰਦਾਵਨ ਗਾਰਡਨ, ਅੰਮ੍ਰਿਤਸਰ-1, ਅੰਮ੍ਰਿਤਸਰ-143001, 9. ਸ੍ਰੀਮਤੀ ਪ੍ਰਿਆ ਮਾਰਫਤ ਮਲਕੀਅਤ ਸਿੰਘ ਵਾਸੀ ਮਕਾਨ ਨੰ. 467, ਵਰਿੰਦਾਵਨ ਗਾਰਡਨ, ਐਫ ਜੀ ਸੀ ਰੋਡ, ਅੰਮ੍ਰਿਤਸਰ-1, ਅੰਮ੍ਰਿਤਸਰ-143001 (ਬਾਅਦ ਵਿੱਚ ਗਰੰਟਰਾਂ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ ਦੀ ਮਿਤੀ ਅਨੁਸਾਰ OD ਲਿਮਟ/031400000055 ਵਿੱਚ ਬਕਾਇਆ ਰਾਸ਼ੀ 11,73,413/-, WCTL-1/031612000018 ਵਿੱਚ ਰੁਪਏ 7,42,149.20, WCTL-2/031612000027 ਵਿੱਚ ਰੁਪਏ 3,86,372/- ਅਤੇ WCTL-3/03162000040 ਵਿੱਚ ਬਕਾਇਆ ਨਿਕਲਦੀ ਰਾਸ਼ੀ 1,56,606/- ਦੀ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ OD ਲਿਮਟ /031400000055 ਵਿੱਚ ਬਕਾਇਆ ਰਾਸ਼ੀ ਰੁਪਏ 11,73,413 ਅਤੇ WCTL-1/031612000018 ਵਿੱਚ ਰੁਪਏ 7,42,149.20, WCTL-2/031612000027 ਵਿੱਚ ਰੁਪਏ 3,86,372/- ਅਤੇ WCTL-3/031612000040 ਵਿੱਚ ਬਕਾਇਆ ਨਿਕਲਦੀ ਰਾਸ਼ੀ 1,56,606/- ਤੇ ਮਿਤੀ 01.03.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

**ਅਚੱਲ ਜਾਇਦਾਦ ਦਾ ਵੇਰਵਾ**

ਵਿਕਰੀ ਬੈਨਾਮਾ ਦਸਤਾਵੇਜ ਨੰ. 2018-19/93/1/5883 ਮਿਤੀ 31.12.2018 ਤਹਿਤ ਸ੍ਰੀ ਮਲਕੀਅਤ ਸਿੰਘ ਪੁੱਤਰ ਲੱਖਾ ਸਿੰਘ ਦੀ ਮਾਲਕੀ ਹੇਠ ਪਿੰਡ ਨੰਗਲੀ, ਅਬਾਦੀ ਵਰਿੰਦਾਵਨ ਗਾਰਡਨ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ ਰਕਬਾ 256.66 ਵਰਗ ਗਜ਼ ਦੇ ਸਾਰੇ ਹਿੱਸੇ।

ਮਿਤੀ : 03.12.2024 ਸਥਾਨ : ਜੰਡਿਆਲ ਗੁਰੂ (ਅਧਿਕਾਰਤ ਅਫ਼ਸਰ)



## Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਆਮ ਕੈਪੀਟਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 { 54 ਆਫ 2002}) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 17.07.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਮੈਸ. ਸ਼ਾਹ ਬ੍ਰਦਰਜ਼, ਗਰੇਨ ਮਾਰਕੀਟ, ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਇਸ ਦੇ ਭਾਈਵਾਲਾਂ 2. ਸ੍ਰੀ ਗੁਰਿੰਦਰ ਪਾਲ ਸਿੰਘ ਪੁੱਤਰ ਸ੍ਰੀ ਜਸਵੰਤ ਸਿੰਘ ਵਾਸੀ ਮਕਾਨ ਨੰ. 187ਈ, ਨਾਗ ਖੁਰਦ, ਤਹਿ. ਅੰਮ੍ਰਿਤਸਰ ਭਾਗ-1, ਅੰਮ੍ਰਿਤਸਰ ਅਤੇ ਵਿਖੇ ਵੀ : ਮਜੀਠਾ, ਨਾਗ ਖੁਰਦ, ਗਨੋਣ, ਅੰਮ੍ਰਿਤਸਰ, ਪੰਜਾਬ-143006, 3. ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਸ੍ਰੀ ਸਤਿੰਦਰ ਸਿੰਘ ਵਾਸੀ 3, ਰੇਲਵੇ ਰੋਡ, ਵਾਰਡ ਨੰ. 6 ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143601 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ ਨਾਮ 4. ਸ੍ਰੀ ਗੁਰਿੰਦਰ ਪਾਲ ਸਿੰਘ ਪੁੱਤਰ ਸ੍ਰੀ ਜਸਵੰਤ ਸਿੰਘ ਵਾਸੀ ਮਕਾਨ ਨੰ. 187ਈ, ਨਾਗ ਖੁਰਦ, ਤਹਿ. ਅੰਮ੍ਰਿਤਸਰ ਭਾਗ-1, ਅੰਮ੍ਰਿਤਸਰ, ਵਿਖੇ ਵੀ : ਮਜੀਠਾ, ਨਾਗ ਖੁਰਦ ਗਨੋਣ, ਅੰਮ੍ਰਿਤਸਰ, ਪੰਜਾਬ-143006, 5. ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਸ੍ਰੀ ਸਤਿੰਦਰ ਸਿੰਘ ਵਾਸੀ 3 ਰੇਲਵੇ ਰੋਡ, ਵਾਰਡ ਨ. 6, ਅੰਮ੍ਰਿਤਸਰ-1, ਅੰਮ੍ਰਿਤਸਰ, ਮਜੀਠਾ, ਪੰਜਾਬ-143601, 6. ਸ੍ਰੀ ਸਤਿੰਦਰ ਸਿੰਘ ਪੁੱਤਰ ਸ੍ਰੀ ਹਰਜਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਜੀਠਾ, ਵਾਰਡ ਨੰ. 6, ਨੇੜੇ ਗੁਰੂ ਨਾਨਕ ਸਕੂਲ, ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ 143601, 7. ਮੈਸ. ਟਰੇਡਿੰਗ ਕੰਪਨੀ ਗਰੇਨ ਮਾਰਕੀਟ, ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਰਾਹੀਂ ਇਸ ਦੇ ਭਾਈਵਾਲਾਂ, 8. ਸ੍ਰੀ ਵਿਸ਼ਵ ਪ੍ਰਤਾਪ ਸਿੰਘ ਪੁੱਤਰ ਸਤਿੰਦਰ ਸਿੰਘ ਵਾਸੀ 3 ਰੇਲਵੇ ਰੋਡ, ਵਾਰਡ ਨੰ.6, ਮਜੀਠਾ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143601, 9. ਸ੍ਰੀ ਜਸਵੰਤ ਸਿੰਘ ਵਿਰਕ ਪੁੱਤਰ ਸ੍ਰੀ ਬਖਸ਼ੀਸ਼ ਸਿੰਘ ਵਾਸੀ ਪਿੰਡ ਨਾਗ ਖੁਰਦ, ਨਾਗ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143601 (ਬਾਅਦ ਵਿੱਚ ਗਰੰਟਰਾਂ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ CC/031300000007 ਵਿੱਚ ਬਕਾਇਆ ਰਾਸ਼ੀ ਰੁਪਏ 61,02,057.34, WCTL-ECLGS/031612000031 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 11,08,500/- ਦਰਸਾਏ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ CC/031300000007 ਵਿੱਚ ਬਕਾਇਆ ਰਾਸ਼ੀ ਰੁਪਏ 61,02,057.34, WCTL-ECLGS/031612000031 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 11,08,500/- ਤੇ ਮਿਤੀ 01.07.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਓਰਿਟੀ : ਕਿਸਾਨਾਂ ਦੇ ਅਡਵਾਂਸ ਦਾ ਰਹਿਣਨਾਮਾ

ਕੋਲਾਟਰਲ ਸਕਿਓਰਿਟੀ : i) ਵਿਕਰੀ ਬੈਨਾਮਾ ਨੰ. 337 ਮਿਤੀ 29.05.2009 ਤਹਿਤ ਮੈਸ. ਸ਼ਾਹ ਟਰੇਡਿੰਗ ਕੰਪਨੀ ਦੀ ਮਾਲਕੀ ਹੇਠ ਗਰੇਟ ਮਾਰਕੀਟ, ਮਜੀਠਾ, ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ ਦੁਕਾਨ ਨੰ. 86 ਰਕਬਾ 277.77 ਵਰਗ ਗਜ ਦੇ ਸਾਰੇ ਹਿੱਸੇ।

ii) ਵਿਕਰੀ ਬੈਨਾਮ ਨੰ. 523 ਮਿਤੀ 27.06.2012 ਤਹਿਤ ਗੁਰਿੰਦਰ ਪਾਲ ਸਿੰਘ ਪੁੱਤਰ ਜਸਵੰਤ ਸਿੰਘ ਦੀ ਮਾਲਕੀ ਹੇਠ ਗਰੇਨ ਮਾਰਕੀਟ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ ਦੁਕਾਨ ਨੰ. 85 ਰਕਬਾ 277.77 ਵਰਗ ਗਜ ਦੇ ਸਾਰੇ ਹਿੱਸੇ।

ਮਿਤੀ : 03.12.2024 ਸਥਾਨ : ਅੰਮ੍ਰਿਤਸਰ (ਅਧਿਕਾਰਤ ਅਫ਼ਸਰ)


# ਛੋਟੇ ਹਾਥੀ ਤੇ ਵੈਨਿਊ ਦੀ ਟੱਕਰ 'ਚ ਦੋਵੇਂ ਚਾਲਕ ਜ਼ਖ਼ਮੀ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ)-- ਨਵਾਂਸ਼ਹਿਰ ਰੋਡ ਨੇੜੇ ਸੂਰਜ ਕੁੰਡ ਵਿਖੇ ਕਾਰ ਦੀ ਤੇ ਛੋਟਾ ਹਾਥੀ ਦੀ ਸਿੱਧੀ ਟੱਕਰ ਹੋਣ ਨਾਲ ਦੋਨੋਂ ਡਰਾਈਵਰ ਸਖਤ ਜਖਮੀ ਹੋ ਗਏ। ਪਤਾ ਲੱਗਾ ਕਿ ਵੈਨਿਊ ਕਾਰ ਦਾ ਚਾਲਕ ਬਹੁਤ ਤੇਜ਼ ਗੱਡੀ ਚਲਾ ਰਿਹਾ ਸੀ ਅਤੇ ਦੂਸਰੀ ਸਾਈਡ ਗੱਡੀ ਘੁੰਮ ਕੇ ਛੋਟੇ ਹਾਥੀ ਵਿੱਚ ਲੱਗੀ । ਕਾਰ ਚਾਲਕ ਗੁਰਪ੍ਰੀਤ ਸਿੰਘ ਵਾਸੀ ਸ਼ਮਸਪੁਰ ਵੈਨਿਊ ਕਾਰ, ਜਿਹੜਾ ਬਹੁਤ ਤੇਜ਼ ਸਪੀਡ ਨਾਲ ਆਪਣੀ ਕਾਰ ਨੂੰ ਨਵੇਂ ਸ਼ਹਿਰ ਤੋਂ ਰਾਹੋਂ ਸਾਈਡ ਲੈ ਕੇ ਆ ਰਿਹਾ ਸੀ ਅਤੇ ਅੱਗੇ ਮੋੜ 'ਤੇ ਕੰਟਰੋਲ ਨਾ ਹੋਣ ਕਾਰਨ ਛੋਟੇ ਹਾਥੀ ਵਿੱਚ ਵੱਜੀ।

ਕਾਬਲੇ ਜ਼ਿਕਰ ਹੈ ਛੋਟੇ ਹਾਥੀ ਦਾ ਮਾਲਕ ਜਿਹੜਾ ਕਿ ਕੈਟਰਿੰਗ ਦਾ ਕੰਮ ਕਰਦਾ ਹੈ ਤੇ ਸੱਤ ਭੈਣਾਂ ਦਾ ਇਕਲੌਤਾ ਭਰਾ ਹੈ, ਉਹ ਇਸ ਗੱਡੀ ਦੀ ਫੇਟ ਵੱਜਣ ਨਾਲ ਜਖਮੀ ਹੋ ਗਿਆ। ਛੋਟਾ ਹਾਥੀ, ਜਿਹੜਾ ਨਵਾਂਸ਼ਹਿਰ ਨੂੰ ਜਾ ਰਿਹਾ ਸੀ ਉਸ ਵਿੱਚ ਸਿੱਧੀ ਗੱਡੀ ਵੱਜੀ ਅਤੇ ਦੋਨੋਂ ਡਰਾਈਵਰ ਸਖਤ ਜਖਮੀ ਹੋ ਗਏ । ਮੌਕੇ 'ਤੇ ਪੁਲਸ ਥਾਣਾ ਰਾਹੋਂ ਦੇ ਐਸ.ਐਚ. ਓ ਜਰਨੈਲ ਸਿੰਘ ਟਰੈਫਿਕ ਇੰਚਾਰਜ ਗੁਰਦੇਵ ਸਿੰਘ ਅਤੇ ਸਬ ਇੰਸਪੈਕਟਰ ਕੇਵਲ ਕ੍ਰਿਸ਼ਨ ਅਤੇ ਏ.ਐਸ.ਆਈ ਸੁਰਿੰਦਰ ਸਿੰਘ ਮੌਕੇ 'ਤੇ ਪਹੁੰਚੇ ਅਤੇ ਦੋਨੋਂ ਜਖਮੀਆਂ ਨੂੰ ਨਵਾਂਸ਼ਹਿਰ ਸਿਵਲ ਹਸਪਤਾਲ ਵਿੱਚ ਪਹੁੰਚਾਇਆ। ਦੋਨੋਂ ਗੱਡੀਆਂ ਨੂੰ ਪੁਲਸ ਥਾਣਾ ਰਾਹੋਂ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## Pubic Notice

Mr Ravel Singh S/O Hardeep Singh R/O Purana Taragarh Road Dinanagar (Herein Reffered As Mortgagor). The Mortgagor Has Represented To The Bank That Original Title Deeds Of His/Her Property Situated At Village Awankha Measuring 16 Marla Document No.394 Dated 29-05-2002 Are Lost And Has Approached The Bank To Tender Such Property As Security, If Anyone Has Any Objection Or Any Claim Over Such Property, He/She May Inform The Bank Within 15 Days In Writing Along With Proof Of His Objection/Claim, Within The Given Period.

Branch Manager
Punjab & Sind Bank, Taragarh
Mobile 7347044975.

## Court Notice

(U/o 5 Rule 20 CPC)
In The Court of
Mrs. Manzra Dutta
Civil Judge (Junior Division), Kharar
CNR No. : PBSAA0-001173-2023
Next Date : 14.01.2025
Gurmeet Kaur
Vs
1. Swaran Singh, 2. Avtar Singh, 3. Beant Singh, 4. Mohan Singh

Publication issued to : (1) 1. Swaran Singh, 2. Avtar Singh, 3. Beant Singh, 4. Mohan Singh Address : Son of Gadha Singh R/o Vill. Mundi Kharar, Teh. Kharar. Distt. SAS Nagar, Mohali. (2) 5. Sukhwant Singh 6. Harmesh Singh, 7. Sachpal Singh Son of Gadha Singh R/o Vill. Mundi Kharar, Teh. Kharar. Distt. SAS Nagar, Mohali.(3) 8. Jaswant Kaur D/o Gadha Singh R/o Vill. Mundi Kharar, Teh. Kharar. Distt. SAS Nagar, Mohali.(4) 9. Sukhwinder Singh 10. Arwinder Singh Both Sons of Nirmal Singh S/o Mastan Singh R/o Vill. Mundi Kharar, Teh. Kharar. Distt. SAS Nagar, Mohali. (5) 11. Nirmal Singh S/o Mastan Singh R/o Vill. Mundi Kharar, Teh. Kharar. Distt. SAS Nagar, Mohali. (6) 12. Kesar Singh S/o Sarup Singh S/o Kaka Singh R/o Vill. Mundi Kharar, Teh. Kharar. Distt. SAS Nagar, Mohali. (7) 13. Kuldeep Kaur W/o Kesar Singh R/o Vill. Mundi Kharar, Teh. Kharar. Distt. SAS Nagar, Mohali. (8) 14. Gurmukh Singh S/o Darshan Singh R/o Vill. Mundi Kharar, Teh. Kharar. Distt. SAS Nagar, Mohali. (9) 15. Balwinder Kaur, 16. Sukhwinder Kaur , 17. Narinder Kaur, 18. Surinder Kaur D/o Gian Singh R/o Vill. Mundi Kharar, Teh. Kharar. Distt. SAS Nagar, Mohali. (10) 19. Kuldeep Singh S/o Gian Singh R/o Vill. Mundi Kharar, Teh. Kharar. Distt. SAS Nagar, Mohali., (11) 20. Amrit Kaur D/o Gian Chand R/o Vill. Mundi Kharar, Teh. Kharar. Distt. SAS Nagar, Mohali. (12) 21. Sarabjit Singh S/o Amrik Singh S/o Darshan Singh R/o Vill. Mundi Kharar, Teh. Kharar. Distt. SAS Nagar, Mohali. (13) 22. Ranjit Kaur D/o Amrik Singh S/o Darshan Singh R/o Vill. Mundi Kharar, Teh. Kharar. Distt. SAS Nagar, Mohali.

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 14.01.2025 at 10:00 a.m.

For details logon to https://highcourtchd.gov.in/?trs=district_ notice&district= SAS Nagar

Civil Judge (Junior Division), Kharar
Dated this day of 11-09-2024

# ਥਾਣਾ ਫਿਲੌਰ ਦੀ ਕੰਧ 'ਚ ਪਿਆ ਪਾੜ, ਕਦੇ ਵੀ ਵਾਪਰ ਸਕਦੈ ਹਾਦਸਾ

ਫਿਲੌਰ (ਨਿਰਮਲ)-ਥਾਣਾ ਫਿਲੌਰ ਦੀ ਮੇਨ ਰੋਡ ਪਿਛਲੇ ਕਾਫੀ ਸਮੇਂ ਤੋਂ ਪਾੜ ਪਿਆ ਹੋਇਆ ਹੈ ਅਤੇ ਇਹ ਕਿਸੇ ਵਕਤ ਵੀ ਡਿੱਗ ਸਕਦੀ ਹੈ। ਨੇੜੇ ਬਾਜ਼ਾਰ ਨੂੰ ਜਾਂਦੀ ਸੜਕ ਜਿਥੋਂ ਭਾਰੀ ਗਿਣਤੀ ਵਿੱਚ ਲੋਕ ਲੰਘਦੇ ਹਨ ਅਤੇ ਲੋਕ ਥਾਣੇ ਵਿਚ ਸਮੱਸਿਆ ਲਈ ਜਾਂ ਹੋਰ ਕੰਮਕਾਜ ਲਈ ਆਉਂਦੇ ਹਨ।ਸੀਨੀਅਰ ਕਾਂਗਰਸੀ ਆਗੂ ਅਮ੍ਰਿਤਪਾਲ ਭੌਂਸਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਕੰਧ ਕਦੇ ਵੀ ਡਿੱਗ ਸਕਦੀ ਹੈ ਅਤੇ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ।ਉਨ੍ਹਾਂ ਪੁਲਸ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਦੀਵਾਰ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋਂ ਵੱਡਾ ਹਾਦਸਾ ਵਾਪਰਨ ਤੋਂ ਬਚਾਉ ਹੋ ਸਕੇ। ਉਨ੍ਹਾਂ ਜ਼ਿਲ੍ਹਾ ਜਲੰਧਰ ਦੇ ਉੱਚ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਇੱਧਰ ਫੌਰੀ ਤੌਰ 'ਤੇ ਧਿਆਨ ਦੇ ਕੇ ਕੰਧ ਨੂੰ ਮੁੜ ਬਣਾਉਣ ਦੀ ਅਪੀਲ ਕੀਤੀ।




## PUBLIC NOTICE

I Sunita Devi W/o Sukhjit Singh ,R/O Ambika Colony, Jalandhar declare that original GPA No-446, dated 24-05-2017 (Khasra No 560/3) has actually been losted. All concerned may note.

## LOST/FOUND

ਮੈਂ ਹਰਜੀਤ ਸਿੰਘ ਪੁੱਤਰ ਰਤਨ ਸਿੰਘ ਵਾਸੀ ਰਾਜੂਵਾਲ, ਗੁਰਦਾਸਪੁਰ-143518 ਸੂਚਿਤ ਕੀਤਾ ਜਾਂਦਾ ਹੈ ਕਿ ਮੇਰੀ ਰਜਿਸਟਰੀ ਦਾ ਇੱਕ 100 ਰੁਪਏ ਦਾ ਅਸ਼ਟਾਮ ਜੋ ਕਿ ਹਰਜੀਤ ਸਿੰਘ ਪੁੱਤਰ ਰਤਨ ਸਿੰਘ ਮਿਤੀ 14/12/2004 ਵਸੀਕਾ ਨੰਬਰ 4347 ਪਿੰਡ ਕੁਤਬੀ ਨੰਗਲ ਗੁੰਮ ਹੋ ਗਿਆ ਹੈ । ਜੇਕਰ ਕਿਸੇ ਨੂੰ ਮਿਲੇ ਤਾਂ ਉਕਤ ਨੰਬਰ 98155-89291 ਤੇ ਸੰਪਰਕ ਕਰਨ । ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਦੇ ਸਕਦਾ ਹੈ ।

## ਐਡਰੈੱਸ ਤਬਦੀਲ

ਮੈਂ ਗੁਰਪਿੰਦਰ ਕੌਰ ਪਤਨੀ ਇੰਦਰਜੀਤ ਸਿੰਘ ਵਾਸੀ ਲੱਖਨ ਕਲਾਂ, ਜ਼ਿਲ੍ਹਾ ਕਪੂਰਥਲਾ, ਪੰਜਾਬ ਪਾਸਪੋਰਟ ਨੰਬਰ U2476295 ਨੇ ਆਪਣਾ ਐਡਰੈੱਸ ਬਦਲ ਕੇ ਪਿੰਡ ਤੇ ਡਾਕਖਾਨਾ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਪਿਨ ਕੋਡ 143114, ਆਧਾਰ ਕਾਰਡ ਨੰਬਰ 2350 3351 0045 ਕਰ ਲਿਆ ਹੈ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ ਜਸਵੀਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਆਲਮਗੀਰ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ ਮੈਂ ਗੁਰਦਾਵਰ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਸਮੁੰਦ ਸਿੰਘ ਕਲੋਂ ਜ਼ਮੀਨ ਖ੍ਰੀਦੀ ਹੈ ਜ਼ਮੀਨ ਵਿੱਚ ਮੋਟਰ ਦਾ ਕੁਨੈਕਸ਼ਨ ਮੈਂ ਆਪਣੇ ਨਾਂਅ ਤੇ ਕਰਵਾਉਣ ਲੱਗਾ ਹਾਂ ਜੋ ਮੇਰਾ ਅਧਿਕਾਰ ਹੈ ਜੇ ਕਿਸੇ ਵੀ ਗੁਰਦਾਵਰ ਸਿੰਘ ਦੇ ਕਿਸੇ ਰਿਸ਼ਤੇਦਾਰ ਨੂੰ ਇਤਰਾਜ਼ ਹੋਵੇ ਤਾਂ ਉਹ ਬਿਜਲੀ ਦਫਤਰ ਕਾਲਾ ਸੰਘਿਆਂ ਲਿਖਤੀ ਰੂਪ ਵਿੱਚ ਸ਼ਿਕਾਇਤ ਕਰ ਸਕਦਾ ਹੈ।

ਮੈਂ ਦਿਲਬਾਗ ਸਿੰਘ ਪੁੱਤਰ ਸੱਜਣ ਸਿੰਘ ਵਾਸੀ ਵਾਰਡ ਨੰ.6, ਫਤਿਹਗੜ੍ਹ ਚੂੜੀਆਂ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਮੇਰੇ ਵੱਲੋਂ 1 ਜੂਨ 2016 ਨੂੰ ਰੋਜ਼ਾਨਾ ਅਜੀਤ ਅਤੇ ਅਜੀਤ ਸਮਾਚਾਰ ਵਿੱਚ ਆਪਣੇ ਲੜਕੇ ਬਲਜਿੰਦਰ ਪਾਲ ਸਿੰਘ ਬੇਦਖਲ ਕਰਨ ਦਾ ਇਸ਼ਤਿਹਾਰ ਦਿੱਤਾ ਸੀ । ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ ਅਤੇ ਹੁਣ ਮੈਂ ਉਸਦੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਜਾਇਦਾਦ ਵਿੱਚੋਂ ਆਪਣੇ ਹਿੱਸੇ ਆਉਂਦੀ ਜਾਇਦਾਦ ਦਾ ਹੱਕਦਾਰ ਹੋਵੇਗਾ।

ਮੈਂ, ਪਾਲ ਸਿੰਘ ਉਰਫ਼ ਹਰਪਾਲ ਸਿੰਘ ਪੁੱਤਰ ਜਗਤ ਸਿੰਘ ਵਾਸੀ ਡਾਲਾ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਧੂੜਕੋਟ ਕਲਾਂ ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 30036912-39 (AP-19-73) 12.5 ਹਾਰਸ ਪਾਵਰ ਨੂੰ ਜਗਦੇਵ ਸਿੰਘ ਧਾਲੀਵਾਲ ਪੁੱਤਰ ਚਮਕੌਰ ਸਿੰਘ ਵਾਸੀ ਰਣਸੀਂਹ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਸੁਰਜੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ AP-31-8190, 10 ਹਾਰਸ ਪਾਵਰ ਨੂੰ ਬਲਵਿੰਦਰ ਸਿੰਘ ਧਾਲੀਵਾਲ ਪੁੱਤਰ ਚਮਕੌਰ ਸਿੰਘ ਧਾਲੀਵਾਲ ਵਾਸੀ ਰਣਸੀਂਹ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਸੁਖਵਿੰਦਰ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3008228723, 15 ਹਾਰਸ ਪਾਵਰ ਨੂੰ ਜਸਪਾਲ ਕੌਰ ਪਤਨੀ ਜਗਦੇਵ ਸਿੰਘ ਵਾਸੀ ਰਣਸੀਂਹ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਸੁਖਵਿੰਦਰ ਸਿੰਘ ਪੁੱਤਰ ਮਿੱਤ ਸਿੰਘ ਵਾਸੀ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ AP-31-8292, 10 ਹਾਰਸ ਪਾਵਰ ਨੂੰ ਗੁਰਦੀਪ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਰਣਸੀਂਹ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਲਖਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਮੁਹੱਲਾ ਮਾਨ ਨਗਰ, ਡੇਰਾ ਰੋਡ, ਸਾਹਮਣੇ ਖੋਖਰ ਪੈਲੇਸ, ਨੇੜੇ ਸ਼ੈਲਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ 36, ਪ੍ਰਿਥਵੀ ਨਗਰ, ਇੰਡਸਟ੍ਰੀਅਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀਆ ਦੋਵੇਂ ਲੜਕੀਆ ਲਵਲੀ ਅਤੇ ਨੀਤੂ ਜੋ ਕਿ ਸ਼ਾਦੀਸੁਦਾ ਹਨ ਅਤੇ ਇਹ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪ੍ਰਕਾਸ਼ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਕੋਟਲਾ ਬਾਮਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ ਵਾ ਮੇਰੀ ਨੂੰਹ ਦਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਚਤਰ ਪਾਲ ਪੁੱਤਰ ਦਰਿਆਈ ਲਾਲ ਵਾਸੀ ਮਕਾਨ ਨੰਬਰ ਈ.ਏ. 36, ਅਟਾਰੀ ਬਾਜ਼ਾਰ, ਕਾਜ਼ੀਆ ਮੁੱਹਲਾ, ਰਸਤਾ ਮੁੱਹਲਾ, ਜਲੰਧਰ, ਪੰਜਾਬ-144001 ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਮਾਰ ਗੌਰਵ ਉਰਫ ਕਾਕਾ ਮੇਰੀ ਮਰਜੀ ਦੇ ਖਿਲਾਫ ਵਿਆਹ ਕਰਾ ਰਿਹਾ ਹੈ ਅਤੇ ਇਹ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਰਾਜ ਕੁਮਾਰ ਪੁੱਤਰ ਸ੍ਰੀ ਪ੍ਰੇਮ ਚੰਦ ਵਾਸੀ ਮਕਾਨ ਨੰਬਰ ਐਫ-22/7365 ਸੁਭਾਸ਼ ਕਾਲੋਨੀ ਬਟਾਲਾ ਰੋਡ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨ ਕੁਮਾਰ ਉਮਰ ਤਕਰੀਬਨ 25 ਸਾਲ ਜੋ ਕਿ ਸੁਰੂ ਤੋ ਹੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਕਰਨ ਕੁਮਾਰ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ,ਅਗਰ ਕੋਈ ਵੀ ਗੈਰ ਵਿਅਕਤੀ ਮੇਰੇ ਲੜਕੇ ਕਰਨ ਕੁਮਾਰ ਨਾਲ ਕਿਸੇ ਵੀ ਕਿਸਮ ਦਾ ਕੋਈ ਲੈਣ ਦੇਣ ਕਰਨ ਦੀ ਕੋਸਿਸ਼ ਕਰੇਗਾ ਜਾਂ ਕੋਈ ਵੀ ਸਬੰਧ ਵਾਸਤਾ ਰਖੇਗਾ ਤਾਂ ਇਸ ਦਾ ਉਹ ਸਖਸ਼ ਆਪ ਖੁਦ ਹੀ ਜਿਮੇਵਾਰ ਹੋਵੇਗਾ । ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਬਰ ਦਾ ਇਸ ਗੱਲ ਨਾਲ ਕੋਈ ਵੀ ਤਲਕਵਾਸਤਾ ਨਹੀ ਹੋਵੇਗਾ ।

ਮੈਂ, ਸੋਮ ਰਾਜ ਪੁੱਤਰ ਬਾਬੂ ਰਾਮ ਵਾਸੀ ਪਿੰਡ ਗੱਗੜ ਡਾਕਖਾਨਾ ਹਾਜੀਪੁਰ ਜਿਲ੍ਹਾ ਹੁਸ਼ਿਆਰਪੁਰ, ਮੇਰਾ ਪੁੱਤਰ ਕੁਲਦੀਪ ਸਿੰਘ, ਜੋ ਕਿ ਮੇਰੇ ਕਹਿਣੇ ਵਿਚ ਨਹੀਂ ਹੈ, ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਵੀ ਉਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ ਮੇਰਾ ਅਤੇ ਮੇਰੇ ਪਰਿਵਾਰ ਦਾ ਕੁਲਦੀਪ ਸਿੰਘ ਨਾਲ ਕੋਈ ਸੰਬੰਧ ਨਹੀਂ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਹਰਭਜਨ ਲਾਲ ਪੁੱਤਰ ਦਲੀਪਾ ਵਾਸੀ ਪਿੰਡ ਤੱਗੜ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਉਰਫ਼ ਗੋਪੀ ਜੋ ਮੈਂ ਗੋਦ ਲਿਆ ਸੀ। ਹੁਣ ਮੇਰੇ ਕਹਿਣ ਤੋਂ ਬਾਹਰ ਹੈ। ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਇਸ ਨੂੰ ਬੇਦਖ਼ਲ ਕਰਦਾ ਹਾਂ। ਕੋਈ ਵੀ ਵਿਅਕਤੀ ਇਸ ਨਾਲ ਲੇਣ ਦੇਣ ਕਰੇਗਾ। ਉਹ ਖੁਦ ਜੁਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਕਰਤਾਰ ਸਿੰਘ ਪੁੱਤਰ ਸ੍ਰ.ਹਰਭਜਨ ਸਿੰਘ ਵਾਸੀ ਮਕਾਨ ਨੰ.88,ਗੁਰੂ ਗੋਬਿੰਦ ਸਿੰਘ ਨਗਰ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਦੀਪ ਸਿੰਘ ਜੋ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹੈ, ਬੁਰੀ ਸੰਗਤ ਵਿਚ ਪੈ ਗਿਆ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕਿਸੇ ਕਿਸਮ ਦਾ ਕੋਈ ਤਲਕਵਾਸਤਾ ਨਹੀਂ।

ਮੈਂ ਅੱਛਰ ਸਿੰਘ ਪੁੱਤਰ ਸ. ਕਿਸ਼ਨ ਸਿੰਘ ਵਾਸੀ ਮਕਾਨ ਨੰ: 140/1 ਜੋਗਿੰਦਰ ਨਗਰ ਰਾਮਾ ਮੰਡੀ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸਰਬਜੀਤ ਕੌਰ, ਜਵਾਈ ਹਰਵਿੰਦਰ ਸਿੰਘ ਅਤੇ ਮੇਰਾ ਦੋਹਤਾ ਪਰਮਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਲੈਂਬਰ ਰਾਮ ਪੁੱਤਰ ਦਾਸ ਰਾਮ ਵਾਸੀ ਥਾਬਲਕੇ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨੋਹਰ ਲਾਲ, ਜੋ ਮੇਰੇ ਤੋਂ ਅਲੱਗ ਰਹਿੰਦਾ ਹੈ। ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਅਤੇ ਉਸ ਦੇ ਪਰਵਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਸ੍ਰੀ ਨੰਦ ਕਿਸ਼ੋਰ ਵਾਸੀ ਪਿੰਡ ਲੁਹਾਰ ਸੁੱਖਾ ਸਿੰਘ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਆਇਮਨ ਅਤੇ ਪਿਊਸ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹਰਬੰਸ ਸਿੰਘ ਪੁੱਤਰ ਛੋਟਾ ਸਿੰਘ ਵਾਸੀ ਪੰਜਵੀਂ ਪੱਤੀ, ਪਿੰਡ ਮੱਲ੍ਹੀਆਂ ਵਾਲਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਪ੍ਰੀਤ ਸਿੰਘ ਅਤੇ ਮੇਰੀ ਨੂੰਹ ਕੀਰਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਪ੍ਰਦੀਪ ਕੁਮਾਰ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਅਤੇ ਜੋਤੀ ਅਰੋੜਾ ਪਤਨੀ ਪ੍ਰਦੀਪ ਕੁਮਾਰ ਵਾਸੀ 2578, ਗਲੀ ਨੰ. 23, ਮੇਹਰਪੁਰਾ, ਹਾਲ ਵਾਸੀ 6890 ਗਲੀ ਨੰ. 3, ਰਾਮ ਨਗਰ ਕਾਲੋਨੀ, ਇਸਲਾਮਾਬਾਦ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਕਾਸ਼ ਅਰੋੜਾ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਵਰਨ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਅਟਾਰੀ, ਸਬ-ਤਹਿਸੀਲ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਹਰਪ੍ਰੀਤ ਕੌਰ ਪਤਨੀ ਲੇਟ ਗੁਰਦਰਸ਼ਨ ਸਿੰਘ ਵਾਸੀ ਕਟੱੜਾ ਪੂਰੀਆਂ ਅੰਦਰੂਨ ਪਹਾੜੀ ਗੇਟ ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਾਹੁਲ ਅਤੇ ਨੂੰਹ ਆਰਤੀ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਲੈਣ ਦੇਣ ਕਰਨ ਵਾਲ਼ੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ।

ਮੈਂ, ਉਰਮਲਾ ਦੇਵੀ ਪਤਨੀ ਲੇਟ ਹਰਦੀਪ ਸਿੰਘ ਵਾਸੀ ਬੱਬਰੀ ਜੀਵਨਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਦੌਲਤ ਸਿੰਘ ਅਤੇ ਮੇਰੀ ਨੂੰਹ ਅਮਨਦੀਪ ਕੌਰ ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਕਿਰਨਜੀਤ ਕੌਰ (Kiranjit Kaur) ਪਤਨੀ ਸ੍ਰੀ ਸੁਖਦੇਵ ਸਿੰਘ ਵਾਸੀ ਨਿਊ ਮਾਰਕਿਟ, ਗੁਰਾਇਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਮ ਕਿਰਨਜੀਤ ਕੌਰ (Kiranjit Kaur) ਤੋਂ ਬਦਲ ਕੇ ਕਿਰਨਜੀਤ ਕੌਰ (Kiranjeet Kaur) ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਜਸਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਨਾਗਪਾਲ ਵਾਸੀ 20-ਸੀ , ਰਾਣੀ ਕਾ ਬਾਗ, ਅੰਮ੍ਰਿਤਸਰ ਨੇ ਆਪਣਾ ਨਾਂਅ ਜਸਪ੍ਰੀਤ ਸਿੰਘ ਤੋਂ ਬਦਲ ਕੇ ਜਸਪ੍ਰੀਤ ਸਿੰਘ ਨਾਗਪਾਲ ਕਰ ਲਿਆ ਹੈ।

## Change of Name

I, Baby Rani w/o Jasdeep r/o Patti Jasse Ki, Bara Pind, Po. Bara Pind, Distt.Jalandhar, Punjab-144418 have changed the name of my minor daughter Deepika aged 06 years and she shall hereafter be known as Deepika Rani.

I, Amit Saini s/o Paramjit Singh r/o W.No.11, Near Spn Nursing College, Pspcl Office, Mukerian, Po. Mukerian, Distt. Hoshiarpur, Punjab-144211 have changed my name as Amitpal Singh. All Please Note.

I, Pawan s/o Ashwani Kumar r/o H.No.WN-245, Basti Danishmandan, Jalandhar have changed my name from Pawan to Pawan Kumar. All Please Note.

I, Amritpal s/o Hari Ram r/o Vill.Ram Nagar,Po.Adampur, Distt.Jalandhar have changed my name to Given name as Amrit & Surname as Pal. All Please Note.

I, Babita w/o Baljinder Singh r/o VPO.Rajpur, Tehsil Bhogpur, Distt.Jalandhar have changed my name to Kaur Babita (Given name as Babita & Surname as Kaur. All Please Note.

I, Bahadur Singh S/o Nirmal Singh R/o Vill. Chambal Kalan, Po. Barian Kalan, Tehsil Garhshankar, Distt. Hoshiarpur have added my surname to Bahadur Singh Bains (Surname as Bains) All Please Note.

I, Sukhwinder Kaur W/o Bahadur Singh Bains R/o Vill. Chambal Kalan, Po. Barian Kalan, Tehsil Garhshankar, District. Hoshiarpur have added my surname to Sukhminder Kaur Bains (Surname as Bains) All Please Note.

## Change of Name

I, Devinder Kaur W/o Roop Lal Gaddu R/o Patti Dhuni Ki, Phagwara Road, Jandiala Manjki, Tehsil Phillaur, Dhaliwal, Jandiala , Jalandhar have changed my name from Devinder Kaur to Devinder Kaur Gaddu.

I Prince S/o Paramjit Singh R/o H.No. 16-B Brij Nagar, Near Gazigulla Ground, Jalandhar, Punjab, have changed my name from Prince to Prince Kumar.

I, Sonia Bambi W/o Ramesh Chander R/o House No. 499-500, Preet Nagar, Sodal Road, Jalandhar, have changed my name after marriage from Sonia Bambi to SONIA MAKOL. All concerned please note.

I Hitherto known as Kamalpreet Singh S/O Balwant Singh R/O V.P.O. Mahal,Tehsil Phillaur, Distt. Jalandhar -144409 Punjab (India) have changed my name and shall hereafter be known as Kamalpreet Singh Mahal.

I, Manoj Kumar son of Krishan Lal resident of 308, Surya Nagar, Jalandhar declare that Manoj Kumar and Manoj Kumar Ahuja both are my names . Both names are of one & the same person.

I Ritu Khanna W/O Naveen Kumar R/O House Number 1149/4, Gali Hansli Wali, Katra Mit Singh Amritsar Have Changed My Name From Ritu Khanna To Ritu. All Concerned May Please Note.

I, Mohit Arora S/O Dina Nath Arora, R/o #50 A, Metro Town, Pir Machhaila, Sas Nagar (Mohali), Punjab- 140603, have changed my name and shall hereafter be Known as Mouhiet Aroraa.

I, Ishwar Devi, W/O Bodh Raj Verma, R/o Ward No 8, Main Bazar, Safidon Jind, Haryana- 126112. have changed my name and shall hereafter be Known as Raj Verma.

I, Bhavnoor Singh S/o Sandeep Singh Reru R/o H.No.24, Lane No.2, Near Wadala Chowk, Mann Nagar, Nakodar Road, Jalandhar, Punjab have changed my name to Bhavnoor Singh Reru. All concerned please note.

I, Parmjit Singh S/o Pritam Singh R/o VPO. Daroli Kalan, Distt. Jalandhar, Punjab have changed my name from Parmjit Singh to Paramjit Singh. All concerned please note.

I, hitherto known as ALISHA D/O SURINDER SINGH W/O ASLAM KHAN, Residing at Village Sattowali, Po Adampur Doaba, Distt. Jalandhar, Punjab 144102 have changed my name and shall hereafter be known as ALISHA KHAN.

I, DINESH KUMAR S/o SOM DUTT, residing at Basowal Colony, PO Ganguwal, Distt Rupnagar, Punjab, 140123, have changed the name of my Minor Son SMILE CHEETU, aged 14 years and shall hereafter be known as NISHANT.

I, Seema W/o Naresh Kumar R/o H.No. 126-B, Street No. 3, Kotla Road, Gulmarg Avenue Colony, Jalandhar, Punjab have changed my name from Seema Thakur to Seema and date of birth from 03-09-1975 to 09-09-1975. All concerned please note.

I, Sukhchain Singh S/o Harpal Singh R/o H.No.180, Gali No.2, Guru Arjan Dev Nagar, Tarn Taran Road, Amritsar have declare that Sukhchain is my Given name and Singh is my Surname

I, Sukdev Singh S/o Achhr Singh R/o Patti Mansoor Di, Sultanwind Pind, Amritsar have changed my name from Sukdev Singh to Sukhdev Singh

I, Balwinder Singh S/o Lal Singh R/o H.No.D-7/6234, Gali Mandir Wali, Guru Nanak Pura, Islamabad District Amritsar have declare that Balwinder is my Given name and Singh is my Surname

I, Paramveer Singh son of Ram Singh resident of VPO Sur Singh District Tarn Taran have changed my name to Parmveer Singh

I, Harpal Singh S/o Niranjan Singh R/o VPO Rataul, Distt.Tarn Taran have changed my name Harpal Singh to Harbhag Singh all concerned please note

I, Babanpreet Kaur Kochhar D/o S. Balwinder Singh W/o S. Harpreet Singh R/o H.No. S-20/651, Gali Gadwain, Near Golden Temple, Amritsar has name change after marriage from Babanpreet Kaur Kochhar to Babanpreet Kaur.

I, Ravjeet Kaur Madaan W/o Arvinder Singh R/o H.No.11, 12 New Baba Deep Singh Avenue Tarn Taran Road Amritsar have changed my name to Ravjeet Kaur

I, Shivani Sareen W/o Gautam Joshi R/o 1271/1, Gali Jarau, Chowk Phullan Wala, Amritsar have changed my name from Shivani Sareen to Shivani Joshi

I, Gurinder Kaur W/o Ranjit Ranjit R/o Vill. Ucha, PO. Saiflabad, Distt.Kapurthala, Punjab have changed my name to Given name as Gurinder & Surname as Kaur. All Please Note.

I, Kaldip Singh S/o Kartar Singh R/o VPO. Bagga, Tehsil Shahkot, District. Jalandhar have changed my name from Kaldip Singh to Kuldeep Singh. All Please Note.

# ਬੈਕਫਿੰਕੋ ਵੱਲੋਂ ਭਾਮ ਦੇ ਪੰਚਾਇਤ ਘਰ ਵਿਖੇ ਵਿਸ਼ੇਸ਼ ਕੈਂਪ 9 ਨੂੰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਸਰਕਾਰ ਵੱਲੋਂ ਬੇਰੋਜ਼ਗਾਰ ਵਿਅਕਤੀਆਂ ਲਈ ਸਵੈ ਰੋਜ਼ਗਾਰ ਦੀ ਸਥਾਪਤੀ ਸੰਬੰਧੀ ਚੁੱਕੇ ਜਾ ਰਹੇ ਕਦਮਾਂ ਤਹਿਤ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਘੱਟ ਗਿਣਤੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਬੇਰੋਜਗਾਰਾਂ ਨੂੰ ਸਸਤੀ ਵਿਆਜ ਦਰ 'ਤੇ ਦਿੱਤੇ ਜਾਂਦੇ ਕਰਜ਼ਿਆਂ ਬਾਰੇ ਜਾਣਕਾਰੀ ਦੇਣ ਲਈ ਪਿੰਡ ਭਾਮ ਦੇ ਪੰਚਾਇਤ ਘਰ ਵਿਖੇ 9 ਦਸੰਬਰ ਨੂੰ ਸਵੇਰੇ 11.00 ਵਜੇ ਵਿਖੇ ਵਿਸ਼ੇਸ਼ ਕੈਂਪ ਲਾਇਆ ਜਾ ਰਿਹਾ ਹੈ।ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੇ ਚੇਅਰਮੈਨ ਸੰਦੀਪ ਸੈਣੀ ਨੇ ਦੱਸਿਆ ਕਿ ਇਹ ਕੈਂਪ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਪੜ੍ਹੇ ਲਿਖੇ ਭਾਗ ਲੈਣ ਵਾਲੇ ਬਿਨੈਕਾਰਾਂ ਨੂੰ ਬੈਕਫਿੰਕੋ ਵਲੋਂ ਸਸਤੇ ਵਿਆਜ਼ ਦਰਾਂ 'ਤੇ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਬੈਕਫਿੰਕੋ ਦੇ ਕਾਰਜਕਾਰੀ ਸੰਦੀਪ ਹੰਸ ਦੇ ਦਿਸ਼ਾ ਨਿਰਦੇਸ਼ਾਂ 'ਤੇ ਲਾਏ ਜਾ ਰਹੇ ਕੈਂਪ ਵਿਚ ਬੈਕਫਿੰਕੋ ਵਲੋਂ ਮੁਹੱਈਆ ਕਰਵਾਏ ਜਾਂਦੇ ਕਰਜ਼ਿਆਂ ਦੀ ਮੁਕੰਮਲ ਸੂਚੀ ਅਤੇ ਕਰਜ਼ੇ ਪ੍ਰਾਪਤ ਕਰਨ ਬਾਰੇ ਸਾਰੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ ਜਾਵੇਗਾ।ਬੈਕਫਿੰਕੋ ਦੇ ਚੇਅਰਮੈਨ ਨੇ ਦੱਸਿਆ ਕਾਰਪੋਰੇਸ਼ਨ ਵਲੋਂ ਡੇਅਰੀ ਫਰਮਿੰਗ, ਪੋਲਟਰੀ ਫਾਰਮਿੰਗ, ਮੱਖੀ ਪਾਲਣ, ਕਾਰਪੇਂਟਰ, ਫਰਨੀਚਰ, ਖੇਤੀਬਾੜੀ ਔਜ਼ਾਰਾਂ ਬਨਾਉਣ ਲਈ, ਇਲੈਕਟ੍ਰੀਕਲ, ਹੌਜ਼ਰੀ ਯੂਨਿਟ, ਆਰਟੀਟੈਕਟ, ਬਿਊਟੀ ਪਾਰਲਰ ਆਦਿ ਸਮੇਤ ਕਰੀਬ 55 ਵੱਖ-ਵੱਖ ਸਵੈ-ਰੋਜ਼ਗਾਰਾਂ ਦੀ ਸਥਾਪਤੀ ਲਈ ਕਰਜਾ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਐਨ.ਐਫ. ਬੀ.ਸੀ. ਐਫ. ਡੀ.ਸੀ. ਸਕੀਮ, ਘੱਟ ਗਿਣਤੀ ਵਰਗ ਲਈ ਐਨ.ਐਮ. ਐਫ. ਡੀ.ਸੀ. ਸਕੀਮ ਤੋਂ ਇਲਾਵਾ ਇਨ੍ਹਾਂ ਵਰਗਾਂ ਦੇ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਮੁਹਾਰਤੀ ਸਿੱਖਿਆ ਲਈ ਵਿਦਿਅਕ ਕਰਜ਼ੇ ਵੀ ਮੁਹੱਈਆ ਕਰਵਾਏ ਜਾਂਦੇ ਹਨ।

# ਜੰਗੀ ਯਾਦਗਾਰ ਵਿਖੇ ਅਮਰ ਜੋਤੀ 'ਤੇ ਸ਼ਰਧਾ ਦੇ ਫੁੱਲ ਭੇਟ

ਜਲੰਧਰ, (ਸੁਰਿੰਦਰ ਕੁਮਾਰ)-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਸ਼ਹੀਦ ਸੈਨਿਕਾਂ ਵਲੋਂ ਦੇਸ਼ ਪ੍ਰਤੀ ਦਿੱਤੇ ਗਏ ਬਲੀਦਾਨਾਂ ਦੀ ਯਾਦ ਨੂੰ ਤਾਜ਼ਾ ਕਰਨ ਅਤੇ ਦੇਸ਼ ਦੀਆਂ ਸੁਰੱਖਿਆ ਸੈਨਾਵਾਂ ਪ੍ਰਤੀ ਇਕਜੁਟਤਾ ਦਾ ਪ੍ਰਗਟਾਵਾ ਕਰਨ ਲਈ ਹਰ ਸਾਲ ਹਥਿਆਰਬੰਦ ਸੈਨਾ ਝੰਡਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਹਥਿਆਰਬੰਦ ਸੈਨਾ ਝੰਡਾ ਦਿਵਸ ਜੰਗੀ ਯਾਦਗਾਰ ਜਲੰਧਰ ਵਿਖੇ ਮਨਾਇਆ ਗਿਆ, ਜਿਸ ਵਿੱਚ ਬ੍ਰਿਗੇਡੀਅਰ ਮਨਜੀਤ ਸਿੰਘ ਸਾਬਕਾ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ, ਪੰਜਾਬ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਦਿਨ ਆਮ ਨਾਗਰਿਕਾਂ ਦੇ ਕਾਲਰ 'ਤੇ ਟੋਕਨ ਫਲੈਗ ਲਗਾਇਆ ਜਾਂਦਾ ਹੈ, ਜਿਸ ਦੇ ਬਦਲੇ ਵਿੱਚ ਉਹ ਸਵੈ ਇੱਛਾ ਨਾਲ ਦਾਨ ਦਿੰਦੇ ਹਨ ਜੋ ਕਿ ਸ਼ਹੀਦਾਂ ਦੇ ਪਰਵਾਰਾਂ, ਅਪਾਹਜ ਹੋਏ ਸੈਨਿਕਾਂ ਅਤੇ ਨਾਨ ਪੈਨਸ਼ਨਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ 18 ਨਾਨ ਪੈਨਸ਼ਨਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ 3,20,000 ਰੁਪਏ ਦੀ ਮਾਲੀ ਸਹਾਇਤਾ ਦੇ ਚੈਕ ਤਕਸੀਮ ਕੀਤੇ ਗਏ ਹਨ। ਇਸ ਸਾਲ ਵੀ ਫਲੈਗ ਡੇ ਦੇ ਸਟਿੱਕਰ ਸਰਕਾਰੀ ਅਤੇ ਗੈਰ ਸਰਕਾਰੀ ਵਿਭਾਗਾਂ, ਵਿਦਿਅਕ ਅਦਾਰਿਆਂ ਅਤੇ ਸੰਸਥਾਵਾਂ ਆਦਿ ਦੇ ਮੁੱਖੀਆਂ ਨੂੰ ਭੇਜੇ ਗਏ ਹਨ। ਉਨ੍ਹਾਂ ਅਪੀਲ ਕੀਤੀ ਕਿ ਇਸ ਸੰਬੰਧੀ ਬਣਦੀ ਰਾਸ਼ੀ 31 ਜਨਵਰੀ 2025 ਤੱਕ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਜਲੰਧਰ ਵਿੱਚ ਜਮ੍ਹਾਂ ਕਰਵਾਈ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਜੰਗੀ ਯਾਦਗਾਰ ਵਿਖੇ ਅਮਰ ਜੋਤੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਦੇਸ਼ ਦੀ ਖਾਤਰ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਿਆ ਗਿਆ। ਇਸ ਉਪਰੰਤ ਮੁੱਖ ਮਹਿਮਾਨ ਦੇ ਕਾਲਰ 'ਤੇ ਟੋਕਨ ਫਲੈਗ ਲਗਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਜਲੰਧਰ ਦਾ ਸਟਾਫ਼ ਵਿਕਾਸ ਕੁਮਾਰ ਸੁਪਰਡੈਂਟ, ਗੁਰਮੀਤ ਸਿੰਘ, ਪਵਨ ਕੁਮਾਰ, ਜਸਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਾਬਕਾ ਸੈਨਿਕ ਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਹਾਜ਼ਰ ਸਨ।

# ਸਤਯੁੱਗ ਦਰਸ਼ਨ ਸੰਗੀਤ ਕਲਾ ਕੇਂਦਰ ਨੇ ਗ੍ਰੈਂਡ ਫਿਨਾਲੇ ਉਤਸ਼ਾਹ ਨਾਲ ਮਨਾਇਆ

ਚੰਡੀਗੜ੍ਹ (ਗੁਰਜੀਤ ਬਿੱਲਾ)-ਸਤਯੁੱਗ ਦਰਸ਼ਨ ਸੰਗੀਤ ਕਲਾ ਕੇਂਦਰ ਚੰਡੀਗੜ੍ਹ ਵੱਲੋਂ ਆਯੋਜਿਤ 'ਸੁਰਾਂਜਲੀ 2024' ਦਾ ਗ੍ਰੈਂਡ ਫਿਨਾਲੇ ਵੱਡੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਤਯੁੱਗ ਦਰਸ਼ਨ ਟਰਸਟ ਦੇ ਮਾਰਗਦਰਸ਼ਕ ਸਜਨ, ਮੈਨੇਜਿੰਗ ਟਰਸਟੀ ਸ਼੍ਰੀਮਤੀ ਰੇਸ਼ਮਾ ਗਾਂਧੀ, ਚੇਅਰਪਰਸਨ ਸ਼੍ਰੀਮਤੀ ਅਨੁਪਮਾ ਤਲਵਾਰ ਅਤੇ ਪ੍ਰਾਚਾਰਯ ਦੀਪੇਂਦਰ ਕਾਂਤ ਨੇ ਦੀਪ ਪ੍ਰਜਵਲਿਤ ਕਰਕੇ ਕੀਤੀ।ਇਸ ਮੌਕੇ 'ਤੇ ਭਾਜਪਾ ਜ਼ਿਲ੍ਹਾ ਅਧਿਆਕਸ਼ (ਪੰਚਕੂਲਾ) ਦੀਪਕ ਸ਼ਰਮਾ, ਨਿਕ ਬੇਕਰਜ਼ ਦੇ ਡਾਇਰੈਕਟਰ ਵਿਨੋਦ ਮਿੱਤਲ, ਪਿਕੈਡਿਲੀ ਹੋਟਲ ਸਮੂਹ ਦੀ ਪ੍ਰਬੰਧ ਨਿਦੇਸ਼ਕ ਸ਼੍ਰੀਮਤੀ ਜੈਸ਼੍ਰੀ ਸ਼ਰਮਾ ਅਤੇ ਹੋਰ ਪ੍ਰਸਿੱਧ ਵਿਅਕਤੀ ਮੌਜੂਦ ਸਨ।ਮਾਰਗਦਰਸ਼ਕ ਸਜਨ ਨੇ ਆਪਣੇ ਭਾਸ਼ਣ ਵਿੱਚ ਆਧਿਆਤਮਿਕ ਕ੍ਰਾਂਤੀ ਅਤੇ ਸਤਯੁੱਗ ਦੀ ਸਾਂਸਕ੍ਰਿਤਕ ਕਦਰ ਨੂੰ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਉਨ੍ਹਾਂ ਨੇ ਕਿਹਾ ਕਿ ਫਰੀਦਾਬਾਦ ਦੇ ਸਤਯੁੱਗ ਦਰਸ਼ਨ ਧਿਆਨ ਕੇਂਦਰ ਰਾਹੀਂ ਆਤਮਿਕ ਗਿਆਨ ਪ੍ਰਦਾਨ ਕਰਕੇ ਮਨੁੱਖਤਾ ਨੂੰ ਸੱਚਾਈ, ਧਰਮ ਅਤੇ ਏਕਤਾ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ।ਚੇਅਰਪਰਸਨ ਸ਼੍ਰੀਮਤੀ ਅਨੁਪਮਾ ਤਲਵਾਰ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਮਨੁੱਖੀ ਮੁੱਲਾਂ ਨੂੰ ਅਪਨਾਉਣ ਅਤੇ ਪੌਜ਼ੀਟਿਵ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਇਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਡਾਕਟਰ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ



**ਸੰਗਰੂਰ (ਪ੍ਰਵੀਨ ਸਿੰਘ)** ਭਾਈਚਾਰਕ ਤਾਲਮੇਲ ਮੰਚ ਰਜਿ. ਸੰਗਰੂਰ ਪਟਿਆਲਾ ਗੇਟ ਰਮਾਇਣ ਭਵਨ ਨੇੜੇ ਅੰਬੇਡਕਰ ਭਵਨ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਸੁਰਜੀਤ ਸਿੰਘ ਸਾਬਕਾ ਈ ਓ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਸਭ ਤੋਂ ਪਹਿਲਾਂ ਡਾਕਟਰ ਅੰਬੇਡਕਰ ਦੇ ਬੁੱਤ ਨੂੰ ਹਰਨੂਰ ਅਕੈਡਮੀ ਦੀਆਂ ਲੜਕੀਆਂ ਵੱਲੋਂ ਫੁੱਲਾਂ ਦੇ ਹਾਰ ਪਹਿਨਾਏ ਗਏ।ਹਾਜ਼ਰ ਮੈਂਬਰਾਂ ਵੱਲੋਂ ਫੁੱਲਾਂ ਦੀ ਪੱਤੀਆਂ ਵਰਸ਼ਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕਰਤਾਰ ਸਿੰਘ ਚੱਢ ਬੇਲਾ ਵਲੋਂ ਬਾਖੂਬੀ ਨਿਭਾਈ ਗਈ।ਇਸ ਸਮੇਂ ਜਗਜੀਤ ਇੰਦਰ ਸਿੰਘ ਚੇਅਰਮੈਨ ਅਤੇ ਕੁਲਵੰਤ ਸਿੰਘ ਜੇਲ੍ਹ ਸੁਪਰਡੈਂਟ ਵਲੋਂ ਡਾਕਟਰ ਅੰਬੇਡਕਰ ਵੱਲੋਂ ਦਰਸਾਏ ਮਾਰਗ ਪੜ੍ਹੋ ਜੁੜੋ ਸੰਘਰਸ਼ ਕਰੋ ਤੇ ਚੱਲਣ ਲਈ ਕਿਹਾ।ਸੁਰਜੀਤ ਸਿੰਘ ਸਾਬਕਾ ਈ ਓ ਵੱਲੋਂ ਡਾਕਟਰ ਅੰਬੇਡਕਰ ਵੱਲੋਂ ਭਾਰਤੀ ਔਰਤਾਂ ਵਾਸਤੇ ਬਣਾਏ ਕਾਨੂੰਨਾਂ ਬਾਰੇ ਪ੍ਰੀਸ਼ਦ ਵਿੱਚ ਪਾਸ ਕਰਕੇ ਔਰਤਾਂ ਨੂੰ 1928 ਵਿੱਚ ਮਰਦਾਂ ਦੇ ਬਰਾਬਰ ਤਨਖਾਹ ਬਰਾਬਰ ਕੰਮ ਕਰਨ ਦੇ ਘੰਟੇ ਮਾਤਰਤਵ ਛੁੱਟੀ ਦਾ ਪ੍ਰਬੰਧ ਪਾਸ ਕਰਾਇਆ।1951 ਵਿੱਚ ਹਿੰਦੂ ਕੋਡ ਬਿਲ ਤਿਆਰ ਕੀਤਾ, ਜਿਸ ਵਿੱਚ ਔਰਤਾਂ ਨੂੰ ਤਲਾਕ ਲੈਣ ਦਾ ਅਧਿਕਾਰ ਮਾਪਿਆਂ ਦੀ ਜਾਇਦਾਦ 'ਚੋਂ ਹਿੱਸਾ ਲੈਣ ਦਾ ਹੱਕ ਦਿੱਤਾ ਸੀ।ਇਹ ਕਾਰਨ ਹੈ ਅੱਜ ਔਰਤਾਂ ਹਰ ਖੇਤਰ ਵਿੱਚ ਮਰਦਾਂ ਨਾਲੋਂ ਅੱਗੇ ਵੱਧ ਰਹੀਆਂ ਹਨ, ਪਰ ਭਾਰਤੀ ਔਰਤਾਂ ਨੂੰ ਡਾਕਟਰ ਅੰਬੇਡਕਰ ਦੁਆਰਾ ਔਰਤਾਂ ਦੀ ਭਲਾਈ ਲਈ ਕੀਤੇ ਗਏ ਕੰਮਾਂ ਦੀ ਜਾਣਕਾਰੀ ਹੀ ਨਹੀਂ ਹੈ।ਬਲਵਿੰਦਰ ਸਿੰਘ ਚੌਧਰੀ ਗੁਰਮੀਤ ਸਿੰਘ ਬਾਲੀਆਂ ਰਾਮ ਪ੍ਰਕਾਸ਼ ਵਲੋਂ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ।ਸ੍ਰੀ ਰਾਮ ਆਸਰਾ ਐਸ ਡੀ ਓ ਤੇ ਐਡਵੋਕੇਟ ਅਮਨਦੀਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ।ਮੰਚ ਸੀਨੀਅਰ ਡਵੀਜ਼ਨ ਮੈਨੇਜਰ ਨੇ ਜਗਤਾਰ ਸਿੰਘ ਕੁੱਪ ਵਾਲਾ ਨੇ ਭਾਗ ਲੈਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ।

## ਸ਼ਹੀਦੀ ਦਿਵਸ ਮੌਕੇ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ



**ਜਗਰਾਉਂ (ਅਮਿਤ ਖੰਨਾ)** ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਮੌਕੇ 'ਤੇ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ।ਪ੍ਰਿੰਸੀਪਲ ਨੀਲੂ ਨਰੂਲਾ ਜੀ ਨੇ ਦੱਸਿਆ ਕਿ ਜਮਾਤ ਨਰਸਰੀ ਤੋਂ ਤੀਜੀ ਤੱਕ ਦੇ ਵਿਦਿਆਰਥੀਆਂ ਲਈ ਇਤਿਹਾਸਿਕ ਟੂਰ ਵਿੱਚ ਮੇਹਦੀਆਣਾ ਸਾਹਿਬ ਜਾ ਕੇ ਮੱਥਾ ਟੇਕਿਆ ਅਤੇ ਇਤਿਹਾਸ ਨਾਲ ਜੁੜੀਆਂ ਮੂਰਤੀਆਂ ਬਾਰੇ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਦੱਸਿਆ ਕਿ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਸੀ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਨਾਨਕਸਰ ਭਗਤੀ ਦਾ ਘਰ ਦਿਖਾਇਆ ਗਿਆ, ਜਿੱਥੇ ਜਾ ਕੇ ਬੱਚਿਆਂ ਨੇ ਮੱਥਾ ਟੇਕਿਆ ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ।ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਲੰਗਰ ਵੀ ਛਕਿਆ ਤੇ ਬੱਚਿਆਂ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਲੰਗਰ ਛਕਿਆ ਤੇ ਇਤਿਹਾਸਿਕ ਯਾਤਰਾ ਦਾ ਵਿਦਿਆਰਥੀਆਂ ਨੇ ਬਹੁਤ ਹੀ ਆਨੰਦ ਮਾਣਿਆ।ਪ੍ਰਿੰਸੀਪਲ ਨੀਲੂ ਨਰੂਲਾ ਨੇ ਸੰਦੇਸ਼ ਦਿੱਤਾ ਕਿ ਸਮੇਂ-ਸਮੇਂ 'ਤੇ ਇਤਿਹਾਸਕ ਤੇ ਧਾਰਮਿਕ ਟੂਰ ਦਾ ਆਯੋਜਨ ਕਰਨ ਦਾ ਮਨੋਰਥ ਇਹੀ ਹੈ ਕਿ ਬੱਚਿਆਂ ਨੂੰ ਆਪਣੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਰਹੇ।ਉਨ੍ਹਾਂ ਕਿਹਾ ਕਿ ਮੁਗਲਾਂ ਦੇ ਰਾਜ ਸਮੇਂ ਜਿਹੜੇ ਸ਼ਹੀਦਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਕੁਰਬਾਨੀਆਂ ਦਾ ਜ਼ਿੰਦਾ ਜਾਗਦਾ ਸਬੂਤ ਮੇਹਦੀਆਣਾ ਸਾਹਿਬ ਵਿਖੇ ਸਥਿਤ ਹੈ ਤੇ ਉਨ੍ਹਾਂ ਸ਼ਹੀਦਾਂ ਦੀਆਂ ਮੂਰਤਾਂ ਆਪਣੇ ਅੱਖਾਂ ਸਾਹਮਣੇ ਦੇਖ ਕੇ ਬੱਚਿਆਂ ਨੂੰ ਇਹ ਗਿਆਨ ਹੋਇਆ ਕਿ ਉਨ੍ਹਾਂ ਨੂੰ ਕਿੰਨੇ ਤਸੀਹੇ ਦਿੱਤੇ ਗਏ।

## ਮੱਤੀ 'ਚ ਲਾਇਆ ਖ਼ੂਨਦਾਨ ਤੇ ਅੱਖਾਂ ਦਾ ਕੈਂਪ



**ਬਰੇਟਾ (ਗੋਬਿੰਦ ਸ਼ਰਮਾ)** ਨੇਕੀ ਫਾਉਂਡੇਸ਼ਨ ਵੱਲੋਂ ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਅਤੇ ਬਾਬਾ ਸਾਹਿਬ ਦਾਸ ਕ੍ਰਿਕਟ ਕਲੱਬ, ਪਿੰਡ ਮੱਤੀ ਦੇ ਸਹਿਯੋਗ ਨਾਲ ਸਰਕਾਰੀ ਬਲੱਡ ਬੈਂਕ ਮਾਨਸਾ ਦਾ ਖ਼ੂਨਦਾਨ ਕੈਂਪ ਤੇ ਸ਼ੰਕਰਾ ਅੱਖਾਂ ਦਾ ਹਸਪਤਾਲ ਦਾ ਮੁਫ਼ਤ ਅੱਖਾਂ ਦਾ ਚੈਕਅੱਪ ਅਪ੍ਰੇਸ਼ਨ ਕੈਂਪ ਪਿੰਡ ਮੱਤੀ ਵਿਖੇ ਲਾਇਆ ਗਿਆ, ਜਿੱਥੇ 46 ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਖ਼ੂਨਦਾਨ ਕੀਤਾ।ਅੱਖਾਂ ਦੇ ਕੈਂਪ ਵਿੱਚ 300 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ ਗਿਆ ਤੇ ਦਵਾਈਆਂ ਦਿੱਤੀਆਂ ਗਈਆਂ।ਉਥੇ ਹੀ 46 ਚਿੱਟੇ ਮੋਤੀਏ ਦੇ ਮਰੀਜ਼ਾਂ ਨੂੰ ਲੈਂਜ ਅਪ੍ਰੇਸ਼ਨ ਲਈ ਸ਼ੰਕਰਾ ਹਸਪਤਾਲ ਲੁਧਿਆਣਾ ਭੇਜਿਆ ਗਿਆ, ਜਿੱਥੇ ਉਨ੍ਹਾਂ ਦੇ ਮੁਫ਼ਤ ਅਪ੍ਰੇਸ਼ਨ ਕੀਤੇ ਜਾਣਗੇ।ਪਿੰਡ ਦੇ ਸਰਪੰਚ ਹਰਕਮਲਜੀਤ ਸਿੰਘ ਤੇ ਸਾਬਕਾ ਸਰਪੰਚ ਪ੍ਰਸ਼ੋਤਮ ਗਰਗ ਨੇ ਕਿਹਾ ਕਿ ਇਹ ਦੋਵੇਂ ਕੈਂਪ ਸਮੂਹ ਨਗਰ ਨਿਵਾਸੀਆਂ, ਨਗਰ ਪੰਚਾਇਤ ਤੇ ਕਲੱਬ ਦਾ ਸਾਂਝਾ ਉਪਰਾਲਾ ਹੈ।ਉਨ੍ਹਾਂ ਵੱਲੋਂ ਨੇਕੀ ਫਾਉਂਡੇਸ਼ਨ ਨਾਲ ਮਿਲ ਕੇ ਅੱਗੇ ਵੀ ਅਜਿਹੇ ਕੈਂਪ ਸਮੇਂ-ਸਮੇਂ 'ਤੇ ਲਾਏ ਜਾਣਗੇ।ਉਨ੍ਹਾਂ ਕਿਹਾ ਕਿ ਇਹ ਕੈਂਪ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਹਨ। ਨੇਕੀ ਟੀਮ ਨੇ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ 18000 ਤੋਂ ਵੱਧ ਯੂਨਿਟਾਂ ਸਰਕਾਰੀ ਬਲੱਡ ਬੈਂਕਾਂ ਨੂੰ ਖ਼ੂਨਦਾਨ ਤੇ 600 ਤੋਂ ਵੱਧ ਮਰੀਜ਼ਾਂ ਦੇ ਅੱਖਾਂ ਦੇ ਅਪ੍ਰੇਸ਼ਨ ਕਰਾਏ ਜਾ ਚੁੱਕੇ ਹਨ।ਨੌਜਵਾਨਾਂ ਵਿੱਚ ਖ਼ੂਨਦਾਨ ਕਰਨ ਦਾ ਉਤਸ਼ਾਹ ਹੋਣਾ ਇੱਕ ਚੰਗਾ ਸੁਨੇਹਾ ਹੈ।ਇਸ ਮੌਕੇ ਪਹੁੰਚੇ ਰਿਟਾਇਰਡ ਆਈ.ਜੀ. ਪੰਜਾਬ ਪੁਲਸ ਅਮਰ ਸਿੰਘ ਚਹਿਲ ਆਈ. ਪੀ. ਐੱਸ. ਦੁਆਰਾ ਖ਼ੂਨਦਾਨੀਆਂ ਨੂੰ ਸਨਮਾਨਤ ਕੀਤਾ ਗਿਆ।ਕੈਂਪ ਵਿੱਚ ਸਟੇਟ ਬੈਂਕ ਆਫ਼ ਇੰਡੀਆ ਬ੍ਰਾਂਚ ਭੀਖੀ ਦਾ ਵਿਸ਼ੇਸ਼ ਸਹਿਯੋਗ ਰਿਹਾ ਤੇ ਉਨ੍ਹਾਂ ਦੇ ਮੈਨੇਜਰ ਅਲੋਕ ਕੁਮਾਰ ਸਿੰਘ, ਸਹਾਇਕ ਮੈਨੇਜਰ ਮਨੀਸ਼ ਕੁਮਾਰ, ਫੀਲਡ ਅਫ਼ਸਰ ਮਨਪ੍ਰੀਤ ਸਿੰਘ ਵੱਲੋਂ ਖ਼ੂਨਦਾਨੀਆਂ ਨੂੰ ਟਰਾਫੀਆਂ ਭੇਟ ਕੀਤੀਆਂ ਗਈਆਂ।

## ਗੁਰੂ ਤੇਗ ਬਹਾਦਰ ਨੇ ਨਿਆਸਰਿਆਂ ਦੇ ਹੱਕ 'ਚ ਖੜ ਕੇ ਆਪਣੀ ਸ਼ਹਾਦਤ ਦਿੱਤੀ : ਕਮਾਂਡੈਂਟ ਰਛਪਾਲ ਸਿੰਘ



**ਸਮਰਾਲਾ, (ਸੁਰਜੀਤ ਸਿੰਘ)** ਸ੍ਰੀ ਗੁਰੂ ਤੇਗ ਬਹਾਦਰ ਨੇ ਨਿਆਸਰਿਆਂ ਦੇ ਹੱਕ ਵਿੱਚ ਖੜ ਕੇ ਆਪਣੀ ਸ਼ਹਾਦਤ ਦਿੱਤੀ।ਇਹ ਵਿਚਾਰ ਅੱਜ ਇੱਥੇ ਕਮਾਂਡੈਂਟ ਰਛਪਾਲ ਸਿੰਘ ਨੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਦਫਤਰ ਵਿਚ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ ਕਰਨ ਲਈ ਵੱਖ-ਵੱਖ ਜਥੇਬੰਦੀਆਂ ਵੱਲੋਂ ਉਨ੍ਹਾਂ ਦੇ ਸ਼ਹੀਦੀ ਦਿਵਸ ਮੌਕੇ ਇਕੱਤਰ ਹੋਏ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਸਿੱਖ ਇਤਿਹਾਸ ਮਾਨਵਤਾ ਲਈ ਸੰਘਰਸ਼ੀ ਜੋਧਿਆਂ ਦਾ ਇਤਿਹਾਸ ਹੈ।ਅਜਿਹੇ ਯੋਧਿਆਂ ਤੇ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਅਤਿਅੰਤ ਜ਼ੁਲਮ ਤੇ ਜ਼ਾਲਮਾਂ ਦਾ ਟਾਕਰਾ ਕਰਦੇ ਹੋਏ ਆਪਣੀ ਕੁਰਬਾਨੀ ਦਿੱਤੀ।ਉਨ੍ਹਾਂ ਇਸ ਮੌਕੇ ਹਾਜ਼ਰ ਸਰੋਤਿਆਂ ਸਨਮੁੱਖ ਸਿੱਖ ਇਤਿਹਾਸ ਬਾਰੇ ਗੰਭੀਰ ਚਰਚਾ ਕੀਤੀ ਤੇ ਵਿਸਥਾਰ ਨਾਲ ਸਿੱਖ ਇਤਿਹਾਸ ਦੀ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਖੁਦ ਨੂੰ ਤਾਕਤਵਰ ਬਣਾਉਣ ਲਈ ਪ੍ਰੇਰਿਆ।ਬ੍ਰਾਹਮਣ ਸਭਾ ਦੇ ਸੀਨੀਅਰ ਆਗੂ ਬਿਹਾਰੀ ਲਾਲ ਸੱਦੀ ਵਲੋਂ ਆਯੋਜਤ ਇਸ ਪ੍ਰੋਗਰਾਮ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਨੇ ਤਿਲਕ ਤੇ ਜੰਜੂ ਦੀ ਰਾਖੀ ਕੀਤੀ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਗੌਰਵ ਨਾਲ ਜਿਊਣਾ ਸਿਖਾਇਆ।ਸਿਰੋਪਾਓ ਪਾ ਕੇ ਪਤਵੰਤਿਆਂ ਨੂੰ ਸਨਮਾਨਤ ਕੀਤਾ ਗਿਆ।ਪ੍ਰੋਗਰਾਮ 'ਚ ਬ੍ਰਾਹਮਣ ਸਭਾ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ, ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਤੇ ਨਿਰਮਾਣ ਮਜ਼ਦੂਰ ਸਭਾ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਭਰਾਜ ਵੱਲੋਂ ਜਨਤਕ ਪਖਾਨਿਆਂ ਦੇ ਉਸਾਰੀ ਕਾਰਜਾਂ ਦੀ ਸ਼ੁਰੂਆਤ



**ਸੰਗਰੂਰ, (ਪ੍ਰਵੀਨ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੰਗਰੂਰ ਦੇ ਵਾਸੀਆਂ ਨੂੰ ਹਰ ਸੁਵਿਧਾ ਉਪਲਬਧ ਕਰਾਉਣ ਲਈ ਵਚਨਬੱਧ ਹਾਂ ਅਤੇ ਇਸੇ ਉਦੇਸ਼ ਦੀ ਪੂਰਤੀ ਹਿੱਤ ਪੜਾਅਵਾਰ ਢੰਗ ਨਾਲ ਵਿਕਾਸ ਕਾਰਜ ਕਰਾਏ ਜਾ ਰਹੇ ਹਨ।ਇਹ ਪ੍ਰਗਟਾਵਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਬਰਨਾਲਾ ਕੈਂਚੀਆਂ ਵਿਖੇ ਨਵੇਂ ਬਣਨ ਵਾਲੇ ਜਨਤਕ ਪਖਾਨਿਆਂ ਦੇ ਉਸਾਰੀ ਕਾਰਜਾਂ ਦਾ ਨੀਂਹ ਪੱਥਰ ਰਖਦਿਆਂ ਕੀਤਾ। ਵਿਧਾਇਕ ਭਰਾਜ ਨੇ ਕਿਹਾ ਕਿ ਇਸ ਪ੍ਰੋਜੈਕਟ ਉੱਤੇ ਲਗਭਗ 15 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਮੁੱਚੇ ਨਿਰਮਾਣ ਕਾਰਜ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਮੁਕੰਮਲ ਕੀਤੇ ਜਾਣ।ਉਨ੍ਹਾਂ ਇਹ ਵੀ ਕਿਹਾ ਕਿ ਸਾਫ ਸਫਾਈ ਪੱਖੋਂ ਵੀ ਸੰਗਰੂਰ ਸ਼ਹਿਰ ਦੀ ਦਿੱਖ ਨੂੰ ਸੰਵਾਰਿਆ ਜਾ ਰਿਹਾ ਹੈ ਅਤੇ ਆਉਣ ਵਾਲੇ ਕੁਝ ਸਮੇਂ ਵਿੱਚ ਵੱਡੀਆਂ ਤਬਦੀਲੀਆਂ ਨਜ਼ਰ ਆਉਣਗੀਆਂ।ਉਨ੍ਹਾਂ ਇਹ ਕਿਹਾ ਕਿ ਬਰਨਾਲਾ ਕੈਂਚੀਆਂ ਨੇੜੇ ਖੜਨ ਵਾਲੇ ਰੇਹੜੀ ਫੜੀ ਵਾਲਿਆਂ, ਰਿਕਸ਼ਾ ਚਾਲਕਾਂ, ਦੁਕਾਨਦਾਰਾਂ ਸਮੇਤ ਹੋਰ ਲੋਕਾਂ ਦੀ ਸੁਵਿਧਾ ਲਈ ਇਹਨਾਂ ਜਨਤਕ ਪਖਾਨਿਆਂ ਦਾ ਨਿਰਮਾਣ ਕਰਾਇਆ ਜਾ ਰਿਹਾ ਹੈ।ਭਰਾਜ ਨੇ ਸੰਗਰੂਰ ਵਾਸੀਆਂ ਨੂੰ ਇਹ ਵਿਸ਼ਵਾਸ ਦਵਾਇਆ ਕਿ ਹਰ ਵਰਗ ਨੂੰ ਬੁਨਿਆਦੀ ਸੁਵਿਧਾਵਾਂ ਮੁਹਈਆ ਕਰਾਉਣ ਦੇ ਨਾਲ-ਨਾਲ ਬਹੁਕਰੋੜੀ ਪ੍ਰੋਜੈਕਟ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਕੇ ਲੜੀਵਾਰ ਲੋਕਾਂ ਨੂੰ ਸਮਰਪਿਤ ਕਰਨ ਦੀ ਪ੍ਰਕਿਰਿਆ ਜਾਰੀ ਰੱਖੀ ਜਾ ਰਹੀ ਹੈ।ਕਾਰਜਸਾਧਕ ਅਫਸਰ ਮੋਹਿਤ ਸ਼ਰਮਾ ਤੋਂ ਇਲਾਵਾ ਸ਼ਹਿਰ ਵਾਸੀ ਤੇ ਪਾਰਟੀ ਵਰਕਰ ਵੀ ਹਾਜ਼ਰ ਸਨ।

## ਦਿਵਿਆਂਗਾਂ ਲਈ ਬਲਾਕ ਪੱਧਰੀ ਕੈਂਪ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸੀ ਐਚ ਸੀ ਮਹਿਲ ਕਲਾਂ ਵਿਖੇ ਅਲਿਮਕੋ ਕੰਪਨੀ ਦੇ ਸਹਿਯੋਗ ਨਾਲ ਦਿਵਿਆਂਗ ਵਿਅਕਤੀਆਂ ਨੂੰ ਨਕਲੀ ਅੰਗ ਜਾਂ ਸਹਾਇਕ ਉਪਕਰਨ ਮੁਹੱਈਆ ਕਰਵਾਉਣ ਲਈ ਬਲਾਕ ਪੱਧਰੀ ਅਸੈਸਮੈਂਟ ਕੈਂਪ ਲਗਾਇਆ ਗਿਆ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਬਰਨਾਲਾ ਡਾ. ਤੇਅਵਾਸਪ੍ਰੀਤ ਕੌਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਵੱਡੀ ਗਿਣਤੀ 'ਚ ਦਿਵਿਆਂਗ ਵਿਅਕਤੀਆਂ ਦੀ ਅਸੈਸਮੈਂਟ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅਸੈਸਮੈਂਟ ਮਗਰੋਂ ਨਕਲੀ ਅੰਗ ਜਾਂ ਸਹਾਇਕ ਉਪਕਰਨ ਮੁਹੱਈਆ ਕਰਵਾਉਣ ਲਈ ਵੱਖਰੇ ਤੌਰ 'ਤੇ ਕੈਂਪ ਲਗਾਏ ਜਾਣਗੇ। ਐੱਸ ਐੱਮ ਓ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਮੂਹ ਸਟਾਫ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ।ਇਸ ਮੌਕੇ ਅਲਿਮਕੋ ਕੰਪਨੀ ਤੋਂ ਕੈਂਪ ਇੰਚਾਰਜ ਗੌਤਮ ਪਾਂਡੇ ਤੇ ਟੀਮ, ਸੀ ਡੀ ਪੀ ਓ ਹਰਮੀਤ ਕੌਰ, ਬੀ ਈ ਈ ਸ਼ਿਵਾਨੀ, ਐਲ ਐਚ ਵੀ ਬਲਵਿੰਦਰ ਕੌਰ, ਸੀ ਐਚ ਓ ਸੁਖਦੀਪ ਕੌਰ ਅਤੇ ਆਸ਼ਾ ਵਰਕਰ ਹਾਜ਼ਰ ਸਨ।

## ਪੰਜਾਬ ਪੈਨਸ਼ਨਰਜ਼ ਯੂਨੀਅਨ 17 ਨੂੰ ਮਨਾਏਗੀ ਪੈਨਸ਼ਨਰ ਦਿਵਸ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਕਾਮਰੇਡ ਜਰਨੈਲ ਸਿੰਘ ਭਵਨ ਵਿੱਚ ਜਨਰਲ ਸਕੱਤਰ ਗੁਰਤੇਜ ਸਿੰਘ ਬਰਾੜ ਤੇ ਸੀਨੀਅਰ ਮੀਤ ਪ੍ਰਧਾਨ ਰਾਜਪਾਲ ਬੇਰੀ ਦੀ ਪ੍ਰਧਾਨਗੀ 'ਚ ਕੀਤੀ ਗਈ। ਮੀਟਿੰਗ ਵਿੱਚ ਓਮ ਪ੍ਰਕਾਸ਼ ਚੇਅਰਮੈਨ ਨੇ ਪਿਛਲੇ ਸਮੇਂ ਦੌਰਾਨ ਜਥੇਬੰਦੀ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ। ਅਵਤਾਰ ਸਿੰਘ ਫਿਰੋਜ਼ਪੁਰ ਨੇ ਸਰਕਾਰ ਵੱਲੋਂ ਪੈਨਸ਼ਨਰਾਂ ਪ੍ਰਤੀ ਵਰਤੇ ਜਾ ਰਹੇ ਮਾੜੇ ਰਵੱਈਏ ਦੀ ਨਿਖੇਧੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਮਲਕੀਤ ਸਿੰਘ ਕੈਸ਼ੀਅਰ, ਬਲਵੰਤ ਸਿੰਘ ਸੰਧੂ ਪ੍ਰਧਾਨ, ਸੰਤ ਰਾਮ, ਕੁਲਦੀਪ ਸਿੰਘ ਖੁੰਘਰ, ਮੁਖਤਿਆਰ ਸਿੰਘ, ਵਅਤਾਰ ਸਿੰਘ ਨੇ ਦੋਸ਼ ਲਾਇਆ ਕਿ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ ਮਿਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕਰ ਰਹੀ ਹੈ। ਮੁੱਖ ਮੰਤਰੀ ਮੀਟਿੰਗ ਦਾ ਸਮਾਂ ਦੇ ਕੇ ਭਗੌੜਾ ਹੋ ਜਾਂਦਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਸਾਢੇ ਪੰਜ ਸਾਲ ਦਾ ਪੇ ਕਮਿਸ਼ਨ ਦਾ ਬਕਾਇਆ ਨਹੀਂ ਦੇ ਰਹੀ, ਡੀ ਏ ਦੀਆਂ 11 ਪ੍ਰਤੀਸ਼ਤ ਡਿਊ ਕਿਸ਼ਤਾਂ ਨਹੀਂ ਦੇ ਰਹੀ ਅਤੇ ਡੀ ਏ ਦਾ ਪਿਛਲਾ ਬਕਾਇਆ ਵੀ ਨੱਪੀ ਬੈਠੀ ਹੈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਤੇ ਗੁੱਸਾ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 17 ਦਸੰਬਰ ਨੂੰ ਪੈਨਸ਼ਨਰ ਦਿਹਾੜਾ ਕਾਮਰੇਡ ਜਰਨੈਲ ਸਿੰਘ ਭਵਨ ਵਿੱਚ ਮਨਾਇਆ ਜਾਵੇਗਾ। ਮੀਟਿੰਗ ਉਪਰੰਤ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜਸਵੰਤ ਮੈਣੀ, ਦੁਰਗਾ ਦਾਸ, ਬਲਦੇਵ ਰਾਜ, ਪ੍ਰੀਤਮ ਸਿੰਘ, ਪਵਨ ਕੁਮਾਰ, ਅਮਰਜੀਤ, ਸਾਧੂ ਸਿੰਘ, ਨਿਰਮਲ ਸਿੰਘ, ਹਰਨਾਮ ਸਿੰਘ ਆਦਿ ਹਾਜ਼ਰ ਸਨ।

## ਡਰੱਗ ਟਰਾਇਲ 'ਤੇ ਬਿਲ ਗੇਟਸ ਦਾ ਬਿਆਨ ਅਪਮਾਨਜਨਕ, ਸਰਕਾਰ ਨੋਟਿਸ ਲਵੇ : ਆਈ ਡੀ ਪੀ ਡੀ

**ਲੁਧਿਆਣਾ (ਐੱਮ. ਐੱਸ. ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਬਿਲ ਗੇਟਸ ਦੇ ਬਿਆਨ ਕਿ ਭਾਰਤ ਇੱਕ ਪ੍ਰਯੋਗਸ਼ਾਲਾ ਦੀ ਇੱਕ ਕਿਸਮ ਹੈ, ਜਿੱਥੇ ਤੁਸੀਂ ਕੁਝ ਚੀਜ਼ਾਂ 'ਤੇ ਅਜ਼ਮਾਇਸ਼ ਕਰ ਸਕਦੇ ਹੋ ਅਤੇ ਸਬੂਤ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਦੂਜੇ ਦੇਸ਼ਾਂ ਵਿੱਚ ਵਰਤ ਸਕਦੇ ਹੋ, ਦੀ ਆਲੋਚਨਾ ਕੀਤੀ ਹੈ।ਇੱਕ ਬਿਆਨ ਵਿੱਚ ਡਾ: ਅਰੁਣ ਮਿੱਤਰਾ ਪ੍ਰੈਜ਼ੀਡੈਂਟ ਆਈਡੀਪੀਡੀ ਤੇ ਡਾ: ਇੰਦਰਵੀਰ ਗਿੱਲ ਮੈਂਬਰ ਸੈਂਟਰਲ ਕੌਂਸਲ ਆਈਡੀਪੀਡੀ ਨੇ ਕਿਹਾ ਕਿ ਇਹ ਸਾਡੀ ਅਖੰਡਤਾ ਦਾ ਅਪਮਾਨ ਹੈ ਅਤੇ ਇਸ ਦੇਸ਼ ਦੇ ਗਰੀਬ ਲੋਕਾਂ ਦਾ ਸ਼ੋਸ਼ਣ ਹੈ।ਸਰਕਾਰ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਬਿਲ ਗੇਟਸ ਫਾਊਂਡੇਸ਼ਨ ਤੋਂ ਕਿਸੇ ਵੀ ਤਰ੍ਹਾਂ ਦੀ ਫੰਡਿੰਗ ਲੈਣੀ ਬੰਦ ਕਰਨੀ ਚਾਹੀਦੀ ਹੈ।ਬਿਲ ਗੇਟਸ ਇੱਕ ਅਜਿਹਾ ਕਾਰੋਬਾਰੀ ਹੈ, ਜਿਸ ਨੂੰ ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੋਕਾਂ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਹੈ।ਉਸ ਦਾ ਇੱਕੋ ਇੱਕ ਮਨੋਰਥ ਲਾਭ ਕਮਾਉਣਾ ਹੈ। ਇਹ ਮੰਦਭਾਗਾ ਹੈ ਕਿ ਸਾਡੀਆਂ ਰੈਗੂਲੇਟਰੀ ਸੰਸਥਾਵਾਂ ਢੁੱਕਵੇਂ ਸਮੇਂ 'ਤੇ ਅਜਿਹੇ ਲੋਕਾਂ ਦੇ ਮਨਸੂਬਿਆਂ ਦੀ ਪ੍ਰਵਾਹ ਨਹੀਂ ਕਰਦੀਆਂ।ਅਸੀਂ ਹਰ ਤਰ੍ਹਾਂ ਦੇ ਸਾਧਨਾਂ ਵਾਲਾ ਇੱਕ ਵੱਡਾ ਦੇਸ਼ ਹਾਂ।ਬਿਲ ਗੇਟਸ ਵਰਗੇ ਕਾਰੋਬਾਰੀਆਂ ਤੋਂ ਕੋਈ ਫੰਡ ਪ੍ਰਾਪਤ ਕੀਤੇ ਬਿਨਾਂ ਦਵਾਈਆਂ ਜਾਂ ਹੋਰ ਚੀਜ਼ਾਂ 'ਤੇ ਕੋਈ ਵੀ ਟਰਾਇਲ ਕਰਨ ਲਈ ਪੈਸੇ ਜਾਂ ਤਕਨੀਕੀ ਜਾਣਕਾਰੀ ਦੀ ਸਾਡੇ ਕੋਲ ਕੋਈ ਕਮੀ ਨਹੀਂ ਹੈ।

## ਵਿੱਤ ਮੰਤਰੀ ਤੇ ਅਮਨ ਅਰੋੜਾ ਵੱਲੋਂ ਮਹਾਂ ਪ੍ਰੀਨਿਰਵਾਣ ਦਿਵਸ ਮੌਕੇ ਸ਼ਰਧਾਂਜਲੀ



**ਨਾਭਾ, (ਵਰਿੰਦਰ ਵਰਮਾ)** ਪੰਜਾਬ ਦੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਰੋਜ਼ਗਾਰ ਉਤਪਤੀ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਗਵਰਨੈਂਸ ਰਿਫਾਰਮਜ਼ ਤੇ ਸ਼ਿਕਾਇਤ ਨਿਵਾਰਣ ਤੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗਾਂ ਦੇ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਦੇ ਮਹਾਂ ਪ੍ਰੀਨਿਰਵਾਣ ਦਿਵਸ ਮੌਕੇ ਦੇ ਪਟਿਆਲਾ ਗੇਟ ਵਿਖੇ ਸਥਿਤ ਡਾ. ਅੰਬੇਡਕਰ ਦੇ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ।ਆਗੂਆਂ ਨੇ ਕਿਹਾ ਕਿ ਡਾ. ਅੰਬੇਡਕਰ ਨੇ ਸੰਵਿਧਾਨਕ ਹੱਕਾਂ ਨਾਲ ਦੱਬੇ ਕੁਚਲੇ ਲੋਕਾਂ ਨੂੰ ਆਰਥਿਕ ਤੇ ਸਮਾਜਿਕ ਤੌਰ 'ਤੇ ਉੱਪਰ ਚੁੱਕਿਆ, ਜਿਸ ਲਈ ਸਾਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਉਪਰ ਚੱਲਣਾ ਚਾਹੀਦਾ ਹੈ।ਗੈਰ ਰਸਮੀ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਆਪ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਇੱਕ ਆਵਾਜ਼ ਵਿੱਚ ਕਿਹਾ ਕਿ ਕੇਂਦਰ ਸਰਕਾਰ ਡਾ. ਭੀਮ ਰਾਉ ਅੰਬੇਡਕਰ ਵਲੋਂ ਦਿੱਤੀ ਅਜ਼ਾਦੀ ਖੋਹਣ ਦੇ ਕੋਝੇ ਯਤਨ ਕਰ ਰਹੀ ਹੈ, ਜਿਸ ਨੂੰ ਪੰਜਾਬ ਸਰਕਾਰ ਤੇ ਆਪ ਪਾਰਟੀ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਆਪਣੀ ਰਾਜਧਾਨੀ ਦਿੱਲੀ ਵਿਖੇ ਜਾਣ ਤੋਂ ਰੋਕਣ ਲਈ ਅੜਿੱਕੇ ਡਾਹ ਕੇ ਹਰਿਆਣਾ ਪੁਲਿਸ ਰਾਹੀਂ ਜਬਰ ਢਾਹਿਆ ਜਾ ਰਿਹਾ ਹੈ, ਜੋ ਨਿੰਦਣਯੋਗ ਹੈ।ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਕਿਸਾਨ ਵੀ ਇਸ ਦੇਸ਼ ਦਾ ਹਿੱਸਾ ਹਨ ਤੇ ਉਨ੍ਹਾਂ ਦੀਆਂ ਮੰਗਾਂ ਜਾਇਜ਼ ਹਨ ਅਤੇ ਇਸ ਲਈ ਕੇਂਦਰ ਨੂੰ ਕਿਸਾਨਾਂ ਨਾਲ ਬੈਠਕ ਕਰਕੇ ਇਸ ਦਾ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਹ ਮੰਗਾਂ ਕੇਂਦਰ ਸਰਕਾਰ ਨਾਲ ਹੀ ਸਬੰਧਤ ਹਨ।ਉਨ੍ਹਾਂ ਨੇ ਕਿਸਾਨਾਂ ਉੱਪਰ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨ ਜਾਣ ਤੋਂ ਰੋਕਣਾ ਗ਼ੈਰ ਕਾਨੂੰਨੀ ਹੈ।

## ਬੁੱਢਾ ਦਲ ਨੇ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਗੁਰਦੁਆਰਾ ਥੜਾ ਸਾਹਿਬ ਪਾ: ਨੌਵੀਂ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਸਮਾਣਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਮਹਾਨ ਕੀਰਤਨ ਦਰਬਾਰ ਵਿੱਚ ਨਾਮਵਰ ਰਾਗੀ ਜਥਿਆਂ ਨੇ ਗੁਰਬਾਣੀ ਮਨੋਹਰ ਕੀਰਤਨ ਕੀਤਾ ਤੇ ਕਥਾਵਾਚਕਾਂ, ਢਾਡੀਆਂ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ।ਤਿੰਨ ਰੋਜ਼ਾ ਸਮਾਗਮ ਦੀ ਸੰਪੂਰਨਤਾ ਸਮੇਂ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਆਦਰਸ਼ ਜਿੱਥੇ ਮਾਨਵ ਧਰਮ ਦੀ ਸੁਰੱਖਿਆ ਸੀ, ਉੱਥੇ ਮਨੁੱਖ ਜਾਤੀ ਦੇ ਵਿਚਾਰ ਵਿਸ਼ਵਾਸ ਦੀ ਸੁਤੰਤਰਤਾ ਤੇ ਉਸ ਦੀ ਜ਼ਮੀਰ ਦੀ ਆਜ਼ਾਦੀ ਵਾਲੇ ਬੁਨਿਆਦੀ ਹੱਕਾਂ-ਅਧਿਕਾਰਾਂ ਦੀ ਬਰਕਰਾਰੀ ਸੀ।ਉਨ੍ਹਾਂ ਕਿਹਾ ਕਿ ਉਸ ਸਮੇਂ ਮੁਗ਼ਲ ਸਾਮਰਾਜ ਵੱਲੋਂ ਸਾਰੇ ਹਿੰਦੋਸਤਾਨ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣ ਲਈ ਜਬਰੀ ਧਰਮ ਬਦਲਣ ਦੀ ਅਪਣਾਈ ਗਈ ਹਿੰਸਕ ਨੀਤੀ ਨੂੰ ਇੱਕ ਕਰੜੀ ਵੰਗਾਰ ਸੀ।ਸ਼ਹਾਦਤ ਸੰਕਲਪ ਦੀ ਗੱਲ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਸੀ, ਜੋ ਧਾਰਮਿਕ, ਰਾਜਨੀਤਕ ਤੇ ਆਰਥਿਕ ਅਜ਼ਾਦੀ ਦੀ ਖ਼ਾਤਰ ਹੋਈ।

## ਕੇਂਦਰੀ ਜੇਲ੍ਹ 'ਚੋਂ 4 ਮੋਬਾਇਲ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 4 ਮੋਬਾਇਲ ਫੋਨ ਬਰਾਮਦ ਹੋਣ ਦੀ ਘਟਨਾ ਸਾਹਮਣੇ ਆਈ ਹੈ।ਇਸ ਸੰਬੰਧੀ ਪੁਲਸ ਨੇ 4 ਹਵਾਲਾਤੀਆਂ ਤੇ ਹਾਈ ਸਿਕਿਉਰਿਟੀ ਜ਼ੋਨ ਉੱਤੇ ਮੋਬਾਇਲ ਥਰੋ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ 52-ਏ ਪ੍ਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਜੇਲ੍ਹ ਵੱਲੋਂ ਮਿਲੀ ਸੂਚਨਾ ਦੇ ਅਧਾਰ 'ਤੇ ਇਹ ਕਾਰਵਾਈ ਕੀਤੀ ਗਈ।ਜੇਲ੍ਹ ਤਲਾਸ਼ੀ ਦੌਰਾਨ ਹਵਾਲਾਤੀ ਮੋਹਿਤ ਉਰਫ ਪ੍ਰਿੰਸ ਕੁਮਾਰ ਉਰਫ ਟੂਟੀ ਕੋਲੋਂ ਟੱਚ ਸਕਰੀਨ ਮੋਬਾਇਲ, ਹਵਾਲਾਤੀ ਮਾਘ ਸਿੰਘ ਕੋਲੋਂ ਕੀਪੈਡ ਮੋਬਾਇਲ, ਹਵਾਲਾਤੀ ਸੁਖਦੇਵ ਸਿੰਘ ਉਰਫ ਸ਼ੇਗੀ ਕੋਲੋਂ ਟੱਚ ਸਕਰੀਨ ਮੋਬਾਇਲ, ਵਿਸ਼ਾਲ ਉਰਫ ਮੰਨਾ ਕੋਲੋਂ ਟੱਚ ਸਕਰੀਨ ਮੋਬਾਇਲ ਫੋਨ ਬਰਾਮਦ ਹੋਏ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਆਮ ਕੈਪੀਟਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 13.09. 2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1. ਮੈਸ. ਹਰਮਨ ਟਰੇਡਿੰਗ ਕੰਪਨੀ, 6095, ਜੀ ਟੀ ਰੋਡ, ਸਾਹਮਣੇ ਗਰੇਨ ਮਾਰਕੀਟ ਜਯੋਤੀਸਰ ਕਾਲੋਨੀ, ਜੰਡਿਆਲਾ ਗੁਰੂ, ਅੰਮ੍ਰਿਤਸਰ ਰਾਹੀਂ ਇਸ ਦੇ ਮਾਲਕ ਬਲਜੀਤ ਸਿੰਘ 2. ਸ੍ਰੀ ਬਲਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ 6095, ਜੀ ਟੀ ਰੋਡ,ਸਾਹਮਣੇ ਗਰੇਨ ਮਾਰਕੀਟ ਜਯੋਤੀਸਰ ਕਾਲੋਨੀ, ਜੰਡਿਆਲਾ ਗੁਰੂ, ਅੰਮ੍ਰਿਤਸਰ, ਜੰਡਿਆਲਾ ਆਰ ਐਸ ਪੰਜਾਬ-143149 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ ਨਾਂਅ 3. ਬਲਦੇਵ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਨਵਾਂ ਕੋਟ, ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ-143115, 4. ਸ਼ਮਸ਼ੇਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ 6095, ਜੰਡਿਆਲਾ, ਅੰਮ੍ਰਿਤਸਰ। 5. ਰਵਨੀਤ ਕੌਰ ਉਰਫ਼ ਨਵਨੀਤ ਪਤਨੀ ਗੁਰਮੇਲ ਸਿੰਘ ਵਾਸੀ ਪਿੰਡ ਕਰਨੈਲ ਗੰਜ, ਡਾਕਖਾਨਾ ਜੈਦ, ਕਰਨੈਲ ਗੰਜ, ਕਪੂਰਥਲਾ। (ਬਾਅਦ ਵਿੱਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ OD/045400000011 ਵਿੱਚ ਬਕਾਇਆ ਬਕਾਇਆ ਰੁਪਏ 25,22,902.90 ਅਤੇ WCTL/045612000014 ਵਿੱਚ ਬਕਾਇਆ ਰੁਪਏ 2,41,688.90 ਨੋਟਿਸ ਦੇ ਪ੍ਰਾਪਤ ਹੋਣ ਤੋਂ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੱਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ OD/045400000011 ਵਿੱਚ ਬਕਾਇਆ ਰਾਸ਼ੀ ਰੁਪਏ 25,22,902.90 ਅਤੇ WCTL/045612000014 ਵਿੱਚ ਬਕਾਇਆ ਰਾਸ਼ੀ ਰੁਪਏ 2,41,688.90 ਤੇ ਮਿਤੀ 01.08.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਟਰਾਂਸਫਰ ਡੀਡ ਨੰ. 272 ਮਿਤੀ 14.06.2018 ਤਹਿਤ ਸ੍ਰੀ ਬਲਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਦੀ ਮਾਲਕੀ ਹੇਠ ਜੰਡਿਆਲਾ-1, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਹਦਬਸਤ ਨੰ. 135 ਵਿਖੇ ਸਥਿਤ ਜਾਇਦਾਦ ਰਕਬਾ 13 ਮਰਲੇ 03 ਸਰਸਾਈ ਦੇ ਸਾਰੇ ਹਿੱਸੇ

ਮਿਤੀ : 03.12.2024 ਸਥਾਨ : ਜੰਡਿਆਲ ਗੁਰੂ (ਅਧਿਕਾਰਤ ਅਫ਼ਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 18.05. 2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਮਲਕੀਅਤ ਸਿੰਘ ਮਾਰਫਤ ਲੱਖਾ ਸਿੰਘ ਵਾਸੀ 467, ਵਰਿੰਦਾਵਨ ਗਾਰਡਨ, ਫਤਿਹਗੜ੍ਹ ਚੂੜੀਆਂ ਰੋਡ, ਨੰਗਲੀ, ਅੰਮ੍ਰਿਤਸਰ-1, ਅੰਮ੍ਰਿਤਸਰ-143001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਅਤੇ ਗਰੰਟਰ 2. ਸ੍ਰੀ ਕਾਬਲ ਸਿੰਘ ਪੁੱਤਰ ਸੱਦਾ ਸਿੰਘ ਵਾਸੀ 1084, ਫਤਿਹਗੜ੍ਹ ਚੂੜੀਆਂ ਰੋਡ, ਵਰਿੰਦਾਵਨ ਗਾਰਡਨ-ਅੰਮ੍ਰਿਤਸਰ-1, ਅੰਮ੍ਰਿਤਸਰ-143001 3. ਸ੍ਰੀਮਤੀ ਪ੍ਰਿਆ ਮਾਰਫਤ ਮਲਕੀਅਤ ਸਿੰਘ ਵਾਸੀ ਮਕਾਨ ਨੰ. 467, ਵਰਿੰਦਾਵਨ ਗਾਰਡਨ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ-1, ਅੰਮ੍ਰਿਤਸਰ-143001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ/031611000036 'ਚ ਰੁਪਏ 17,13,633 ਅਤੇ ਐੱਲ ਏ ਪੀ/031602000095 'ਚ ਰੁਪਏ 4,69,254 ਬਕਾਇਆ ਰਾਸ਼ੀ ਉਕਤ ਨੋਟਿਸ ਦੀ ਮਿਤੀ ਤੋਂ ਡਿਮਾਂਡ ਨੋਟਿਡ ਦੀ ਮਿਤੀ ਅਨੁਸਾਰ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ ਦੇ ਨਿਯਮ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੱਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 01-05-2024 ਤੋਂ ਐੱਚ ਐੱਲ/031611000036 'ਚ ਰੁਪਏ 17,13,663 ਅਤੇ ਐੱਲ ਏ ਪੀ/031602000095 'ਚ ਰੁਪਏ 4,69,254 ਬਕਾਇਆ ਰਾਸ਼ੀ ਸਮੇਤ ਭਵਿੱਖੀ ਵਿਆਜ ਕੈਪੀਟਲ ਸਮਾਲ ਬੈਂਕ ਲਿਮਟਿਡ ਦੀ ਵਸੂਲੀ ਹੇਠ ਹੋਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2018-19/93/1/5883 ਮਿਤੀ 31-12-2018 ਅਨੁਸਾਰ ਸ੍ਰੀ ਮਲਕੀਅਤ ਸਿੰਘ ਪੁੱਤਰ ਲੱਖਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 256.66 ਵਰਗ ਗਜ਼ ਪਿੰਡ ਨੰਗਲੀ, ਅਬਾਦੀ ਵਰਿੰਦਾਵਨ ਗਾਰਡਨ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ।

ਮਿਤੀ : 03.12.2024 ਸਥਾਨ : ਅੰਮ੍ਰਿਤਸਰ (ਅਧਿਕਾਰਤ ਅਫ਼ਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 13.09. 2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1. ਕਰਜ਼ਦਾਰਾਂ 1 ਮੈਸ. ਥਿੰਦ ਪਲਾਈਵੁੱਡ, ਸਾਹਮਣੇ ਦਾਣਾ ਮੰਡੀ, ਜੀ ਟੀ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ ਰਾਹੀਂ ਇਸ ਦੇ ਮਾਲਕ ਸ੍ਰੀ ਸ਼ਮਸ਼ੇਰ ਸਿੰਘ 2. ਸ੍ਰੀ ਸ਼ਮਸ਼ੇਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ 6095, ਜੰਡਿਆਲਾ ਗੁਰੂ, ਅੰਮ੍ਰਿਤਸਰ (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਵਾਸੀ 6095, ਸਾਹਮਣੇ ਦਾਣਾ ਮੰਡੀ, ਜੰਡਿਆਲਾ ਗੁਰੂ, ਜਯੋਤੀਸਰ ਕਾਲੋਨੀ, ਜੰਡਿਆਲਾ ਅੰਮ੍ਰਿਤਸਰ, ਜੰਡਿਆਲਾ, ਆਰ ਐੱਸ ਪੰਜਾਬ-143149, 4. ਸ੍ਰੀ ਬਲਦੇਵ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਨਵਾਂ ਕੋਟ, ਅੰਮ੍ਰਿਤਸਰ, ਪੰਜਾਬ-143115 ( ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈ ਰਾਸ਼ੀ ਓ ਡੀ/45400000024 'ਚ ਰੁਪਏ 6,28,427.30 ਅਤੇ ਡਬਲਯੂ ਸੀ ਟੀ ਐੱਲ/45612000019 'ਚ ਰੁਪਏ 2,44,339.90 ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਸਮੁੱਚੀ ਬਕਾਇਆ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੱਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 01.8.2024 ਤੋਂ ਓ ਡੀ/ 45400000024 'ਚ ਰੁਪਏ 6,28,427.30 ਅਤੇ ਡਬਲਯੂ ਸੀ ਟੀ ਐੱਲ/45612000019 'ਚ ਰੁਪਏ 2,44,339.90 ਸਮੇਤ ਭਵਿੱਖੀ ਵਿਆਜ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਵਸੂਲੀ ਹੇਠ ਹੋਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਨੰ. 272 ਮਿਤੀ 14.06.2018 ਅਨੁਸਾਰ ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 13 ਮਰਲੇ 03 ਸਰਸਾਈ, ਜੰਡਿਆਲਾ-1, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ, ਹੱਦਬਸਤ ਨੰ. 135 ਨਾਲ ਸੰਬੰਧਤ ਸਭ ਕੁਝ।

ਮਿਤੀ 3.12.2024, ਸਥਾਨ : ਜੰਡਿਆਲਾ ਗੁਰੂ (ਅਧਿਕਾਰਤ ਅਫ਼ਸਰ)



**ਪੰਜਾਬ ਨੈਸ਼ਨਲ ਬੈਂਕ**
**punjab national bank**

**ਬਰਾਂਚ : ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ, (ਬਰਾਂਚ ਕੋਡ : 223100) ਪਿੰਨ : 144001**

**ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ : ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ (ਬਰਾਂਚ ਕੋਡ-223100) ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੂੰ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| ਲੜੀ ਨੰ. | ਲਾਕਰ ਨੰ. | ਨਾਂਅ | ਬਰਾਂਚ |
|---|---|---|---|
| 1. | AC00243 | ਰਾਧਾ ਸ਼ਰਮਾ ਅਤੇ ਦੀਪਾ ਸ਼ਰਮਾ | ਪੰਜਾਬ ਨੈਸ਼ਨਲ ਬੈਂਕ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਬੈਂਕ ਗਾਈਡਲਾਇਮਨਜ਼ ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 07.12.2024 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ



**ਪੰਜਾਬ ਮੰਡੀ ਬੋਰਡ**

**ਈ-ਟੈਂਡਰਿੰਗ ਨੋਟਿਸ ਨੰ: 18 (2024) ਮਿਤੀ 06.12.2024**

ਦਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ New construction of link Road Phirni Lalpur to Dhottian (From Earth Work upto Premix carpet including const. of Culverts, Drains, Ret. Walls and Road furniture/Safty Measures MC Tarn Taran, Assembly Constituency Khadoor Sahib, Distt. Tarn Taran ਦੀ ਉਸਾਰੀ ਕਰਵਾਉਣ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ 'ਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/-ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਤਰਨ ਤਾਰਨ।



**LWS KNITWEAR LIMITED**

Registered Office: G T Road (West), Ludhiana - 141008, Punjab, India
Contact person: Laxmi Khatri
Telephone: 98778 15974 | E-mail id: info@lwsknitwear.com | Website: www.lwsknitwear.com
Corporate Identity Number: L55101PB1989PLC009315

**PROMOTERS OF OUR COMPANY: GIRISH KAPOOR AND KUSUM KAPOOR**

**FOR PRIVATE CIRCULATION TO THE ELIGIBLE EQUITY SHAREHOLDERS OF LWS KNITWEAR LIMITED (OUR"COMPANY" OR THE "ISSUER") ONLY**

**NOTICE FOR CHANGE IN RIGHTS ISSUE PERIOD**

This corrigendum ("Corrigendum") should be read in conjunction with the advertisement dated December 02, 2024 published in relation to Rights Issue of LWS Knitwear Limited.

The Right's Issue Committee of the Board of Directors of the Company at its meeting held on December 05, 2024 had considered and approved the modification of rights issue period starting from ***Thursday, December 12, 2024 to Tuesday, December 24, 2024,*** both days inclusive.

**ISSUE SCHEDULE**

| Particulars | Day and Date |
|---|---|
| Last Date for credit of Rights Entitlements | Monday, December 23, 2024 |
| Issue Opening Date | Thursday, December 12, 2024 |
| Last Date for On Market Renunciation of the Rights Entitlements # | Thursday, December 19, 2024 |
| Issue Closing Date* | Tuesday, December 24, 2024 |
| Finalization of Basis of Allotment (on or about) | Thursday, January 02, 2025 |
| Date of Allotment (on or about) | Friday, January 03, 2025 |
| Date of credit (on or about) | Monday, January 06, 2025 |
| Date of listing (on or before) | Wednesday, January 08, 2025 |

*#Eligible Equity Shareholders are requested to ensure that renunciation through off-market transfer is completed in such a manner that the Rights Entitlements are credited to the demat account of the Renouncees on or prior to the Issue Closing Date.*

** Our Board or the Rights Issue Committee will have the right to extend the Issue Period as it may determine from time to time but not exceeding 30 days from the Issue Opening Date (inclusive of the Issue Opening Date) or such other time as maybe permitted as per applicable law. Further, no withdrawal of Application shall be permitted by any Applicant after the Issue Closing Date.*

The Letter of Offer dated November 30, 2024 and advertisement dated December 02, 2024 shall be read in conjunction with this Corrigendum and stands suitably modified to the extent of information set out above.

**For LWS Knitwear Limited**
Sd/-
Laxmi Khatri
**Company Secretary & Compliance Officer**

**Place :** Ludhiana
**Date :** December 06, 2024



**YES BANK**

**Yes Bank Limited** Regd. Office: YES BANK House, Off Western Express Highway, Santacruz (East), Mumbai – 400055. Website : www.yesbank.in

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ**

ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ, 2002 ਦੇ ਰੂਲ 8 (6) ਲਈ ਪ੍ਰੋਵੀਜ਼ੋ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਇਸ ਦੁਆਰਾ ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਵਰਨਣ ਅਚੱਲ ਜਾਇਦਾਦ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਹੇਠ ਹੈ, ਜਿਸ ਦਾ ਯੈੱਸ ਬੈਂਕ ਲਿਮਟਿਡ ਅਰਥਾਤ ਸਕਿਓਰਡ ਕ੍ਰੈਡੀਟਰ ਨੇ ਭੌਤਿਕੀ ਕਬਜ਼ਾ ਲੈ ਲਿਆ ਹੈ ਅਤੇ ਇਹ ਮੈਸ. ਫੇਅਰਡੀਲ ਏਜੰਸੀਜ਼ ਮਾਲਕ ਮੈਸ: ਗੋਇਲ ਏਜੰਸੀਜ਼ ਪ੍ਰਾਈ. ਲਿਮ. ("ਕਰਜ਼ਦਾਰ"); ਸ੍ਰੀ ਰਜਿੰਦਰ ਪ੍ਰਸਾਦ ਗੋਇਲ ਪੁੱਤਰ ਸ੍ਰੀ ਜੁਗਲ ਕਿਸ਼ੋਰ ("ਗਿਰਵੀਕਾਰ ਅਤੇ ਗਰੰਟਰ"); ਅਸ਼ਵਨੀ ਕੁਮਾਰ ਪੁੱਤਰ ਸ੍ਰੀ ਸਰਵਨ ਕੁਮਾਰ ("ਗਰੰਟਰ") ; ਸ੍ਰੀਮਤੀ ਸੋਨੀਆ ਗੋਇਲ ਪਤਨੀ ਸ੍ਰੀ ਅਸ਼ਵਨੀ ਗੋਇਲ ("ਗਰੰਟਰ") : ਸ੍ਰੀਮਤੀ ਰੇਖਾ ਗੋਇਲ ਪਤਨੀ ਸ੍ਰੀ ਰਜਿੰਦਰ ਪ੍ਰਸ਼ਾਦ ਗੋਇਲ ("ਗਰੰਟਰ"); ਸ੍ਰੀ ਸਰਵਨ ਗੋਇਲ ਪੁੱਤਰ ਸ੍ਰੀ ਜੁਗਲ ਕਿਸ਼ੋਰ ("ਗਰੰਟਰ") ; ਸ੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਸਰਵਨ ਗੋਇਲ ("ਗਰੰਟਰ") ਅਤੇ ਸ੍ਰੀ ਲੋਕੇਸ਼ ਗੋਇਲ ਪੁੱਤਰ ਸ੍ਰੀ ਰਜਿੰਦਰ ਪ੍ਰਸਾਦ ਗੋਇਲ ("ਗਰੰਟਰ") ਦੇ ਕੋਲੋਂ ਸਕਿਓਰਡ ਕ੍ਰੈਡੀਟਰ ਦੀ ਮਿਤੀ 30 ਨਵੰਬਰ 2024 ਨੂੰ ਬਕਾਇਆ ਨਿਕਲਦੀ ਰਾਸ਼ੀ ਰੁਪਏ 3,23,62,187.00 (ਰੁਪਏ ਤਿੰਨ ਕਰੋੜ ਤੇਈ ਲੱਖ ਬਾਹਟ ਹਜ਼ਾਰ ਇੱਕ ਸੌ ਸੱਤਾਸੀ ਕੇਵਲ) ਦੀ ਇਸ ਉਪਰ ਠੇਕਾ ਦਰ ਉਪਰ ਬਣਦੇ ਹੋਰ ਵਿਆਜ ਅਤੇ ਖਰਚਿਆਂ ਦੀ ਵਸੂਲੀ ਲਈ ਮਿਤੀ 23 ਦਸੰਬਰ 2024 ਨੂੰ "ਜੋ ਹੈ ਜਿੱਥੇ ਹੈ", "ਜਿਵੇਂ ਹੈ ਜੋ ਵੀ ਹੈ" ਅਤੇ "ਜੋ ਵੀ ਹੈ ਉੱਥੇ ਹੈ" ਦੇ ਅਧਾਰ 'ਤੇ ਵੇਚਿਆ ਜਾਵੇਗਾ।

| | |
|---|---|
| ਕਰਜ਼ਦਾਰ/ਗਰੰਟਰ (ਗਰੰਟਰਾਂ)/ਸੁਰੱਖਿਆ ਪ੍ਰਬੰਧਕ (ਪ੍ਰਬੰਧਕਾਂ) ਦੇ ਨਾਂਅ | ਮੈਸ: ਫੇਅਰਡੀਲ ਏਜੰਸੀਜ਼ ਮਾਲਕ ਮੈਸ: ਗੋਇਲ ਏਜੰਸੀਜ਼ ਪ੍ਰਾਈ: ਲਿਮ: ਜਿਸ ਦਾ ਪਤਾ ਹੈ , ਨਹਿਰੂ ਗਾਰਡਨ ਰੋਡ, ਨੇੜੇ ਅਜੀਤ ਪ੍ਰੈੱਸ, ਜਲੰਧਰ, ਪੰਜਾਬ-144025<br>ਸ੍ਰੀ ਰਜਿੰਦਰ ਪ੍ਰਸਾਦ ਗੋਇਲ ਪੁੱਤਰ ਸ੍ਰੀ ਜੁਗਲ ਕਿਸ਼ੋਰ ("ਗਿਰਵੀਕਾਰ ਅਤੇ ਗਰੰਟਰ") ਪਤਾ : ਮਕਾਨ ਨੰ. 3-4/8, ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਵਿਖੇ ਵੀ : ਜਾਇਦਾਦ ਨੰ. ਈ ਐੱਫ-78-79, ਮੰਡੀ ਰੋਡ, ਮੰਡੀ ਫੈਂਟਨ ਗੰਜ, ਨੇੜੇ ਰੇਲਵੇ ਸਟੇਸ਼ਨ, ਜਲੰਧਰ, ਪੰਜਾਬ-144001<br>ਵਿਖੇ ਵੀ: ਯੂਨਿਟ ਨੰ. 003, ਟਾਵਰ-16, ਦੀ ਕਲੋਜ਼ ਨਾਰਥ, ਨਿਰਵਾਣਾ ਕਾਉਂਟਰੀ, ਸੈਕਟਰ-50, ਗੁਰੂਗ੍ਰਾਮ, ਹਰਿਆਣਾ-122018<br>ਸ੍ਰੀ ਅਸ਼ਵਨੀ ਕੁਮਾਰ ਪੁੱਤਰ ਸ੍ਰੀ ਸਰਵਨ ਕੁਮਾਰ ("ਗਰੰਟਰ") ਪਤਾ : ਮਕਾਨ ਨੰ. 3-4/8, ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਵਿਖੇ ਵੀ : ਜਾਇਦਾਦ ਨੰ. ਈ ਐੱਫ 78-79, ਮੰਡੀ ਰੋਡ, ਮੰਡੀ ਫੈਂਟਨ ਗੰਜ, ਨੇੜੇ ਰੇਲਵੇ ਸਟੇਸ਼ਨ, ਜਲੰਧਰ, ਪੰਜਾਬ-144001<br>ਸ੍ਰੀਮਤੀ ਸੋਨੀਆ ਗੋਇਲ ਪਤਨੀ ਸ੍ਰੀ ਅਸ਼ਵਨੀ ਗੋਇਲ ("ਗਰੰਟਰ")<br>ਪਤਾ : ਮਕਾਨ ਨੰ. -3-4/8, ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਸ੍ਰੀਮਤੀ ਰੇਖਾ ਗੋਇਲ ਪਤਨੀ ਸ੍ਰੀ ਰਜਿੰਦਰ ਪ੍ਰਸਾਦ ਗੋਇਲ ("ਗਰੰਟਰ")<br>ਪਤਾ : ਮਕਾਨ ਨੰ. -3-4/8, ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਵਿਖੇ ਵੀ : ਯੂਨਿਟ ਨੰ. 003 ਟਾਵਰ-16, ਦੀ ਕਲੋਜ਼ ਨਾਰਥ, ਨਿਰਵਾਣਾ ਕਾਉਂਟਰੀ, ਸੈਕਟਰ-50, ਗੁਰੂਗ੍ਰਾਮ, ਹਰਿਆਣਾ-122018<br>ਸ੍ਰੀ ਸਰਵਨ ਗੋਇਲ ਪੁੱਤਰ ਸ੍ਰੀ ਜੁਗਲ ਕਿਸ਼ੋਰ ("ਗਰੰਟਰ")<br>ਪਤਾ : ਮਕਾਨ ਨੰ. -3-4/8 ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਸ੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਸਰਵਨ ਗੋਇਲ ("ਗਰੰਟਰ")<br>ਪਤਾ : ਮਕਾਨ ਨੰ. -3-4/8 ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਅਤੇ ਸ੍ਰੀ ਲੋਕੇਸ਼ ਗੋਇਲ ਪੁੱਤਰ ਸ੍ਰੀ ਰਜਿੰਦਰ ਪ੍ਰਸ਼ਾਦ ਗੋਇਲ ("ਗਰੰਟਰ")<br>ਪਤਾ : ਮਕਾਨ ਨੰ. -3-4/8, ਮੁਹੱਲਾ ਨੰ. 2, ਜਲੰਧਰ, ਪੰਜਾਬ-144025<br>ਵਿਖੇ ਵੀ : ਯੂਨਿਟ ਨੰ. 003, ਟਾਵਰ 16, ਦਿ ਕਲੋਜ਼ ਨਾਰਥ, ਨਿਰਵਾਣਾ, ਕਾਉਂਟਰੀ, ਸੈਕਟਰ-50, ਗੁਰੂਗ੍ਰਾਮ, ਹਰਿਆਣਾ-122018 |
| ਜਾਇਦਾਦ ਦਾ ਵੇਰਵਾ | ਜਾਇਦਾਦ ਦੀ ਕਿਸਮ : ਕਮਰਸ਼ੀਅਲ<br>(1) ਜਾਇਦਾਦ ਨੰ. ਈ ਐੱਫ-78, ਮੰਡੀ ਰੋਡ, ਮੰਡੀ ਫੈਂਟਨ ਗੰਜ, ਜਲੰਧਰ-ਪੰਜਾਬ-144001<br>(2) ਜਾਇਦਾਦ ਨੰ. ਈ ਐੱਫ-79, ਮੰਡੀ ਰੋਡ, ਮੰਡੀ ਫੈਂਟਨ ਗੰਜ, ਜਲੰਧਰ-ਪੰਜਾਬ-144001 |
| ਰਾਖਵੀਂ ਕੀਮਤ (ਰੁਪਏ) | ਰੁਪਏ 1,66,95,000.00 (ਰੁਪਏ ਇੱਕ ਕਰੋੜ ਛਿਆਹਠਨ ਲੱਖ ਪਚੰਨਵੇਂ ਹਜ਼ਾਰ ਕੇਵਲ) |
| ਬਿਆਨਾ ਰਾਸ਼ੀ ਡਿਪਾਜ਼ਿਟ (ਰੁਪਏ) | ਰੁਪਏ 16,69,500.00 (ਰੁਪਏ ਸੋਲਾਂ ਲੱਖ ਉਨੱਤਰ ਹਜ਼ਾਰ ਪੰਜ ਸੌ ਕੇਵਲ) |
| ਬੋਲੀ ਦੇ ਜਮ੍ਹਾਂ ਕਰਵਾਉਣ ਲਈ ਆਖਰੀ ਮਿਤੀ | 20 ਦਸੰਬਰ, 2024 ਸ਼ਾਮ 6.00 ਵਜੇ ਤੱਕ |
| ਈ-ਨਿਲਾਮੀ ਦੀ ਮਿਤੀ ਅਤੇ ਸਮਾਂ | 23 ਦਸੰਬਰ, 2024, 11.00 ਵਜੇ ਸਵੇਰ ਤੋਂ ਦੁਪਹਿਰ 2.00 ਵਜੇ 5 ਮਿੰਟਾਂ ਦੇ ਹਰੇਕ ਵਾਧੇ ਨਾਲ |
| ਭੌਤਿਕੀ ਕਬਜ਼ੇ ਦੀ ਮਿਤੀ | 16 ਸਤੰਬਰ, 2024 |
| ਡਿਮਾਂਡ ਨੋਟਿਸ ਦੀ ਮਿਤੀ | 12 ਮਈ, 2022 |
| ਮਿਤੀ 30 ਅਪ੍ਰੈਲ 2022 ਨੂੰ ਬਕਾਇਆ ਰਾਸ਼ੀ | ਰੁਪਏ 2,14,38,522/- ਰੁਪਏ ਦੋ ਕਰੋੜ ਚੌਦਾਂ ਲੱਖ ਅਠੱਤੀ ਹਜ਼ਾਰ ਪੰਜ ਸੌ ਬਾਈ ਕੇਵਲ) ਮਿਤੀ 30 ਅਪ੍ਰੈਲ 2022 ਨੂੰ |
| ਜਾਂਚ ਦੀ ਮਿਤੀ | 18 ਦਸੰਬਰ, 2024 |

**ਵਿਕਰੀ ਦੇ ਨਿਯਮ ਅਤੇ ਸ਼ਰਤਾਂ**

ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://www.yesbank.in/about-us/media/auction-property ਵਿੱਚ ਉਪਲੱਬਧ ਲਿੰਕ 'ਚ ਸਕਿਓਰਡ ਕ੍ਰੈਡੀਟਰ ਦੀ ਵੈੱਬਸਾਈਟ www.yesbank.in. ਦਾ ਹਵਾਲਾ ਲਓ।

ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਪ੍ਰਾਪਤ ਕਰਨ ਜਾਂ ਅਚੱਲ ਜਾਇਦਾਦਾਂ/ਸੁਰੱਖਿਅਤ ਐੱਸਟਸ ਦੀ ਜਾਂਚ ਅਤੇ ਪੁੱਛਗਿੱਛ ਲਈ ਕਿਸੇ ਮੁਸ਼ਕਿਲ ਦੇ ਲਈ ਯੈੱਸ ਬੈਂਕ ਲਿਮ:, ਦੇ ਸੰਬੰਧਤ ਅਧਿਕਾਰੀਆਂ ਸ੍ਰੀ ਅਮਨਦੀਪ ਸਿੰਘ ਨਾਲ 9711154546 ਜਾਂ ਈਮੇਲ amandeep.singh28@yesbank.in ਅਤੇ ਮੈਸ: ਈ-ਪ੍ਰੋਕਿਓਰਮੈਂਟ ਟੈਕਨੋਲੋਜਜੀਜ਼ ਲਿਮਟਿਡ (ਆਕਸ਼ਨ ਟਾਈਗਰ) ਦੇ ਅਧਿਕਾਰੀਆਂ ਸ੍ਰੀ ਰਾਮ ਸ਼ਰਮਾ ਨਾਲ (ਮੋਬਾਇਲ) +918000023297 (Ramprasad@auctiontiger.net ਜਾਂ support@auctiontiger.net ਉਪਰ ਸੰਪਰਕ ਕਰੋ।

ਉਪਰੋਕਤ ਵਰਨਣ ਜਾਇਦਾਦ ਦੀ ਜਾਂਚ 18 ਦਸੰਬਰ 2024 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਦੌਰਾਨ ਚਾਹਵਾਨ ਪਾਰਟੀਆਂ/ਟੈਂਡਰਕਾਰਾਂ ਦੁਆਰਾ ਏ ਓ ਨਾਲ ਪਹਿਲਾਂ ਨਿਯੁਕਤੀ ਲੈਣ ਤੋਂ ਬਾਅਦ ਕੀਤੀ ਜਾ ਸਕਦੀ ਹੈ। ਏ ਓ ਨੂੰ ਬਿਨਾਂ ਕੋਈ ਕਾਰਨ ਦੱਸਿਆਂ ਕਿਸੇ ਵੀ ਟੈਂਡਰ/ਟੈਂਡਰਾਂ (ਜਾਇਦਾਦ ਦੇ ਵਾਸਤੇ) ਰੱਦ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਏ ਓ ਦੀ ਸਰਬੋਤਮ ਜਾਣਕਾਰੀ ਅਤੇ ਗਿਆਨ ਅਨੁਸਾਰ ਇੱਥੇ ਗਿਰਵੀ ਰੱਖੀ ਜਾਇਦਾਦ ਉਪਰ ਮੌਜੂਦਾ ਕੋਈ ਝੰਜਟ ਨਹੀਂ ਹੈ। ਫਿਰ ਵੀ ਚਾਹਵਾਨ ਟੈਂਡਰਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਬਾਰੇ ਆਪਣੇ ਤੌਰ 'ਤੇ ਪੜਤਾਲ ਕਰ ਲੈਣ। ਏ ਓ ਨੂੰ ਉਪਰ ਦਰਸਾਈ ਗਈ ਗਿਰਵੀ ਰੱਖੀ ਪ੍ਰਾਪਰਟੀ ਟੈਕਸ ਕਿਸੇ ਸਰਕਾਰੀ ਜਾਂ ਕਿਸੇ ਵਿਅਕਤੀ ਦੇ ਹੋਰ ਬਕਾਇਆਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ।

ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਅਧੀਨ ਨਿਲਾਮੀ/ਵਿਕਰੀ ਸੂਚਨਾ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਕਿਸੇ ਵੀ ਸਮੇਂ ਅਤੇ ਸਾਡੇ ਵੱਲੋਂ ਲਾਗੂ ਲਾਗਤਾਂ, ਚਾਰਜਿਜ਼ ਅਤੇ ਖਰਚਿਆਂ ਸਮੇਤ ਕੁੱਲ ਬਕਾਇਆ ਰਕਮ ਅਦਾ ਕਰ ਦਿੱਤੀ ਜਾਂਦੀ ਹੈ ਤਾਂ ਸਾਡੇ ਵੱਲੋਂ ਸੁਰੱਖਿਅਤ ਐੱਸਟਸ ਨੂੰ ਵੇਚਿਆ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ ਅਤੇ ਸੁਰੱਖਿਅਤ ਐੱਸਟਸ ਦੀ ਵਿਕਰੀ ਜਾਂ ਤਬਾਦਲੇ ਲਈ ਸਾਡੇ ਵੱਲੋਂ ਹੋਰ ਕਦਮ ਨਹੀਂ ਚੁੱਕੇ ਜਾਣਗੇ।

**ਕਰਜ਼ਦਾਰ/ਗਰੰਟਰਾਂ ਲਈ ਵਿਕਰੀ ਸੂਚਨਾ**

ਉਪਰੋਕਤ ਨੂੰ ਪ੍ਰਕਾਸ਼ਨਾ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਬਕਾਇਆਂ ਦੇ ਭੁਗਤਾਨ ਲਈ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 (1) ਅਧੀਨ ਨੋਟਿਸ ਵਜੋਂ ਮੰਨਿਆ ਜਾਵੇ।

ਮਿਤੀ : 07.12.2024
ਸਥਾਨ : ਨਵੀਂ ਦਿੱਲੀ

ਸਹੀ/-
ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਟਿਡ

# ਮਹਿਲਾਵਾਂ ਦੇ ਖਾਤਿਆਂ 'ਚ ਜਲਦ ਆਉਣਗੇ 1100 ਰੁ. ਮਹੀਨਾ : ਡਾ. ਇਸ਼ਾਂਕ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**
ਹਲਕਾ ਚੱਬੇਵਾਲ ਦੇ ਵਿਧਾਇਕ ਬਣਨ ਤੋਂ ਬਾਅਦ ਡਾ. ਇਸ਼ਾਂਕ ਕੁਮਾਰ ਆਪਣੇ ਹਲਕੇ ਵਿਚ ਪੂਰੀ ਤਰ੍ਹਾਂ ਸਰਗਰਮ ਹਨ । ਵੱਖ-ਵੱਖ ਪਿੰਡਾਂ ਵਿਚ ਜਾ ਕੇ ਆਪਣੇ ਹਲਕਾ ਵਾਸੀਆਂ ਦਾ ਧੰਨਵਾਦ ਕਰਦੇ, ਉਹਨਾਂ ਨਾਲ ਰਾਬਤਾ ਕਾਇਮ ਕਰਦੇ ਡਾ. ਇਸ਼ਾਂਕ ਦਾ ਹਰ ਜਗ੍ਹਾ ਭਰਪੂਰ ਗਰਮਜੋਸ਼ੀ ਨਾਲ ਸੁਆਗਤ ਕੀਤਾ ਜਾ ਰਿਹਾ ਹੈ । ਲੋਕ ਉਤਸ਼ਾਹ ਦੇ ਨਾਲ ਆਪਣੇ ਯੁਵਾ ਵਿਧਾਇਕ ਨੂੰ ਮਿਲਣ ਲਈ ਬੈਠਕਾਂ ਵਿਚ ਪਹੁੰਚਦੇ ਹਨ । ਕੱਲ੍ਹ ਪਿੰਡ ਅਹਿਰਾਣਾ ਕਲਾਂ ਵਿਖੇ ਪਹੁੰਚਣ 'ਤੇ ਪਿੰਡ ਵਾਸੀਆਂ ਵਲੋਂ ਉਹਨਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਉਹਨਾਂ ਨੂੰ ਮਿਲਣ ਲਈ ਬੈਠਕ ਵਿਚ ਪੁੱਜੇ ਲੋਕਾਂ ਨੂੰ ਸੰਬੋਧਨ ਕਰਦਿਆਂ ਡਾ. ਇਸ਼ਾਂਕ ਨੇ ਚੋਣਾਂ ਵਿਚ ਵੋਟਾਂ ਦੇ ਰਾਹੀਂ ਜਤਾਏ ਗਏ ਸਮਰਥਨ ਅਤੇ ਪਿਆਰ ਲਈ ਉਹਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਵੀ ਆਪਣੇ ਲੋਕਾਂ ਲਈ ਹਮੇਸ਼ਾ ਹਾਜ਼ਰ ਰਹਿਣ ਅਤੇ ਹਰ ਪਿੰਡ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਆਪਣੇ ਵਾਅਦੇ ਨਿਭਾਉਣ ਲਈ ਉਹ ਵਚਨਬੱਧ ਹਨ । ਵੱਡੀ ਗਿਣਤੀ ਵਿਚ ਪਿੰਡ ਦੀਆਂ ਮਹਿਲਾਵਾਂ ਵੀ ਇਸ ਮੀਟਿੰਗ ਵਿਚ ਹਾਜ਼ਰ ਸਨ, ਜਿਹਨਾਂ ਨੂੰ ਡਾ. ਇਸ਼ਾਂਕ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਬਹੁਤ ਜਲਦ ਹੀ ਮਹਿਲਾਵਾਂ ਨੂੰ 1100 ਰੁ. ਮਹੀਨਾ ਦੇਣ ਦਾ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ । ਇਸ ਦੇ ਨਾਲ ਹੀ ਡਾ. ਇਸ਼ਾਂਕ ਨੇ ਕਿਹਾ ਕਿ ਮਹਿਲਾਵਾਂ ਲਈ ਰੁਜ਼ਗਾਰ ਦੇ ਅਵਸਰ ਤੇ ਸਵੈ-ਰੁਜ਼ਗਾਰ ਦੇ ਲਈ ਲੋੜੀਂਦੀ ਜਾਣਕਾਰੀ ਤੇ ਟ੍ਰੇਨਿੰਗ ਮੁਹੱਈਆ ਕਰਵਾਉਣ ਲਈ ਵੀ ਉਹਨਾਂ ਵਲੋਂ ਕਦਮ ਚੁੱਕੇ ਜਾਣਗੇ । ਇਸ ਬੈਠਕ ਵਿਚ ਪਿੰਡ ਦੇ ਸਰਪੰਚ ਮੇਜਰ ਬਿਆੜਾ ਨੇ ਪਿੰਡ ਵਾਸੀਆਂ ਵਲੋਂ ਡਾ. ਇਸ਼ਾਂਕ ਦਾ ਸੁਆਗਤ ਕਰਦਿਆਂ ਕਿਹਾ ਕਿ ਅਹਿਰਾਣਾ ਨਿਵਾਸੀਆਂ ਵਿਚ ਹੀ ਨਹੀਂ ਬਲਕਿ ਸਾਰੇ ਹਲਕਾ ਵਾਸੀਆਂ ਵਿਚ ਹੀ ਖੁਸ਼ੀ ਦੀ ਲਹਿਰ ਹੈ ਅਤੇ ਲੋਕ ਉਹਨਾਂ ਦੇ ਜਿੱਤਣ ਤੋਂ ਬਾਅਦ ਪਿੰਡਾਂ ਵਿਚ ਦੌਰਿਆਂ ਨੂੰ ਲੈ ਕੇ ਵੀ ਬਹੁਤ ਉਤਸ਼ਾਹਤ ਹਨ । ਉਹਨਾਂ ਕਿਹਾ ਕਿ ਡਾ. ਇਸ਼ਾਂਕ ਦੇ ਪਿਤਾ ਸੰਸਦ ਮੈਂਬਰ ਡਾ. ਰਾਜ ਕੁਮਾਰ ਵੀ ਆਪਣੇ ਇਸੀ ਗੁਣ ਕਾਰਣ ਹਰਮਨ ਪਿਆਰੇ ਨੇਤਾ ਹਨ ਕਿ ਉਹ ਆਪਣੇ ਹਲਕੇ ਵਿਚ ਲਗਾਤਾਰ ਲੋਕਾਂ ਨਾਲ ਮਿਲ - ਵਰਤਣ ਬਣਾਏ ਰੱਖਦੇ ਹਨ ਅਤੇ ਸਾਨੂੰ ਖੁਸ਼ੀ ਹੈ ਕਿ ਸਾਡੇ ਨਵੇਂ ਵਿਧਾਇਕ ਡਾ. ਇਸ਼ਾਂਕ ਵੀ ਇਸੀ ਰਾਹ 'ਤੇ ਚੱਲ ਰਹੇ ਹਨ ।

# ਹੁਸ਼ਿਆਰਪੁਰ ਜ਼ਿਲ੍ਹੇ 'ਚ ਸਫਲਤਾਪੂਰਵਕ ਨੇਪਰੇ ਚੜ੍ਹਿਆ ਪਰਖ ਸਰਵੇਖਣ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**
ਸਿੱਖਿਆ ਮੰਤਰਾਲੇ ਵੱਲੋਂ ਨੈਸ਼ ਪਰਖ ਸਰਵੇਖਣ ਸਫਲਤਾ ਪੂਰਵਕ ਕਰਵਾਇਆ ਗਿਆ।ਇਹ ਸਰਵੇਖਣ ਸਾਰੇ ਹੀ ਭਾਰਤ ਦੇ ਵਿੱਚ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਦੇ ਨਾਲ ਕਰਵਾਇਆ ਗਿਆ।ਹੁਸ਼ਿਆਰਪੁਰ ਜ਼ਿਲ੍ਹੇ ਦੇ ਵਿੱਚ ਵੀ ਸੀ.ਬੀ.ਐਸ.ਈ ਵੱਲੋਂ ਇਹ ਸਰਵੇਖਣ ਸਫਲਤਾ ਪੂਰਵਕ ਨੇਪਰੇ ਚਾੜਿਆ ਗਿਆ।ਜ਼ਿਲ੍ਹੇ 'ਚ ਰਾਸ਼ਟਰੀ ਸਰਵੇਖਣ 2024 ਸੀ ਬੀ ਐਸ ਈ ਚੰਡੀਗੜ੍ਹ ਰੀਜਨ ਖੇਤਰੀ ਨਿਦੇਸ਼ਕ ਸ਼੍ਰੀ ਰਾਜੇਸ਼ ਕੁਮਾਰ ਗੁਪਤਾ ਦੀਆਂ ਹਦਾਇਤਾਂ ਅਨੁਸਾਰ ਨਿਯੁਕਤ ਕੀਤੇ ਗਏ ਸੀ ਬੀ ਐਸ ਈ ਦੀ ਪ੍ਰਤੀਨਿਧੀ ਸ੍ਰੀਮਤੀ ਵੰਦਨਾ ਸੂਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ ਐਸ ਸੀ ਸੀ ਬੀ ਐਸ ਈ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਿੰਸੀਪਲ ਮਨੀਸ਼ਾ ਸੰਗਰ ਦੀ ਅਗਵਾਈ ਵਿੱਚ ਸਫਲਤਾ ਪੂਰਵਕ ਕਰਵਾਇਆ ਗਿਆ। ਇਸ ਸਰਵੇਖਣ ਦੇ ਵਿੱਚ ਸਮੁੱਚੇ ਜ਼ਿਲ੍ਹੇ ਦੇ ਚੋਣਵੇਂ ਸਕੂਲਾਂ ਦੇ ਤੀਜੀ, ਛੇਵੀਂ ਅਤੇ ਨੌਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਇਸ ਸਰਵੇਖਣ ਦੇ ਵਿੱਚ ਸੀ ਬੀ ਐਸ ਈ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਹਨਾਂ ਵੱਲੋਂ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਸਕੂਲਾਂ ਤੋਂ ਅਧਿਆਪਕਾਂ ਨੂੰ ਬਤੌਰ ਨਿਰੀਖਕ ਨਿਯੁਕਤ ਕੀਤਾ ਗਿਆ ਸੀ ਜਿਨ੍ਹਾਂ ਦੀ ਦੇਖਰੇਖ ਹੇਠ ਹੀ ਸਰਵੇਖਣ ਸਫਲਤਾ ਪੂਰਵਕ ਪੂਰਾ ਹੋਇਆ। ਉਹਨਾਂ ਨੇ ਇਸ ਸਰਵੇਖਣ ਦੇ ਪੂਰਾ ਹੋਣ 'ਤੇ ਸਮੂਹ ਸਕੂਲ ਦੇ ਨਿਯੁਕਤ ਕੀਤੇ ਹੋਏ ਨਿਰੀਖਿਅਕਾਂ ਦਾ ਧੰਨਵਾਦ ਕੀਤਾ।ਇਸ ਮੌਕੇ 'ਤੇ ਸਕੂਲ ਦੇ ਮੈਨੇਜਰ ਗਜਿੰਦਰ ਪਾਲ ਸਿੰਘ, ਬਿਕਰਮਜੀਤ ਸਿੰਘ, ਅਮਰਜੀਤ ਕੌਰ ਸੈਣੀ, ਜਗਬੰਦਨ ਸਿੰਘ, ਗੁਰਪ੍ਰੀਤ ਕੌਰ, ਵਿਸ਼ਾਲੀ, ਸੁਮਿਤ, ਬਲਜੀਤ, ਰਜਤ, ਰੋਹਿਤ, ਸੋਨੂ, ਵਿਨੇ ਅਤੇ ਹੋਰ ਸਟਾਫ ਮੈਂਬਰ ਮੌਜੂਦ ਸਨ।



# ਥਾਣਾ ਮਹਿਤਪੁਰ ਦਾ ਇੰਸਪੈਕਟਰ ਸੁਖਦੇਵ ਸਿੰਘ ਨੇ ਸੰਭਾਲਿਆ ਚਾਰਜ



**ਮਹਿਤਪੁਰ (ਰਾਜਾ)**- ਬੀਤੇ ਦਿਨੀਂ ਇੰਸਪੈਕਟਰ ਜੈਪਾਲ ਦੀ ਬਦਲੀ ਤੋਂ ਬਾਅਦ ਇੰਸਪੈਕਟਰ ਸੁਖਦੇਵ ਸਿੰਘ ਨੇ ਥਾਣਾ ਮਹਿਤਪੁਰ ਦਾ ਚਾਰਜ ਸੰਭਾਲਿਆ ਤੇ ਕਿਹਾ ਕਿ ਕਿਸੇ ਵੀ ਸ਼ਰਾਰਤੀ ਜਾਂ ਗੁੰਡਾ ਅਨਸਰ, ਨਸ਼ਾ ਸਮਗਲਰ ਆਦਿ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਨਸ਼ੇ ਦੇ ਪਸਾਰੇ ਜਾਲ ਨੂੰ ਮੁੱਢ ਤੋਂ ਖ਼ਤਮ ਕੀਤਾ ਜਾਵੇਗਾ। ਇਲਾਕਾ ਨਿਵਾਸੀਆਂ ਦਾ ਥਾਣੇ ਵਿੱਚ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ ਥਾਣੇ 'ਚ ਕਿਸੇ ਪ੍ਰਕਾਰ ਦੀ ਸੁਣਵਾਈ ਦੌਰਾਨ ਪ੍ਰੇਸ਼ਾਨੀ ਆਉਂਦੀ ਹੈ ਤਾਂ ਮੈਨੂੰ ਬੇਝਿਜਕ ਮਿਲ ਸਕਦੇ ਹਨ ਜਾਂ ਫੋਨ ਕਰ ਸਕਦੇ ਹਨ। ਇਲਾਕਾ ਨਿਵਾਸੀਆਂ ਦੀ ਸੇਵਾ ਲਈ ਪੁਲਸ ਹਰ ਵੇਲੇ ਹਾਜ਼ਰ ਹੈ।

## ਅੱਜ ਬਿਜਲੀ ਦੀ ਸਪਲਾਈ ਬੰਦ ਰਹੇਗੀ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** —ਨੂਰਮਹਿਲ ਪਾਵਰਕਾਮ ਦੇ ਅਧਿਕਾਰੀ ਬਲਵਿੰਦਰ ਸਿੰਘ ਐੱਸ. ਡੀ. ਓ ਤੇ ਜ਼ਿੰਦਰ ਸਿੰਘ ਜੇਈ ਨੇ ਦੱਸਿਆ ਕਿ ਸ਼ਨੀਵਾਰ ਨੂੰ ਨੂਰਮਹਿਲ 220 ਕੇ. ਵੀ. ਸਬ ਸਟੇਸ਼ਨ ਤੋਂ ਬਿਜਲੀ ਦੀ ਜ਼ਰੂਰੀ ਮੁਰੰਮਤ ਕਾਰਨ ਬਿਜਲੀ ਦੀ ਸਪਲਾਈ ਸਵੇਰੇ 10 ਤੋਂ ਸ਼ਾਮੀ 4 ਵਜੇ ਤੱਕ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ 220 ਕੇ. ਵੀ ਸਬ ਸਟੇਸ਼ਨ ਤੋਂ ਚਲਦੇ 11 ਕੇ. ਵੀ ਮੰਡੀ ਰੋਡ ਨੂਰਮਹਿਲ, ਕੋਟ ਬਾਦਲ ਖਾਂ, ਫੀਡਰ ਜੰਡਿਆਲਾ ਰੋਡ ਨੂਰਮਹਿਲ, ਦਿਵਿਆ ਜੋਤੀ ਅਤੇ ਯੂ. ਪੀ ਐੱਸ ਨੂੰਨੰਗ ਕਲਾਂ, ਢੰਡਾ, ਸਿੰਦੋਵਾਲ ਅਤੇ ਏ. ਪੀ ਚੀਮਾ, ਸਾਗਰਪੁਰ, ਹਰਦੋ ਸ਼ੇਖਾ ਰਾਮੇਵਾਲ, ਫਰਵਾਲਾ, ਭੰਗਾਲਾ, ਆਦੋਕਾਲੀ , ਨਿਹਾਲ ਗੋਰਸੀਆਂ, ਭੱਲੋਵਾਲ, ਸਿੱਧਮਾ, ਭੰਡਾਲ ਬੂਟਾ, ਰਾਮਪੁਰ, ਉੱਪਲ ਜਗੀਰ, ਸ਼ਮਸ਼ਾਬਾਦ, ਨੱਤਾ ਫੀਡਰ ਬੰਦ ਰਹਿਣਗੇ ਅਤੇ ਨਾਲ ਹੀ 220 ਕੇ. ਵੀ ਸਬ ਸਟੇਸ਼ਨ ਨੂਰਮਹਿਲ ਤੋਂ ਚਲਦੇ 66 ਕੇ. ਵੀ ਬਿਲਗਾ, ਸਮਰਾਏ, ਤਲਵਣ, ਸ਼ਮਸ਼ਾਬਾਦ, ਮਹਿਸਮਪੁਰ, ਬਾਗੀਵਾਲ ਤੋਂ ਚਰਹਿਣਗ 11ਕੇ. ਵੀ ਫੀਡਰ ਵੀ ਬੰਦ ਰਹਿਣਗੇ।

# ਡਾ. ਭੀਮ ਰਾਓ ਅੰਬੇਡਕਰ ਨੂੰ ਦਿੱਤੀ ਸ਼ਰਧਾਂਜਲੀ



**ਫਿਲੌਰ, (ਨਿਰਮਲ)**
ਦਲਿਤ ਸਮਾਜ ਦੇ ਮਸੀਹਾ ਅਤੇ ਮਹਾਨ ਦੇਸ਼ ਭਗਤ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀ ਨਿਰਵਾਣ ਦਿਹਾੜੇ ਨੂੰ ਸਮਰਪਿਤ ਸਮਾਗਮ ਫਿਲੌਰ ਵਿਖੇ ਮਨਾਇਆ ਗਿਆ। ਸ਼ਰਧਾਲੂਆਂ ਵਿੱਚੋਂ ਤਾਰਾ ਚੰਦ ਜੱਖੂ, ਸੋਹਣ ਲਾਲ ਗਾਦੜੇ, ਰਾਜ ਕੁਮਾਰ ਸੰਧੂ, ਮਨੋਜ ਕੁਮਾਰ, ਦਲਬੀਰ ਸਿੰਘ, ਚਮਨ ਲਾਲ, ਪਰਮਜੀਤ ਸਿੰਘ, ਹਰੀ ਸਿੰਘ, ਬਲਜੀਤ ਸਿੰਘ, ਸੰਦੀਪ ਕੁਮਾਰ ਅਤੇ ਜਤਿੰਦਰ ਕੁਮਾਰ ਆਦਿ ਨੇ ਡਾ. ਭੀਮ ਰਾਓ ਅੰਬੇਦਕਰ ਚੌਂਕ ਵਿਖੇ ਉਨ੍ਹਾਂ ਦੇ ਬੁੱਤ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ।ਸਮੂਹ ਆਗੂਆਂ ਨੇ ਸਮਾਜ ਨੂੰ ਅਪੀਲ ਕੀਤੀ ਕਿ ਕੌਮ ਦੇ ਇਸ ਮਹਾਨ ਮਸੀਹੇ ਨੂੰ ਹਮੇਸ਼ਾ ਯਾਦ ਰੱਖਣ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚਲਨਾ ਹੀ ਸੱਚੀ ਸ਼ਰਧਾਂਜਲੀ ਹੈ।ਇਸ ਮੌਕੇ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਫਿਲੌਰ ਦੇ ਆਗੂਆਂ ਸਮੇਤ ਕਈ ਪੈਰੋਕਾਰ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।ਇਸੇ ਤਰ੍ਹਾਂ ਪਿੰਡ ਨੰਗਲ ਵਿਖੇ ਵੀ ਡਾ: ਭੀਮ ਰਾਓ ਅੰਬੇਦਕਰ ਜੀ ਦਾ ਨਿਰਵਾਣ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਬਾਬਾ ਸਾਹਿਬ ਜੀ ਦੇ ਬੁੱਤ ਉੱਤੇ ਫੁੱਲ ਮਲਾਵਾਂ ਪਾ ਕੇ ਆਪਣੀ ਸ਼ਰਧਾ ਸੁਮਨ ਭੇਟ ਕੀਤੀ ਇਸ ਮੌਕੇ 'ਤੇ ਖੁਸ਼ੀ ਰਾਮ ਬਸਪਾ ਆਗੂ ਹਲਕਾ ਫਿਲੌਰ, ਅਮੀਰ ਚੰਦ ਪੰਚ, ਸੋਹਣ ਲਾਲ ਪੰਚ,ਪ੍ਰੇਮ ਲਾਲ ਪੰਚ, ਸੁਖਦੇਵ ਸੁੱਖਾ, ਮਨਜਿੰਦਰ ਮਾਣਾ,ਹੁਸਨ ਲਾਲ,ਰਾਜੂ ਅਹੋੜਾ,ਮਦਲ ਲਾਲ,ਕਰਮ ਚੰਦ, ਮਹਿੰਦਰ ਪਾਲ ਸਾਬਕਾ ਪੰਚ ਹਾਜ਼ਰ ਸਨ।

# ਜ਼ਿਲ੍ਹੇ 'ਚ ਯੋਗਾ ਸਿਖਲਾਈ ਡਿਪਲੋਮਾ ਕੋਰਸ ਦੀ ਸ਼ੁਰੂਆਤ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)**
ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਵੱਲੋਂ 'ਸੀ. ਐੱਮ ਦੀ ਯੋਗਸ਼ਾਲਾ' ਤਹਿਤ ਇਕ ਸਾਲ ਦਾ ਯੋਗਾ ਸਿਖਲਾਈ ਦਾ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਸੀ.ਐਮ ਦੀ ਯੋਗਸ਼ਾਲਾ ਪ੍ਰੋਜੈਕਟ ਦੇ ਜ਼ਿਲ੍ਹਾ ਕੋਆਰਡੀਨੇਟਰ ਮੈਡਮ ਕਿਰਨ ਬਾਲਾ ਨੇ ਦੱਸਿਆ ਕਿ ਇਸ ਸਬੰਧੀ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸੰਜੀਵ ਗੋਇਲ, ਨੋਡਲ ਅਫ਼ਸਰ ਡਾ. ਗਗਨ ਸਿੰਘ ਧਾਕੜ, ਪੰਜਾਬ ਦੇ ਯੋਗਾ ਵਿਭਾਗ ਦੇ ਸੀਨੀਅਰ ਸਲਾਹਕਾਰ ਅਮਰੇਸ਼ ਝਾਅ ਅਤੇ ਕਮਲੇਸ਼ ਮਿਸ਼ਰਾ, ਡਿਪਲੋਮਾ ਕੋਆਰਡੀਨੇਟਰ ਅਤੇ ਅਧਿਆਪਕਾਂ ਵੱਲੋਂ ਇਕ ਆਨਲਾਈਨ ਮੀਟਿੰਗ ਕੀਤੀ ਗਈ।ਇਸ ਦੌਰਾਨ ਡਾ. ਸੰਜੀਵ ਗੋਇਲ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਯੋਗਾ ਸਿਖਲਾਈ ਦੇ ਡਿਪਲੋਮਾ ਕੋਰਸ ਲਈ ਕੁੱਲ 100 ਸੀਟਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਯੋਗਾ ਸੈਟੇਲਾਈਟ ਸੈਂਟਰ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ, ਜੋ ਯੋਗਾ ਵਿਚ ਇਕ ਸਾਲ ਦਾ ਡਿਪਲੋਮਾ ਕੋਰਸ ਕਰਨਾ ਚਾਹੁੰਦਾ ਹੈ, ਉਹ ਇਸ ਕੋਰਸ ਵਿਚ ਦਾਖ਼ਲਾ ਲੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਾਉਣ ਲਈ ਨਿਵੇਕਲੀ ਪਹਿਲਕਦਮੀ ਸੀ.ਐੱਮ ਦੀ ਯੋਗਸ਼ਾਲਾ ਸ਼ੁਰੂ ਕੀਤੀ ਹੈ, ਜਿਸ ਦਾ ਮੰਤਵ ਯੋਗਾ ਰਾਹੀਂ ਲੋਕਾਂ ਨੂੰ ਬਿਮਾਰੀਆਂ ਤੋਂ ਬਚਾ ਕੇ ਹਸਪਤਾਲਾਂ ਵਿਚ ਭੀੜ ਘਟਾਉਣਾ ਹੈ। ਸੀਨੀਅਰ ਯੋਗਾ ਸਲਾਹਕਾਰ ਅਮਰੇਸ਼ ਝਾਅ ਅਤੇ ਕਮਲੇਸ਼ ਮਿਸ਼ਰਾ ਨੇ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਅਧੀਨ ਯੋਗ ਟਰੇਨਰ ਰੋਜ਼ਾਨਾ ਪੰਜਾਬ ਦੇ ਲੋਕਾਂ ਨੂੰ ਯੋਗ ਸਿਖਾ ਰਹੇ ਹਨ ਅਤੇ ਹਰੇਕ ਜ਼ਿਲ੍ਹੇ ਵਿਚ ਰੋਜ਼ਾਨਾ ਵੱਖ-ਵੱਖ ਥਾਵਾਂ 'ਤੇ ਯੋਗ ਕਲਾਸਾਂ ਚੱਲ ਰਹੀਆਂ ਹਨ। ਇਸ ਲਈ ਹੈਲਪਲਾਈਨ ਨੰਬਰ 76694-00500 ਵੀ ਸ਼ੁਰੂ ਕੀਤਾ ਗਿਆ ਹੈ, ਬੱਸ ਇਕ ਮਿਸ ਕਾਲ 'ਤੇ ਸਰਕਾਰ ਮੁਫ਼ਤ ਯੋਗਾ ਅਧਿਆਪਕ ਮੁਹੱਈਆ ਕਰਵਾਏਗੀ।ਇਸ ਆਨਲਾਈਨ ਮੀਟਿੰਗ ਵਿਚ ਜ਼ਿਲ੍ਹੇ ਦੇ ਯੋਗਾ ਟ੍ਰੇਨਰਾਂ ਤੋਂ ਇਲਾਵਾ ਨਵਾਂਸ਼ਹਿਰ ਤੇ ਆਲੇ-ਦੁਆਲੇ ਦੇ ਕਸਬਿਆਂ ਤੇ ਪਿੰਡਾਂ ਤੋਂ ਸਕੂਲੀ ਬੱਚਿਆਂ ਵੱਲੋਂ ਵੀ ਸ਼ਿਰਕਤ ਕੀਤੀ ਗਈ ਤੇ ਯੋਗਾ ਬਾਰੇ ਜਾਣਕਾਰੀ ਹਾਸਲ ਕੀਤੀ ਗਈ।




# ਨਸ਼ੀਲੇ ਪਦਾਰਥ ਸਮੇਤ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਥਾਣਾ ਹਰਿਆਣਾ ਪੁਲਸ ਨੂੰ ਨਸ਼ਾ ਤਸਕਰ ਪਾਸੋਂ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ ।ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਹਰਿਆਣਾ ਨੇ ਦੱਸਿਆ ਕਿ ਏ ਐਸ ਆਈ ਗੁਰਮਿੰਦਰ ਸਿੰਘ ਬਸੀ ਉਮਰ ਖਾਂ ਰੋਡ ਨਜਦੀਕ ਰੈਪ ਮੌਜੂਦ ਸੀ ਤਾਂ ਇਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਪਿਛੇ ਨੂੰ ਮੁੜਨ ਲੱਗਾ ਤਾਂ ਏ ਐਸ ਆਈ ਗੁਰਮਿੰਦਰ ਸਿੰਘ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਨਾਂਅ ਤੇ ਪਤਾ ਪੁੱਛਿਆ ਜਿਸਨੇ ਆਪਣਾ ਨਾਂਅ ਰਾਜਨ ਪੁੱਤਰ ਲੇਟ ਰਾਮ ਲਾਲ ਵਾਸੀ ਬਾਲਮੀਕ ਮੁਹੱਲਾ ਪਹਾੜੀ ਗੇਟ ਨੇੜੇ ਬਾਲਮੀਕ ਮੰਦਰ ਹਰਿਆਣਾ ਥਾਣਾ ਹਰਿਆਣਾ ਦੱਸਿਆ, ਜਿਸਦੀ ਤਲਾਸ਼ੀ ਕਰਨ 'ਤੇ 40 ਗਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ,ਉਸ ਵਿਰੁੱਧ ਥਾਣਾ ਹਰਿਆਣਾ ਵਿਖੇ ਪਰਚਾ ਦਰਜ ਕੀਤਾ ਗਿਆ ਹੈ।



# ਸੁਖਬੀਰ ਬਾਦਲ 'ਤੇ ਹਮਲਾ ਬੇਹੱਦ ਮੰਦਭਾਗਾ : ਰੈਤ



**ਫਿਲੌਰ (ਬੀ ਐੱਸ ਕੈਨੇਡੀ)**— ਉਘੇ ਅਕਾਲੀ ਆਗੂ ਅਤੇ ਬੀ ਸੀ ਸ਼ਹਿਰੀ ਪ੍ਰਧਾਨ ਗੁਰਮੀਤ ਸਿੰਘ ਰੈਤ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਪਰ ਹੋਏ ਹਮਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਹਮਲਾ ਗੁਰੂ ਘਰ ਦੇ ਪਹਿਰੇਦਾਰਾਂ 'ਤੇ ਹੋਇਆ ਹੈ ਜੋ ਬੇਹੱਦ ਮੰਦਭਾਗਾ ਤੇ ਨਿੰਦਣਯੋਗ ਹੈ ।ਉਨਾਂ ਕਿਹਾ ਕਿ ਇਸ ਘਟਨਾ ਨੇ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਦੀ ਵੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਗੁਰੂ ਘਰ ਅੰਦਰ ਹਮਲਾ ਕਰਨਾ ਬਹੁਤ ਹੀ ਮਾੜੀ ਗੱਲ ਹੈ।

# ਸਿਹਤਮੰਦ ਸਮਾਜ ਦੀ ਸਿਰਜਣਾ ਲਈ ਮਾਨਸਿਕ ਸਿਹਤ ਪ੍ਰਤੀ ਚੇਤੰਨ ਤੇ ਜਾਗਰੂਕ ਹੋਣਾ ਜ਼ਰੂਰੀ : ਡਾ. ਤਰਨਜੀਤ ਕੌਰ

**ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)**
'ਇੱਕ ਨਰੋਆ ਮਨ ਹੀ ਚੰਗੀ ਸਿਹਤ ਦਾ ਰਾਜ਼ ਹੈ। ਸਿਹਤਮੰਦ ਸਮਾਜ ਦੀ ਸਿਰਜਣਾ ਲਈ ਹਰ ਵਿਅਕਤੀ ਦਾ ਮਾਨਸਿਕ ਸਿਹਤ ਪ੍ਰਤੀ ਚੇਤੰਨ ਤੇ ਜਾਗਰੂਕ ਹੋਣਾ ਲਾਜ਼ਮੀ ਹੈ ਤੇ ਬਾਕੀ ਬੀਮਾਰੀਆਂ ਵਾਂਗ ਹਰ ਤਰ੍ਹਾਂ ਦੇ ਮਾਨਸਿਕ ਰੋਗ ਤੇ ਨਸ਼ੇ ਦੀ ਲਤ ਦਾ ਸਫ਼ਲ ਇਲਾਜ ਅਜੋਕੇ ਵਿਗਿਆਨਕ ਦੌਰ ਵਿੱਚ ਪੂਰੀ ਤਰ੍ਹਾਂ ਸੰਭਵ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਤਰਨਜੀਤ ਕੌਰ ਐੱਮ.ਡੀ. (ਮਾਨਸਿਕ ਰੋਗਾਂ ਦੇ ਮਾਹਿਰ) ਨੇ ਨਵੀਂ ਚੁਣੀ ਗਈ ਗ੍ਰਾਮ ਪੰਚਾਇਤ ਸ਼ਾਮਪੁਰ ਵਲੋਂ ਪੰਜਾਬ ਕਲਾ ਦਰਪਣ, ਸ਼ਾਮਪੁਰ (ਰਜਿ.) ਦੇ ਸਹਿਯੋਗ ਨਾਲ ਕਰਵਾਏ ਗਏ ਪਲੇਠੇ ਸਮਾਗਮ 'ਸਿਹਤਮੰਦ ਜੀਵਨ ਅਤੇ ਜਵਾਨੀ' ਵਿਸ਼ੇ 'ਤੇ ਆਯੋਜਿਤ ਸੈਮੀਨਾਰ ਦੌਰਾਨ ਕੀਤਾ। ਉਨ੍ਹਾਂ ਉਦਾਸੀ, ਦਿਮਾਗ਼ ਦੀ ਤੇਜ਼ੀ, ਮੇਨਿਆ, ਸਿਜ਼ੋਫਰੀਨੀਆ, ਵਹਿਮ-ਭਰਮ, ਨਸ਼ੇ, ਘਬਰਾਹਟ, ਚਿੰਤਾ, ਲੋੜ ਤੋਂ ਵੱਧ ਸੁਪਨੇ ਆਉਣੇ, ਫੋਬੀਆ ਆਦਿ ਮਾਨਸਿਕ ਰੋਗਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਇਨ੍ਹਾਂ ਦੇ ਲੱਛਣ, ਪ੍ਰਭਾਵ ਅਤੇ ਇਲਾਜ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਲੋਕ ਇਨ੍ਹਾਂ ਬੀਮਾਰੀਆਂ ਨੂੰ ਲੈ ਕੇ ਵਹਿਮ-ਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਜਦੋਂ ਕਿ ਇਸ ਦਾ ਇਲਾਜ ਮਨੋਰੋਗ ਮਾਹਿਰ ਡਾਕਟਰ ਤੇ ਮਨੋਵਿਗਿਆਨੀ ਕੋਲ ਕਰਵਾਉਣਾ ਚਾਹੀਦੀ ਹੈ ਤੇ ਸਰਕਾਰੀ ਹਸਪਤਾਲਾਂ ਵਿੱਚ ਇਹ ਸਹੂਲਤਾਂ ਉਪਲੱਬਧ ਹਨ। ਉਨ੍ਹਾਂ ਨਸ਼ਾ ਛਡਾਊ ਸੈਂਟਰਾਂ ਵਿੱਚ ਹੋ ਰਹੇ ਇਲਾਜ ਬਾਰੇ ਵੀ ਵਿਸਥਾਰ ਵਿੱਚ ਚਾਨਣਾ ਪਾਇਆ।
ਇਸ ਮੌਕੇ ਡੀ.ਡੀ.ਟੀ.ਸੀ. ਨੂਰਮਹਿਲ ਤੋਂ ਪੁਹੰਚੇ ਕੌਂਸਲਰ ਮਿਸਿਜ਼ ਹਰਸ਼ਾ ਨੇ ਮਾਨਸਿਕ ਰੋਗਾਂ ਤੋਂ ਬਚਣ ਲਈ ਬਹੁਤ ਸਾਰੇ ਨੁਕਤੇ ਸਾਂਝੇ ਕਰਦਿਆਂ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਬੇਹਤਰ ਤੇ ਖੁਸ਼ਹਾਲ ਜ਼ਿੰਦਗੀ ਵਿੱਚ ਪਰਤਣ ਲਈ ਸੁਝਾਅ ਦਿੱਤੇ ਤੇ ਨਾਲ ਹੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੱਖ-ਵੱਖ ਉਦਾਹਰਨਾਂ ਦੇ ਕੇ ਪ੍ਰੇਰਣਾ ਦਿੱਤੀ। ਉਨ੍ਹਾਂ ਔਰਤਾਂ ਨੂੰ ਵੀ ਸੁਚੇਤ ਕੀਤਾ ਕਿ ਉਹ ਮਾਨਸਿਕ ਰੋਗਾਂ ਦੇ ਲੱਛਣਾਂ ਪ੍ਰਤੀ ਸੁਚੇਤ ਰਹਿਣ ਤੇ ਅਜਿਹੀ ਸਥਿਤੀ ਵਿੱਚ ਬਿਨਾਂ ਝਿਜਕ ਡਾਕਟਰ ਨਾਲ ਰਾਬਤਾ ਬਣਾਉਣ।ਸੈਮੀਨਾਰ ਦੌਰਾਨ ਮੋਟੀਵੇਸ਼ਨਲ ਸਪੀਕਰ ਰਾਜੂ ਸੋਨੀ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਖ਼ੂਬਸੂਰਤ ਤੇ ਅਨੰਦਮਈ ਜੀਵਨ ਜਿਉਣ ਲਈ ਸਮਾਜ ਨਾਲ ਜੁੜ ਕੇ ਚਾਨਣ ਦੀਆਂ ਰਿਸ਼ਮਾਂ ਵਰਗਾ ਕੰਮ ਕਰਨਾ ਚਾਹੀਦਾ ਹੈ। ਕਿਉਂਕਿ ਤਜ਼ਰਬਾ ਦੱਸਦਾ ਹੈ ਕਿ ਨੌਜਵਾਨ ਜ਼ਿੰਦਗੀ ਨੂੰ ਬੇਹਤਰ ਤਰੀਕੇ ਨਾਲ ਜਿਉਣਾ ਚਾਹੁੰਦੇ ਹਨ ਪਰ ਕੁਝ ਸਮਾਜਿਕ ਹਾਲਤਾਂ ਕਰਕੇ ਨੌਜਵਾਨ ਸਹੀ ਦਸ਼ਾ ਤੇ ਦਿਸ਼ਾ ਤੋਂ ਭਟਕ ਜਾਂਦੇ ਹਨ। ਜਦ ਕਿ ਇਹ ਨੌਜਵਾਨ ਚੜ੍ਹਦੇ ਸੂਰਜ ਦੀ ਸੁਨਹਿਰੀ ਕਿਰਨਾਂ ਵਰਗੀ ਭੂਮਿਕਾ ਨਿਭਾ ਸਕਦੇ ਹਨ।ਥਾਣਾ ਬਿਲਗਾ ਦੇ ਮੁੱਖੀ ਸਬ ਇੰਸਪੈਕਟਰ ਰਾਕੇਸ਼ ਕੁਮਾਰ ਨੇ ਪਿੰਡ ਨਿਵਾਸੀਆਂ ਨੂੰ ਨਸ਼ਿਆਂ ਤੋਂ ਬਚਣ ਲਈ ਅਪੀਲ ਕੀਤੀ ਤੇ ਵਿਸ਼ਵਾਸ ਦੁਆਇਆ ਕਿ ਪੁਲਸ ਤੁਹਾਡੇ ਨਾਲ ਹੈ। ਉਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਅਪੀਲ ਕੀਤੀ ਉਹ ਪ੍ਰਸ਼ਾਸ਼ਨ ਦਾ ਸਹਿਯੋਗ ਲੈ ਕੇ ਮੁੱਖ ਧਾਰਾ ਵਿੱਚ ਪਰਤ ਸਕਦੇ ਹਨ ਤੇ ਆਪਣਾ ਕੰਮ-ਕਾਰ ਕਰਕੇ ਪਰਵਾਰ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰ ਸਕਦੇ ਹਨ।ਸਮਾਗਮ ਦੇ ਸ਼ੁਰੂ ਵਿੱਚ ਪਿੰਡ ਦੇ ਸਰਪੰਚ ਸ੍ਰੀਮਤੀ ਸੁਖਵਿੰਦਰ ਕੌਰ ਨੇ ਆਏ ਹੋਏ ਸਾਰੇ ਮਾਹਿਰ ਮਹਿਮਾਨਾਂ ਤੇ ਪਿੰਡ ਨਿਵਾਸੀਆਂ ਦਾ ਸਵਾਗਤ ਕੀਤਾ। ਉਪਰੰਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਸੰਜਨਾ, ਸਿਯੋਨ ਤੇ ਕਾਸ਼ਰੀਨ ਨੇ ਕਵਿਤਾਵਾਂ ਪੇਸ਼ ਕਰਕੇ ਸਭ ਦਾ ਮਨ ਮੋਹਿਆ। ਸੈਮੀਨਾਰ ਦੌਰਾਨ ਤਮਾਮ ਬੁਲਾਰਿਆਂ ਨੂੰ ਗ੍ਰਾਮ ਪੰਚਾਇਤ ਵਲੋਂ ਸਾਹਿਤਕ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸਭ ਦਾ ਧੰਨਵਾਦ ਪੰਚਾਇਤ ਸਕੱਤਰ ਛਿੰਦਰਪਾਲ ਸਿੰਘ ਨੇ ਬਹੁਤ ਹੀ ਭਾਵਪੂਰਤ ਸ਼ਬਦਾਂ ਨਾਲ ਕੀਤਾ। ਸਟੇਜ ਦਾ ਸੰਚਾਲਨ ਦਰਪਣ ਮੈਗਜ਼ੀਨ ਦੇ ਸੰਪਾਦਕ ਸੁਮਨ ਸ਼ਾਮਪੁਰੀ ਦੁਆਰਾ ਖ਼ੂਬਸੂਰਤ ਅੰਦਾਜ਼ ਵਿੱਚ ਕੀਤਾ ਗਿਆ। ਪ੍ਰੋਗਰਾਮ ਨੂੰ ਸਫ਼ਲ ਕਰਨ ਲਈ ਪੰਚਾਇਤ ਮੈਂਬਰਾਂ ਸਤਨਾਮ ਸਿੰਘ, ਗੋਬਿੰਦਾ ਮੱਲ, ਗੁਰਪ੍ਰੀਤ ਸਿੰਘ, ਗੁਰਬਖ਼ਸ਼ ਕੌਰ, ਕੁਲਜੀਤ ਕੌਰ, ਹੈੱਡ ਟੀਚਰ ਰਾਜੇਸ਼ ਜੋਸ਼ੀ, ਅਧਿਆਪਕਾ ਸੁਨੀਤਾ ਅਰੋੜਾ ਤੇ ਪਿੰਡ ਨਿਵਾਸੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ।




# ਹੈੱਡਮਾਸਟਰ ਦਿਆਲ ਸਿੰਘ ਗੋਸਲ ਨਹੀਂ ਰਹੇ



**ਮੁਹਾਲੀ (ਗੁਰਜੀਤ ਬਿੱਲਾ)**-ਪਿਛਲੇ ਦਿਨੀਂ ਹੈਡਮਾਸਟਰ ਦਿਆਲ ਸਿੰਘ ਗੋਸਲ, ਪਿੰਡ ਗੋਸਲਾਂ ਜ਼ਿਲ੍ਹਾ ਮੋਹਾਲੀ ਅਕਾਲ ਚਲਾਣਾ ਕਰ ਗਏ । ਇਨ੍ਹਾਂ ਦਾ ਜਨਮ 20 ਨਵੰਬਰ 1926 ਵਿੱਚ ਹੋਇਆ ।ਇਨ੍ਹਾਂ ਨੇ ਬੀ ਏ ਕਰਨ ਉਪਰੰਤ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ 1945 ਵਿੱਚ ਮੈਥੇਮੈਟਿਕਸ ਕੀਤੀ। ਇਨ੍ਹਾਂ ਨੇ ਆਪਣੀ ਸਰਕਾਰੀ ਸਰਵਿਸ ਬਤੌਰ ਟੀਚਰ ਗੌਰਮੈਂਟ ਸਕੂਲ ਫਰੀਦਕੋਟ ਵਿਖੇ ਸ਼ੁਰੂ ਕੀਤੀ, ਉਪਰੰਤ ਇਹ 10 ਸਾਲ ਸੀਨੀਅਰ ਸੈਕੰਡਰੀ ਸਕੂਲ ਖਿਦਰਾਵਾਦ ਵਿਖੇ ਬਤੌਰ ਹੈਡਮਾਸਟਰ ਰਹੇ ਅਤੇ ਸੀਨੀਅਰ ਸੈਕੰਡਰੀ ਸਕੂਲ ਕਿਸ਼ਨਪੁਰਾ ਰੋਪੜ ਤੋਂ 1985 ਵਿੱਚ ਬਤੌਰ ਪ੍ਰਿੰਸੀਪਲ ਰਿਟਾਇਰਡ ਹੋਏ। ਇਸ ਤੋਂ ਇਲਾਵਾ ਇਨ੍ਹਾਂ ਨੇ 1992 ਤੋਂ 1997 ਤੱਕ ਆਪਣੇ ਪਿੰਡ ਗੋਸਲਾਂ ਜ਼ਿਲ੍ਹਾ ਮੋਹਾਲੀ ਦੀ ਸਰਪੰਚੀ ਵੀ ਕੀਤੀ। ਹੈਡਮਾਸਟਰ ਸਾਹਿਬ ਨਾ ਸਿਰਫ ਇੱਕ ਸਿਰੜੀ ਅਧਿਆਪਕ ਸਨ ਬਲਕਿ ਇੱਕ ਵਚਨਬੱਧ ਟ੍ਰੇਡ ਯੂਨੀਅਨਿਸਟ ਅਤੇ ਪੱਕੇ ਮਾਰਕਸਵਾਦੀ ਸਨ। ਇਹ ਹਮੇਸ਼ਾ ਕਿਸਾਨੀ ਅੰਦੋਲਨ ਲਈ ਮੋਹਾਲੀ ਅਤੇ ਰੋਪੜ ਦੋਹਾਂ ਜ਼ਿਲ੍ਹਿਆਂ ਨੂੰ ਲਗਾਤਾਰ ਮਾਲੀ ਸਹਾਇਤਾ ਦਿੰਦੇ ਰਹੇ। ਇਨ੍ਹਾਂ ਦਾ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਰਿਹਾ। ਇਨ੍ਹਾਂ ਨੇ ਨਰਾਇਣਗੜ੍ਹ, ਖਿਦਰਾਵਾਦ ਅਤੇ ਕਿਸ਼ਨਪੁਰੇ ਸਕੂਲਾਂ ਵਿੱਚ ਕੰਮ ਕਰਦਿਆਂ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਸ਼ਾਨਦਾਰ ਬਿਲਡਿੰਗਾਂ ਦੀ ਉਸਾਰੀ ਵੀ ਕੀਤੀ। ਕੈਨੇਡਾ ਵਿਖੇ ਰਹਿੰਦਿਆਂ 1 ਦਸੰਬਰ 2024 ਨੂੰ ਲਗਭਗ 99 ਸਾਲ ਦੀ ਉਮਰ ਵਿੱਚ ਇਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।

# 10 ਨੂੰ ਮਨੁੱਖੀ ਅਧਿਕਾਰ ਦਿਵਸ ਮੌਕੇ ਕੀਤੀ ਜਾਵੇਗੀ ਵਿਚਾਰ-ਗੋਸ਼ਟੀ



**ਮਾਹਿਲਪੁਰ (ਸ.ਫਰੀ)** ਇੱਥੇ ਗਾਂਧੀ ਪਾਰਕ ਵਿੱਚ ਵੱਖ-ਵੱਖ ਜਨਤਕ ਜਥੇਬੰਦੀਆਂ ਦੀ ਇੱਕ ਸਾਂਝੀ ਮੀਟਿੰਗ ਡੀਟੀਐਫ ਦੇ ਸੂਬਾ ਸੰਯੁਕਤ ਮੁਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ 10 ਦਸੰਬਰ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਸੰਬੰਧੀ ਚਰਚਾ ਕੀਤੀ ਗਈ ।ਤਰਕਸ਼ੀਲ ਸੋਸਾਇਟੀ ਦੇ ਦੁਆਬਾ ਜੋਨ ਦੇ ਆਗੂ ਡਾਕਟਰ ਜੋਗਿੰਦਰ ਕੁੱਲੇਵਾਲ ਅਤੇ ਪੈਨਸ਼ਨਰ ਆਗੂ ਹੰਸ ਰਾਜ ਗੜ੍ਹਸ਼ੰਕਰ ਨੇ ਦੱਸਿਆ ਕਿ ਦੁਨੀਆਂ ਪੱਧਰ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਫਾਸ਼ੀਵਾਦ ਦੇ ਖਿਲਾਫ ਇਹ ਦਿਵਸ ਮਨਾਇਆ ਜਾ ਰਿਹਾ ਹੈ। ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਮਿਤੀ 10 ਦਸੰਬਰ ਨੂੰ ਗੜ੍ਹਸ਼ੰਕਰ ਵਿਖੇ ਇਸ ਵਿਸ਼ੇ ਤੇ ਵਿਚਾਰ ਗੋਸ਼ਟੀ ਕਰਨ ਉਪਰੰਤ ਸ਼ਹਿਰ ਵਿੱਚ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ ਗਿਆ । ਇਸ ਸਮੇਂ ਡੀਟੀਐਫ ਦੇ ਆਗੂ ਸੁਖਦੇਵ ਡਾਨਸੀਵਾਲ, ਬਲਕਾਰਸਿੰਘ ਮਘਾਣੀਆ, ਮਨਪ੍ਰੀਤ ਸਿੰਘ, ਜਰਨੈਲ ਸਿੰਘ, ਜਸਵਿੰਦਰ ਸਿੰਘ ਡੈਮੋਕ੍ਰੈਟਿਕ ਪੈਨਸ਼ਨਰ ਫਰੰਟ ਵਲੋ ਅਮਰਜੀਤ ਬੰਗੜ, ਸਤਪਾਲ ਕਲੇਰ, ਸਤਨਾਮ ਸਿੰਘ ਬੰਗੜ,ਤਰਕਸ਼ੀਲ ਸੋਸਾਇਟੀ ਵੱਲੋਂ ਗੁਰਨਾਮ ਸਿੰਘ, ਰਾਜਕੁਮਾਰ, ਜੀਵਨ ਜਾਗ੍ਰਿਤੀ ਮੰਚ ਵੱਲੋਂ ਪ੍ਰਿੰਸੀਪਲ ਡਾਕਟਰ ਬਿੱਕਰਸਿੰਘ, ਦੋਆਬਾ ਸਾਹਿਤ ਸਭਾ ਵੱਲੋਂ ਪਵਨ ਭੰਮੀਆਂ ਅਤੇ ਸੰਤੋਖਵੀਰ ਸਿੰਘ ਹਾਜ਼ਰ ਸਨ।

# ਬੰਗਾ ਵਿਖੇ ਡਾ: ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ



**ਬੰਗਾ (ਅਵਤਾਰ ਕਲੇਰ)**
ਭਾਰਤੀ ਸਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਬੰਗਾ ਵਿਖੇ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ।ਡਾ: ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵੱਲੋਂ ਆਪਣੇ ਸਾਥੀਆਂ ਸਮੇਤ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ।ਉਹਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾ: ਅੰਬੇਡਕਰ ਜੀ ਨੇ ਗਰੀਬੀ 'ਚੋਂ ਉੱਠ ਕੇ ਵੱਡੀ ਪੜ੍ਹਾਈ ਕੀਤੀ।ਉਹਨਾਂ ਦੀ ਰਹਿਨੁਮਾਈ ਹੇਠ ਭਾਰਤੀ ਸੰਵਿਧਾਨ ਦੀ ਰਚਨਾ ਹੋਈ ਅਤੇ ਅਜ਼ਾਦ ਭਾਰਤ ਦੇ ਪਹਿਲੇ ਕਨੂੰਨ ਮੰਤਰੀ ਬਣੇ।ਡਾ: ਅੰਬੇਡਕਰ ਨੇ ਸਾਰੀ ਉਮਰ ਦੱਬੇ ਕੁੱਚਲੇ ਲੋਕਾਂ ਦੇ ਲੇਖੇ ਲਾਈ। ਉਹਨਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈਏ।ਇਸ ਮੌਕੇ ਉਹਨਾਂ ਦੇ ਨਾਲ ਮੈਡਮ ਹਰਜੋਤ ਕੌਰ ਲੋਹਟੀਆ, ਸੋਹਣ ਲਾਲ ਢੰਡਾ, ਗੁਰਮੇਲ ਸਿੰਘ ਸਾਹਲੋਂ, ਨਰਿੰਦਰ ਰੱਤੂ ਐਮ.ਸੀ ਬੰਗਾ, ਸੁਰਿੰਦਰ ਐਮ.ਸੀ ਬੰਗਾ, ਸਾਬੀ ਐਮ.ਸੀ ਬੰਗਾ, ਮਨਜੀਤ ਕੁਮਾਰ ਐਮ ਸੀ, ਮਨਜੀਤ ਸਿੰਘ ਬੱਬਲ, ਅਮਰੀਕ ਸਿੰਘ ਸੋਨੀ, ਰਮਨ ਕੁਮਾਰ ਬੰਗਾ, ਪਵਨ ਕੁਮਾਰ ਗੁਣਾਚੌਰ ਬਲਾਕ, ਪ੍ਰਧਾਨ ਰਜਿੰਦਰ ਬਲਾਕ ਪ੍ਰਧਾਨ, ਗੁਰਿੰਦਰ ਸਿੰਘ ਬੰਸਲ, ਅਵਤਾਰ ਸਿੰਘ ਭੋਲਾ, ਗੁਰਿੰਦਰ ਸਿੰਘ ਸਰਪੰਚ ਹਪੋਵਾਲ, ਤਰਸੇਮ ਲਾਲ ਹੀਉਂ, ਡਾ ਜਸਪਾਲ ਮੇਹਲੀ, ਸਰਪੰਚ ਵਰਿੰਦਰ ਸਿੰਘ ਅਤੇ ਜਗਨਨਾਥ ਸਰਪੰਚ ਸੰਧਵਾਂ ਆਦਿ ਹਾਜ਼ਰ ਸਨ।

# ਸਮਾਜ ਸੇਵਕ ਰਜਿੰਦਰ ਘੇੜਾ ਸਮੇਤ ਦਰਜਨਾਂ ਪਰਵਾਰ 'ਆਪ' 'ਚ ਸ਼ਾਮਲ

**ਫਗਵਾੜਾ ( ਡਾ. ਰਮਨ)**
ਨਗਰ ਨਿਗਮ ਚੋਣਾਂ ਤੋਂ ਠੀਕ ਪਹਿਲਾਂ ਵਿਧਾਨ ਸਭਾ ਹਲਕਾ ਫਗਵਾੜਾ ਦੇ ਸਰਗਰਮ ਆਗੂਆਂ ਅਤੇ ਆਮ ਲੋਕਾਂ 'ਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਨੂੰ ਲੈ ਕੇ ਭਾਰੀ ਉਤਸ਼ਾਹ ਲਗਾਤਾਰ ਰੰਗ ਦਿਖਾ ਰਿਹਾ ਹੈ। ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੀ ਪ੍ਰੇਰਨਾ ਸਦਕਾ ਰੋਜਾਨਾ ਹੀ ਵੱਖ-ਵੱਖ ਪਾਰਟੀਆਂ ਦੇ ਵੱਡੇ ਚਿਹਰੇ ਅਤੇ ਆਮ ਪਾਰਟੀ ਵਰਕਰ ਆਪ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਇਸੇ ਲੜੀ ਤਹਿਤ ਵਾਰਡ ਨੰਬਰ 39 ਤੋਂ ਸਮਾਜ ਸੇਵਕ ਰਾਜਿੰਦਰ ਘੇੜਾ, ਉਹਨਾਂ ਦੀ ਪਤਨੀ ਰਾਜਵਿੰਦਰ ਕੌਰ ਘੇੜਾ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਨਗਰ, ਪ੍ਰੀਤ ਨਗਰ, ਰਾਮਪੁਰਾ ਅਤੇ ਬਸੰਤ ਨਗਰ ਦੇ ਦਰਜਨਾਂ ਪਰਵਾਰਾਂ ਨੇ ਆਪ ਪਾਰਟੀ ਵਿਚ ਸ਼ਾਮਲ ਦਾ ਐਲਾਨ ਕਰਦੇ ਹੋਏ ਆਪ ਪਾਰਟੀ ਨੂੰ ਭਾਰੀ ਮਜ਼ਬੂਤੀ ਦਿੱਤੀ ਹੈ। ਇਹਨਾਂ ਸਮੂਹ ਪਰਵਾਰਾਂ ਦਾ ਸਵਾਗਤ ਕਰਨ ਲਈ ਜੋਗਿੰਦਰ ਮਾਨ ਤੋਂ ਇਲਾਵਾ ਕਾਰਪੋਰੇਸ਼ਨ ਚੋਣਾਂ ਲਈ ਆਪ ਪਾਰਟੀ ਵਲੋਂ ਥਾਪੇ ਗਏ ਇੰਚਾਰਜ ਡਾ. ਰਾਜਕੁਮਾਰ ਚੱਬੇਵਾਲ ਅਤੇ ਸੂਬਾ ਸਪੋਕਸਪਰਸਨ ਹਰਨੂਰ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਆਪ ਆਗੂਆਂ ਨੇ ਸਮੂਹ ਪਰਵਾਰਾਂ ਨੂੰ ਪਾਰਟੀ ਵਿਚ ਜੀ ਆਇਆਂ ਆਖਿਆ ਅਤੇ ਬਣਦਾ ਮਾਣ ਸਤਿਕਾਰ ਦੁਆਉਣ ਦਾ ਭਰੋਸਾ ਦਿੱਤਾ। ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਦੀ ਢਾਈ ਸਾਲ ਦੀ ਕਾਰਗੁਜਾਰੀ ਨੇ ਪੂਰੇ ਪੰਜਾਬ ਨੂੰ ਆਪ ਪਾਰਟੀ ਦਾ ਮੁਰੀਦ ਬਣਾ ਦਿੱਤਾ ਹੈ ਅਤੇ ਹੁਣ ਨਗਰ ਨਿਗਮ ਚੋਣਾਂ ਸਿਰਫ ਇਕ ਖਾਨਾਪੂਰਤੀ ਸਾਬਿਤ ਹੋਣਗੀਆਂ। ਕਿਉਂਕਿ ਆਮ ਲੋਕਾਂ ਨੇ ਆਪਣਾ ਫੈਸਲਾ ਚੋਣਾਂ ਤੋਂ ਪਹਿਲਾਂ ਹੀ ਸੁਣਾ ਦਿੱਤਾ ਹੈ। ਰਾਜਿੰਦਰ ਘੇੜਾ ਨੇ ਵੀ ਭਗਵੰਤ ਮਾਨ ਸਰਕਾਰ ਦੀ ਕਾਰਗੁਜਾਰੀ ਅਤੇ ਆਪ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਦੀ ਖੁੱਲ ਕੇ ਤਾਰੀਫ ਕੀਤੀ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਰਾਜੂ ਦਰਵੇਸ਼ ਪਿੰਡ, ਹਰਮੇਸ਼ ਪਾਠਕ, ਗੁਰਦੀਪ ਸਿੰਘ ਦੀਪਾ, ਪ੍ਰਿਤਪਾਲ ਕੌਰ ਤੁਲੀ, ਗੁਰਦੀਪ ਸਿੰਘ ਤੁੱਲੀ ਕੋਆਰਡੀਨੇਟਰ ਵਪਾਰ ਵਿੰਗ, ਵਰੁਣ ਬੰਗੜ ਸਰਪੰਚ ਚੱਕ ਹਕੀਮ ਤੋਂ ਇਲਾਵਾ ਆਪ ਪਾਰਟੀ ਦਾ 'ਝਾੜੂ' ਫੜਨ ਵਾਲਿਆਂ 'ਚ ਭੁਪਿੰਦਰ ਸਿੰਘ, ਬਲਵੀਰ ਸਿੰਘ ਰੀਹਲ, ਮੱਲ ਸਾਬ ਐਕਸ.ਈ.ਐਨ., ਮਾਸਟਰ ਗਿਆਨ ਸਿੰਘ, ਹੁਕਮ ਸਿੰਘ ਭਨੋਟ, ਸਵਰਨ ਸਿੰਘ ਕਲਸੀ, ਬਲਬੀਰ ਸਿੰਘ ਪ੍ਰਧਾਨ, ਪੂਜਾ, ਨੰਦ ਕਿਸ਼ੋਰ ਦਸ਼ਮੇਸ਼ ਟੈਂਟ, ਨੀਲਮ, ਮਨਪ੍ਰੀਤ, ਰਜਨੀ, ਪਰਵੀਨ, ਕਮਲਜੀਤ, ਸੁਰਿੰਦਰ ਕੌਰ, ਪ੍ਰਭਜੋਤ, ਪਰਵੀਨ ਕੌਰ, ਨਰਿੰਦਰ ਕੌਰ, ਸੰਤੋਸ਼ ਕੁਮਾਰੀ ਆਦਿ ਹਾਜਰ ਸਨ।



# ਮੁੱਖ ਮੰਤਰੀ ਵੱਲੋਂ ਹੋਡਲ-ਨੂੰਹ-ਤਾਵੜੂ-ਬਿਲਾਸਪੁਰ ਮਾਰਗ ਤੋਂ 4 ਲੇਨ ਬਣਾਉਣ ਨੂੰ ਮੰਜ਼ੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**
ਹਰਿਆਣਾ ਸਰਕਾਰ ਨੇ 616 ਕਰੋੜ 01 ਲੱਖ ਰੁਪਏ ਦੀ ਅੰਦਾਜਾ ਲਾਗਤ ਨਾਲ ਪਲਵਲ, ਨੂੰਹ ਅਤੇ ਗੁਰੂਗ੍ਰਾਮ ਜ਼ਿਲ੍ਹਿਆਂ ਵਿਚ ਹੋਡਲ-ਨੂੰਹ-ਪਟੌਦੀ-ਪਟੌਦਾ ਮਾਰਗ ਨੂੰ 0.00 ਤੋਂ 71.00 ਕਿਲੋਮੀਟਰ ਤਕ ਯਾਨੀ ਹੋਡਲ-ਨੂੰਹ-ਤਾਵੜੂ-ਬਿਲਾਸਪੁਰ ਮਾਰਗ ਤੋਂ 4 ਲੇਨ ਬਨਾਉਣ ਨੂੰ ਮੰਜੂਰੀ ਪ੍ਰਦਾਨ ਕੀਤੀ ਹੈ।ਇਹ ਫੈਸਲਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਜਿਨ੍ਹਾਂ ਦੇ ਕੋਲ ਵਿੱਤ ਮੰਤਰੀ ਦਾ ਕਾਰਜਭਾਰ ਵੀ ਹੈ, ਦੀ ਅਗਵਾਈ ਹੇਠ ਪ੍ਰਬੰਧਿਤ ਸਥਾਈ ਵਿੱਤ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਵਿਚ ਪੀਡਬਲਯੂਡੀ (ਬੀਐਂਡਆਰ) ਮੰਤਰੀ ਰਣਬੀਰ ਗੰਗਵਾ ਸਮੇਤ ਵਿੱਤ ਵਿਭਾਗ, ਪੀਡਬਲਿਯੂਡੀ (ਬੀਐਂਡਆਰ), ਊਰਜਾ ਵਿਭਾਗ ਅਤੇ ਹਾਊਸਿੰਗ ਫਾਰ ਆਲ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਪਰਿਯੋਜਨਾ ਨਾਲ ਚਾਰ ਪ੍ਰਮੁੱਖ ਕੌਮੀ ਰਾਜਮਾਰਗਾਂ: ਦਿੱਲੀ-ਮਥੁਰਾ-ਆਗਰਾ (ਐਨਐਚ-19), ਦਿੱਲੀ ਮੁੰਬਈ ਐਕਸਪ੍ਰੈਸਵੇ (ਐਨਐਚ-4), ਗੁਰੂਗ੍ਰਾਮ-ਨੂੰਹ-ਰਾਜਸਤਾਨ (ਐਨਐਚ-248ਏ) ਅਤੇ ਦਿੱਲੀ-ਜੈਯਪੁਰ (ਐਨਐਚ-48) ਤੇ ਕਨੈਕਟੀਵਿਟੀ ਵਿਚ ਵਰਨਣਯੋਗ ਸੁਧਾਰ ਹੋਵੇਗਾ। ਪ੍ਰਸਤਾਵਿਤ ਅਪਗ੍ਰੇਡ ਨਾਲ ਇਸ ਮਾਰਗ 'ਤੇ ਸਥਿਤ ਕਈ ਪਿੰਡਾਂ ਨੂੰ ਵੀ ਲਾਭ ਹੋਵੇਗਾ, ਜਿਨ੍ਹਾਂ ਵਿਚ ਬਿਲਾਸਪੁਰ, ਪਥਰੇਰੀ, ਅਡਬਰ, ਬਾਵਲਾ, ਭਜਲਾਕਾ, ਬਿਵਾਨ, ਛਾਰਾੜਾ, ਫਤਿਹਪੁਰ, ਗੋਵਾਰਕਾ, ਗੁੜੀ, ਹਸਨਪੁਰ, ਜੈਸਸਿੰਘਪੁਰ, ਝਾਮੂਵਾਸ, ਕਾਲਿੰਜਰ, ਨੂਰਪੁਰ, ਪੱਲਾ, ਰਾਇਪੁਰੀ, ਸਤੁੀਤਿਆਕਾ, ਸਿਲਖੋ, ਸੋਖ, ਤੇਜਪੁਰ, ਉਜਿਨਾ, ਬਹਿਨ, ਭੀਮੀਸਕਾ, ਕੋਟ, ਮਲਾਈ, ਨਾਗਲਜਾਟ, ਸੌਦਹਦ, ਉਤਾਵਰ, ਸ਼ਹਿਰ-ਨੂੰਹ-ਹੋਂਡਲ, ਤਾਵੜੂ ਜਿਲ੍ਹਾ ਨੂੰਹ ਅਤੇ ਪਲਵਲ ਸ਼ਾਮਿਲ ਹਨ।ਮੀਟਿੰਗ ਵਿਚ ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ (ਬੀਐਂਡ ਆਰ) ਦੇ ਅਧਿਕਾਰੀਆਂ ਨੂੰ ਟੇਂਡਰ ਅਲਾਟ ਪ੍ਰਕ੍ਰਿਆ ਵਿਚ ਬਦਲਾਅ ਕਰਨ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਵਿਭਾਗ ਆਨਲਾਇਨ ਵਾਲੀ ਪ੍ਰਕ੍ਰਿਆ ਵਿਚ ਜਰੂਰੀ ਬਦਲਾਅ ਲਿਆਉਣ ਤਾਂ ਜੋ ਆਨਲਾਇਨ ਰਾਹੀਂ ਟੈਂਡਰ ਪ੍ਰਾਪਤ ਕਰਨ ਦੇ ਬਾਅਦ ਠੇਕੇਦਾਰਾਂ ਵੱਲੋਂ ਪਰਿਯੋਜਨਾ ਨੂੰ ਛੱਡ ਦੇਣ ਜਾਂ ਅਯੋਗ ਐਲਾਨ ਕੀਤੇ ਜਾਣ ਕਾਰਨ ਵਿਕਾਸ ਪਰਿਯੋਜਨਾਵਾਂ ਵਿਚ ਹੋਣ ਵਾਲੀ ਗੈਰ-ਜਰੂਰੀ ਦੇਰੀ ਨੂੰ ਦੂਰ ਕੀਤਾ ਜਾ ਸਕੇ।ਘਰੇਲੂ ਖਪਤਕਾਰਾਂ ਨੂੰ ਰਾਹਤ ਦੇਣ ਲਈ ਇਕ ਵਾਰ ਮਹਤੱਵਪੂਰਨ ਕਦਮ ਚੁੱਕੇ ਹੋਏ ਮੀਟਿੰਗ ਵਿਚ 2 ਕਿਲੋਵਾਟ ਤਕ ਦੇ ਮੰਜੂਰ ਭਾਰ ਅਤੇ 100 ਯੂਨਿਟ ਤੋਂ ਘੱਟ ਮੁੱਢਲੀ ਖਪਤ ਵਾਲੇ ਘਰਾਂ ਲਈ ਮਹੀਨਾ ਘੱਟੋ ਘੱਟ ਫੀਸ ਮਾਫ ਕਰਨ ਲਈ 274 ਕਰੋੜ ਰੁਪਏ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਇਸ ਫੈਸਲੇ ਨਾਲ ਪੂਰੇ ਸੂਬੇ ਵਿਚ ਲਗਭਗ 9.5 ਲੱਖ ਪਰਵਾਰਾਂ ਨੂੰ ਲਾਭ ਹੋਵੇਗਾ।

# ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਤੁਰੰਤ ਲਾਗੂ ਕਰੇ ਸਰਕਾਰ : ਸੈਣੀ, ਆਦੀਆ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**
ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸਰਪ੍ਰਸਤ ਕੁਲਵੰਤ ਸਿੰਘ ਸੈਣੀ ਅਤੇ ਸਫਾਈ ਕਰਮਚਾਰੀ ਯੂਨੀਅਨ ਦੇ ਮੀਤ ਪ੍ਰਧਾਨ ਸੋਮਨਾਥ ਆਦੀਆ ਦੀ ਅਗਵਾਈ ਵਿੱਚ ਯੂਨੀਅਨ ਦਾ ਇੱਕ ਵਫਦ ਕੈਬਨਟ ਮੰਤਰੀ ਡਾਕਟਰ ਰਵਜੋਤ ਸਿੰਘ ਨੂੰ ਮਿਲਿਆ ਤੇ ਮੰਗ ਪੱਤਰ ਦਿੱਤਾ। ਡਾਕਟਰ ਰਵਜੋਤ ਨਗਰ ਨਿਗਮ ਵਿੱਚ ਆਯੋਜਿਤ ਇਕ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸਨ। ਕੁਲਵੰਤ ਸੈਣੀ ਨੇ ਡਾਕਟਰ ਰਵਜੋਤ ਨੂੰ ਦੱਸਿਆ ਕਿ ਨਗਰ ਨਿਗਮ ਵਿੱਚ ਜੋ ਕਰਮਚਾਰੀ ਆਊਟਸੋਰਸ 'ਤੇ ਕੰਮ ਕਰ ਰਹੇ ਹਨ, ਉਹਨਾਂ ਦੀ ਤਨਖਾਹ ਵਧਾਉਣ ਦੇ ਲਈ ਸਾਲ ਵਿੱਚ 2 ਵਾਰ ਮਾਰਚ ਅਤੇ ਸਤੰਬਰ ਮਹੀਨੇ ਵਿੱਚ ਲੇਬਰ ਕਮਿਸ਼ਨਰ ਦੁਆਰਾ ਪੱਤਰ ਜਾਰੀ ਕੀਤੇ ਜਾਂਦੇ ਹਨ। ਜਿਸ ਦੇ ਤਹਿਤ 450 ਰੁਪਏ ਜਾਂ 418 ਪ੍ਰਤੀ ਸਾਲ ਵਾਧਾ ਕੀਤਾ ਜਾਣਾ ਬਣਦਾ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਹ ਵਾਧਾ ਪ੍ਰਤੀ ਸਾਲ 198/- ਰੁਪਏ ਰਹਿ ਗਿਆ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਮੰਗ ਪੱਤਰ ਵੀ ਦਿੱਤਾ ਗਿਆ। ਉਹਨਾਂ ਨੇ ਮੰਗ ਕੀਤੀ ਕਿ ਡੀਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਪੱਕੇ ਅਤੇ ਕੱਚੇ ਮੁਲਾਜ਼ਮਾਂ ਦੀ ਪਹਿਲੀ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਏ। ਕਰਮਚਾਰੀ ਪਿਛਲੇ ਲੰਮੇ ਸਮੇਂ ਤੋਂ ਨਿਗਮ ਦੀ ਕਾਰਜ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਦੇ ਲਈ ਮੁਲਾਜ਼ਮ ਦਿਨ ਰਾਤ ਕੰਮ ਕਰ ਰਹੇ ਹਨ ਅਤੇ ਪੂਰੀ ਮਿਹਨਤ ਨਾਲ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਅਤੇ ਹੋਰ ਸੇਵਾਵਾਂ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੇ ਹਨ। ਪਰ ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਡਾਕਟਰ ਰਵਜੋਤ ਨੇ ਉਹਨਾਂ ਨੂੰ ਵਿਸ਼ਵਾਸ ਦਿੱਤਾ ਕਿ ਉਹਨਾਂ ਦੀਆਂ ਮੰਗਾਂ ਨੂੰ ਸਰਕਾਰ ਦੇ ਸਨਮੁਖ ਰੱਖ ਕੇ ਉਹਨਾਂ ਦਾ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਮੌਕੇ 'ਤੇ ਵਿਕਰਮ, ਜੈ ਗੋਪਾਲ, ਹਰ ਬਿਲਾਸ, ਬਲਰਾਮ, ਅਸ਼ੋਕ, ਆਸੂ ਦੜੋਚ, ਦੇਵ ਕੁਮਾਰ, ਪ੍ਰਦੀਪ ਕੁਮਾਰ, ਕੈਲਾਸ਼ ਸਹਿਤ ਹੋਰ ਮੈਂਬਰ ਮੌਜੂਦ ਸਨ।



# ਖ਼ੂਨਦਾਨ ਕੈਂਪ 'ਚ 22 ਯੂਨਿਟ ਖ਼ੂਨ ਇਕੱਤਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**
ਐਚ. ਡੀ. ਐਫ. ਸੀ. ਬੈਂਕ ਦੀ ਬਰਾਂਚ ਕੋਟਫ਼ਤੂਹੀ ਦੇ ਮੈਨੇਜਰ ਪ੍ਰਵੀਨ ਕੁਮਾਰ ਤੇ ਸਮੂਹ ਬੈਂਕ ਸਟਾਫ਼ ਵੱਲੋਂ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ ਤੇ ਹਸਪਤਾਲ ਹੁਸ਼ਿਆਰਪੁਰ ਟੀਮ ਦੇ ਸਹਿਯੋਗ ਨਾਲ ਪਹਿਲਾ ਖ਼ੂਨਦਾਨ ਕੈਂਪ 6 ਦਸੰਬਰ ਨੂੰ ਲਗਾਇਆ ਗਿਆ । ਜਿਸ ਦਾ ਉਦਘਾਟਨ ਸੰਤ ਬਾਬਾ ਅਮਰੀਕ ਸਿੰਘ ਨੈਕੀ ਵਾਲਿਆਂ ਨੇ ਕੀਤਾ। ਇਸ ਮੌਕੇ ਐੱਸ. ਐਮ. ਓ. ਡਾ. ਜਵਿੰਦਰਵੰਤ ਸਿੰਘ ਬੈਂਸ, ਡਾ. ਦਰਬਾਰੀ ਲਾਲ, ਏ. ਐੱਸ. ਆਈ ਸੁਖਵਿੰਦਰ ਸਿੰਘ, ਡਿਪਟੀ ਮੈਨੇਜਰ ਮੋਨਿਕਾ ਸੋਹਲ, ਰਛਪਾਲ ਸਿੰਘ ਫਾਰਮਾਸਿਸਟ, ਸੰਦੀਪ ਸੈਂਡੀ, ਹਰਪ੍ਰੀਤ ਸਿੰਘ ਮਰਵਾਹਾ, ਜੋਗਾ ਸਿੰਘ ਦਾਤਾ, ਗੁਰਮੀਤ ਪਾਲ ਸਿੰਘ, ਸੁਨੇਲਾ ਜਸਪਾਲ, ਦੀਪਿਕਾ, ਵਰਿੰਦਰ ਸਿੰਘ, ਪੂਜਾ, ਹਰਸ਼ ਕੁਮਾਰ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਹਰਦੀਪ ਸਿੰਘ, ਉਂਕਾਰ ਸਿੰਘ, ਮਨਦੀਪ ਸਿੰਘ, ਜਸਪ੍ਰੀਤ ਸਿੰਘ, ਜ਼ੋਰਾਵਰ ਸਿੰਘ, ਅਵਤਾਰ ਸਿੰਘ, ਗੁਰਜੀਤ ਸਿੰਘ ਲੇਹਲ, ਕਿਰਨਜੀਤ ਸਿੰਘ, ਜਸਵੀਰ ਸਿੰਘ, ਹਰਦੀਪ ਸਿੰਘ ਸੰਦੀਪ ਸਿੰਘ ਆਦਿ ਹਾਜ਼ਰ ਸਨ ।ਇਸ ਕੈਂਪ ਵਿਚ 22 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।

# ਜਿੰਪਾ ਵਲੋਂ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਵਾਰਡ ਨੰਬਰ 37 ਦੀਆਂ ਗਲੀਆਂ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿਚ ਇਕ ਹੋਰ ਕਦਮ ਵਧਾਉਂਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ 15.9 ਲੱਖ ਰੁਪਏ ਦੀ ਲਾਗਤ ਨਾਲ ਇੰਟਰ ਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਢਾਂਚਾ ਅਤੇ ਪ੍ਰਾਥਮਿਕ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਦੇ ਹਰ ਕੋਨੇ ਵਿਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਰਹੀ ਹੈ। ਇਹ ਸਰਕਾਰ ਨਾ ਕੇਵਲ ਸ਼ਹਿਰੀ ਬਲਕਿ ਪੇਂਡੂ ਖੇਤਰਾਂ ਦੇ ਵਿਕਾਸ ਲਈ ਵੀ ਠੋਸ ਕਦਮ ਉਠਾ ਰਹੀ ਹੈ।ਉਨ੍ਹਾਂ ਕਿਹਾ ਕਿ ਵਾਰਡ ਨੰਬਰ 37 ਵਿਚ ਇੰਟਰ ਲਾਕਿੰਗ ਟਾਈਲਾਂ ਦਾ ਇਹ ਕੰਮ ਹਲਕਾ ਵਾਸੀਆਂ ਨੂੰ ਆਸਾਨ ਆਵਾਜਾਈ ਦੀਆਂ ਸੁਵਿਧਾ ਪ੍ਰਦਾਨ ਕਰੇਗਾ ਅਤੇ ਗਲੀਆਂ ਦੀ ਸੁੰਦਰਤਾ ਵਿਚ ਵੀ ਵਾਧਾ ਕਰੇਗਾ।ਵਿਧਾਇਕ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਵਿਕਾਸ ਕਾਰਜਾਂ ਨੂੰ ਸਫ਼ਲ ਬਣਾਉਣ ਵਿਚ ਸਹਿਯੋਗ ਦੇਣ ਅਤੇ ਜਨਤਕ ਜਾਇਦਾਦਾਂ ਦੀ ਸਾਂਭ-ਸੰਭਾਲ ਨੂੰ ਬਣਾਏ ਰੱਖਣ ਵਿਚ ਆਪਣੀ ਜ਼ਿੰਮੇਵਾਰੀ ਨਿਭਾਉਣ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਮੋਨਿਕਾ ਵਰਮਾ, ਅਜੇ ਵਰਮਾ, ਅਜੇ ਸੈਣੀ, ਸਾਬਕਾ ਕੌਂਸਲਰ ਸੁਦਰਸ਼ਨ ਧੀਰ, ਗੋਪਾਲ ਵਰਗਾ, ਮਨੂ, ਰੇਖਾ, ਰਚਨਾ, ਸੁਰਿੰਦਰ ਭੋਗਲ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਸੀ ਪੀ ਐਮ ਦੀ ਮੀਟਿੰਗ 'ਚ ਲਏ ਗਏ ਅਹਿਮ ਫੈਸਲੇ



**ਮਾਹਿਲਪੁਰ(ਸ.ਫ਼ਰੀ)**

ਇੱਥੇ ਸੀ ਪੀ ਆਈ ਐਮ ਤਹਿਸੀਲ ਕਮੇਟੀ ਗੜ੍ਹਸ਼ੰਕਰ ਦੀ ਜਨਰਲ ਬਾਡੀ ਮੀਟਿੰਗ ਸਾਥੀ ਸਤਨਾਮ ਸਿੰਘ ਢਿੱਲੋਂ ਭੱਜਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਸਕੱਤਰ ਗੁਰਨੇਕ ਸਿੰਘ ਭੱਜਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਆਉਣ ਐਕਸ਼ਨਾਂ ਅਤੇ ਪਿਛਲੇ ਕੀਤੇ ਕੰਮਾਂ ਬਾਰੇ ਵਿਸਥਾਰ ਪੂਰਵਕ ਦੱਸਦਿਆਂ ਕਿਹਾ ਕਿ 15 ਦਸੰਬਰ ਨੂੰ ਪਾਰਟੀ ਦੇ ਸਿਰਮੌਰ ਆਗੂ ਰਹੇ ਕਾਮਰੇਡ ਰਘੂਨਾਥ ਸਿੰਘ, ਜਿਹਨਾਂ ਦੀ ਬਰਸੀ ਉਹਨਾਂ ਦੇ ਜੱਦੀ ਪਿੰਡ ਵੀਨੇਵਾਲ ਵਿਖੇ ਮਨਾਈ ਜਾਵੇਗੀ ਉਸ ਵਿੱਚ ਵੱਧ ਚੜ ਕੇ ਹਿੱਸਾ ਲਿਆ ਜਾਵੇਗਾ। ਇਸ ਸਬੰਧ ਵਿੱਚ 7 ਦਸੰਬਰ ਨੂੰ ਬੀਤ ਵਿੱਚ ਮੀਟਿੰਗ ਕਰਕੇ ਤਿਆਰੀ ਕੀਤੀ ਜਾਵੇਗੀ। ਆਗੂਆਂ ਨੇ ਅੱਗੇ ਕਿਹਾ 1 ਜਨਵਰੀ ਨੂੰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਕਾਮਰੇਡ ਸੀਤਾ ਰਾਮ ਯੇਚੂਰੀ ਦੀ ਬਰਸੀ ਚੰਡੀਗੜ੍ਹ ਵਿਖੇ ਮਨਾਈ ਜਾ ਰਹੀ ਹੈ ਉਸ ਵਿੱਚ ਵੀ ਵੱਧ ਤੋਂ ਵੱਧ ਸਾਥੀ ਲਿਜਾਉਣ ਦਾ ਫੈਸਲਾ ਕੀਤਾ ਗਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ ਚੋਰੀਆ ਕਤਲ ਰੋਜ਼ਾਨਾ ਆਮ ਗੱਲ ਬਣ ਗਈ ਹੈ ਨਸ਼ਾ ਗੈਰ ਕਾਨੂੰਨੀ ਮਾਇਨਿੰਗ ਭ੍ਰਿਸ਼ਟਾਚਾਰ ਲਗਾਤਾਰ ਵੱਧ ਰਿਹਾ ਹੈ ਦੇ ਵਿਰੋਧ ਵਿੱਚ 20 ਦਸੰਬਰ ਨੂੰ ਡੀ ਐਸ ਪੀ ਦਫਤਰ ਅੱਗੇ ਧਰਨਾ ਲਾ ਕੇ ਪੰਜਾਬ ਦੇ ਗ੍ਰਹਿ ਮੰਤਰੀ ਨੂੰ ਮੰਗ ਪੱਤਰ ਭੇਜਿਆ ਜਾਵੇਗਾ। ਇਸ ਮੀਟਿੰਗ ਵਿੱਚ ਗੁਰਬਖਸ਼ ਕੌਰ ਨੀਲਮ ਬੱਡੋਆਣ ਬਲਦੇਵ ਸਤਨੌਰ ਪਰੇਮ ਰਾਣਾ ਪਰੇਮ ਸਿੰਘ ਪਰੇਮੀ ਮੋਹਣ ਲਾਲ ਵੀਨੇਵਾਲ ਹਰਭਜਨ ਅਟਵਾਲ ਕਸ਼ਮੀਰ ਭੱਜਲ ਜੋਗਿੰਦਰ ਕੌਰ ਬਿੰਦਰਪਾਲ ਸੁਖਵਿੰਦਰ ਕੌਰ ਮੁਕੰਦਪੁਰ ਜਗਦੀਸ਼ ਕੌਰ ਹਾਜ਼ਰ ਸਨ।

# ਸਰਿਆਲਾ ਮੂੰਡੀਆਂ ਵਿਖੇ ਉਦਾਸੀਨ ਗੁਰਮਤਿ ਸਮਾਗਮ ਭਲਕੇ

**ਅੱਡਾ ਸਰਾਂ (ਜਸਵੀਰ ਕਾਜਲ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਉਦਾਸੀਨ ਗੁਰਮਤਿ ਸਮਾਗਮ ਡੇਰਾ ਬਾਪੂ ਬਿਸ਼ਨ ਦਾਸ ਜੀ ਉਦਾਸੀਨ ਪਿੰਡ ਸਰਿਆਲਾ ਮੂੰਡੀਆਂ ਦੇ ਸੇਵਾਦਾਰ ਸੰਤ ਸੁਖਵਿੰਦਰ ਦਾਸ ਦੀ ਦੇਖ ਰੇਖ ਹੇਠ ਭਲਕੇ ਸ਼ਰਧਾਪੂਰਵਕ ਅਤੇ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ।ਸੰਤ ਸੁਖਵਿੰਦਰ ਦਾਸ ਅਤੇ ਸੇਵਾਦਾਰ ਪ੍ਰਬੰਧਕਾਂ ਨੇ ਦੱਸਿਆ ਕਿ 6 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋ ਚੁੱਕੇ ਹਨ, 8 ਦਸੰਬਰ ਨੂੰ ਭੋਗ ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ, ਰਾਗੀ ਢਾਡੀ ਗਿਆਨ ਕੁਲਬੰਤ ਸਿੰਘ ਦਿਲਬਰ ਢਾਡੀ ਜੱਥਾ , ਸੰਤ ਗਰਜੀਤ ਸਿੰਘ ਉਦਾਸੀਨ ਮੰਡੀ ਗੋਬਿੰਦਗੜ੍ਹ ਕੀਰਤਨੀ ਜੱਥਾ, ਭਾਈ ਸੰਦੀਪ ਸਿੰਘ ਕੂੰਟਾਂ ਵਾਲੇ ਕੀਰਤਨੀ ਜੱਥਾ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥੇ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਨਗੇ।ਇਸ ਮੌਕੇ ਬਾਬਾ ਤਜਿੰਦਰ ਸਿੰਘ ਲੁੱਦਾਂ, ਦਵਿੰਦਰ ਸਿੰਘ ਸਰਹਾਲਾ,ਬਲਦੀਪ ਸਿੰਘ ਝਾਂਵਾ, ਰਸ਼ਪਾਲ ਸਿੰਘ,ਗੁਰਦੇਵ ਸਿੰਘ,ਕਰਨਜੋਤ ਸਿੰਘ, ਹਰਪ੍ਰੀਤ ਸਿੰਘ ਨਿੱਕੂ, ਅਮਰੀਕ ਸਿੰਘ ਮੀਕਾ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਅਰਾਵਲੀ ਖੇਤਰ 'ਚ ਹਰੇ ਰੁਜਗਾਰ ਦੇ ਮੌਕੇ ਪੈਦਾ ਕਰਨ ਦੀ ਯੋਜਨਾ : ਰਾਓ ਨਰਬੀਰ ਸਿੰਘ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਜੰਗਲ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਵਾਤਾਵਰਣ ਸੰਤੁਲਨ ਨੂੰ ਵਧਾਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਿਸ਼ਨ ਲਾਇਵ ਵਾਤਾਵਰਣ ਲਈ ਜੀਵਨ ਸ਼ੈਲੀ 'ਤੇ 'ਇੱਕ ਪੇੜ ਮਾਂ ਦੇ ਨਾਂਅ' ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਲੋਕਾਂ ਨੂੰ ਵਾਤਾਵਰਣ ਨਾਲ ਜੋੜਨ ਦੀ ਪਹਿਲ ਸੁਆਗਤਯੋਗ ਹੈ। ਇਸ ਲੜੀ ਵਿੱਚ ਹਰਿਆਣਾ ਦੇ ਅਰਾਵਲੀ ਖੇਤਰ ਵਿੱਚ ਹਰਿਆਲੀ ਵਧਾਉਣ ਲਈ ਸਊਦੀ ਅਰੇਬਿਆ ਦੀ ਤਰਜ਼ 'ਤੇ ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਬਣਾਇਆ ਜਾਵੇਗਾ।ਸਊਦੀ ਅਰਬ ਦੇ ਪੰਜ ਦਿਨਾਂ ਦੇ ਦੌਰੇ ਤੋਂ ਬਾਅਦ ਜੰਗਲ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸਊਦੀ ਅਰਬ ਇੱਕ ਰੇਗਿਸਤਾਨੀ ਦੇਸ਼ ਹੈ ਪਰ ਉਥੇ ਹਰਿਤ ਪੱਟੀਆਂ ਵਿਕਸਿਤ ਕਰਕੇ ਹਰਿਆਲੀ ਨੂੰ ਬਹੁਤ ਦਿਲਖਿੱਚ ਢੰਗ ਨਾਲ ਵਧਾਇਆ ਗਿਆ ਹੈ। ਇਸ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੇ ਹਰਿਆਣਾ ਨੂੰ ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਉਨ੍ਹਾਂ ਨੇ ਕਿਹਾ ਕਿ ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਤਹਿਤ ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਦਿੱਲੀ ਸਮੇਤ 4 ਸੂਬਿਆਂ ਵਿੱਚ 1.15 ਮਿਲਿਅਨ ਹੈਕਟੇਅਰ ਤੋਂ ਵੱਧ ਜਮੀਨ ਦਾ ਸੁਧਾਰ ਬਹੁ-ਰਾਜ ਸਹਿਯੋਗ ਦਾ ਇੱਕ ਮਿਸਾਲੀ ਮਾਡਲ ਪ੍ਰਦਰਸ਼ਿਤ ਕਰਨਾ ਹੈ। ਜੰਗਲਾਂ ਦੀ ਸਵਦੇਸ਼ੀ ਕਿਸਮਾਂ ਨਾਲ ਵਨ ਰੋਪਣ, ਜੈਵ ਵਿਭਿੰਨਤਾ ਦੀ ਸੰਭਾਲ, ਮਿੱਟੀ ਦੀ ਸਿਹਤ ਵਿੱਚ ਸੁਧਾਰ ਅਤੇ ਜਮੀਨੀ ਪਾਣੀ ਨੂੰ ਵਧਾਉਣ 'ਤੇ ਧਿਆਨ ਕਰਨਾ ਵੀ ਹੈ।ਉਨ੍ਹਾਂ ਨੇ ਕਿਹਾ ਕਿ ਇਸ ਯੋਜਨਾ ਨਾਲ ਅਰਾਵਲੀ ਖੇਤਰ ਵਿੱਚ ਸਥਾਨਕ ਲੋਕਾਂ ਲਈ ਹਰਿਤ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਅਤੇ ਵਾਤਾਵਰਣ ਪੱਖੀ ਸਰੋਤ ਪ੍ਰਬੰਧਨ ਨੂੰ ਵਾਧਾ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਨੌਜਵਾਨ ਪੀੜ੍ਹੀ ਨੂੰ ਕੁਦਰਤ ਦੇ ਇਸ ਨੇਕ ਕਾਰਜ ਪ੍ਰਤੀ ਜਾਗਰੂਕ ਕਰਾਉਣ ਅਤੇ ਉਨ੍ਹਾਂ ਦੀ ਕਮਾਈ ਦੇ ਸਰੋਤ ਵਧਾਉਣ ਲਈ ਰਾਜ ਵਿੱਚ ਵਨ ਮਿੱਤਰ ਨਿਯੁਕਤ ਕੀਤੇ ਗਏ ਹਨ, ਜੋ ਸਥਾਨਕ ਲੋਕਾਂ ਨੂੰ ਵਣਾਂ ਨਾਲ ਜੋੜ ਰਹੇ ਹਨ।

# ਬਾਬਾ ਸਾਹਿਬ ਨੂੰ ਪਿੰਡ-ਪਿੰਡ ਸ਼ਰਧਾ ਦੇ ਫੁੱਲ ਭੇਟ ਕਰਨਗੇ ਬਸਪਾ ਵਰਕਰ : ਕਰੀਮਪੁਰੀ

**ਜਲੰਧਰ (ਸ਼ੈਲੀ ਐਲਬਰਟ)**

ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਬਸਪਾ ਵਰਕਰ ਪ੍ਰੀਨਿਰਵਾਣ ਦਿਵਸ ਦੇ ਮੌਕੇ 'ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸਾਰੇ ਵਰਕਰਾਂ ਨੂੰ ਪਿੰਡ-ਪਿੰਡ ਇਸ ਸਬੰਧੀ ਸ਼ਰਧਾਂਜਲੀ ਸਮਾਗਮ ਕਰਨ ਲਈ ਕਿਹਾ ਗਿਆ ਹੈ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਲੋਕਤੰਤਰਿਕ ਵਿਵਸਥਾ ਲਈ ਭਾਈਚਾਰੇ 'ਤੇ ਜ਼ੋਰ ਦਿੱਤਾ, ਜਿਸਦੀ ਅੱਜ ਵੀ ਬਹੁਤ ਲੋੜ ਹੈ ਇਸ ਤੋਂ ਇਲਾਵਾ ਉਨ੍ਹਾਂ ਨੇ ਨਵੇਂ ਭਾਰਤ ਦੇ ਨਿਰਮਾਣ ਲਈ ਵੀ ਵਿਚਾਰ ਦਿੱਤੇ ਹਨ । ਜਿਸ 'ਤੇ ਸਾਰਿਆਂ ਨੂੰ ਚੱਲਣ ਦੀ ਲੋੜ ਹੈ।। ਬਸਪਾ ਸੂਬਾ ਇੰਚਾਰਜ ਵਿਪੁਲ ਕੁਮਾਰ ਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਸਬੰਧੀ ਇਹ ਵਿਚਾਰ ਪਾਰਟੀ ਕੇਡਰ ਸਾਹਮਣੇ ਰੱਖੇ ਤੇ ਸਾਰੇ ਜ਼ਿਲ੍ਹਿਆਂ ਦੇ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਵੀ ਕੀਤੀ । ਇਸ ਤੋਂ ਇਲਾਵਾ ਉਨ੍ਹਾਂ ਨੇ ਸਾਰੇ ਆਗੂਆਂ ਨੂੰ ਕਿਹਾ ਕਿ ਉਹ ਪਿੰਡ-ਪਿੰਡ ਵਿੱਚ ਬਸਪਾ ਦੇ ਸੰਗਠਨ ਦਾ ਨਿਰਮਾਣ



ਕਰਨ, ਤਾਂ ਕਿ ਪਾਰਟੀ ਪੰਜਾਬ ਭਰ ਵਿੱਚ ਤਗੜੀ ਹੋ ਕੇ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਲੜਾਈ ਲੜ ਸਕੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਉਣ ਵਾਲੀਆਂ ਨਗਰ ਨਿਗਮ ਦੀਆਂ ਚੋਣਾਂ ਵਿੱਚ ਵੀ ਪਾਰਟੀ ਮਜ਼ਬੂਤੀ ਨਾਲ ਹਿੱਸਾ ਲਵੇਗੀ । ਇਸ ਮੌਕੇ ਬਸਪਾ ਦੇ ਸੂਬਾ ਉਪਪ੍ਰਧਾਨ ਅਜੀਤ ਸਿੰਘ ਭੈਣੀ ਤੇ ਹੋਰ ਆਗੂ ਵੀ ਮੌਜੂਦ ਸਨ।

# ਲੇਲੇਵਾਲੇ ਦੇ ਕਿਸਾਨਾਂ 'ਤੇ ਲਾਠੀਚਾਰਜ ਤੇ ਧਰਨਾ ਖਦੇੜਨਾ ਸਰਾਸਰ ਜਾਬਰ ਕਦਮ : ਜਮਹੂਰੀ ਅਧਿਕਾਰ ਸਭਾ ਪੰਜਾਬ

**ਜਲੰਧਰ, (ਕੇਸਰ)**

ਬਠਿੰਡਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਪਿੰਡ ਲੇਲੇਵਾਲਾ ਦੇ ਮੁਆਵਜੇ ਦੀ ਮੰਗ ਲਈ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਲਾਏ ਧਰਨੇ ਨੂੰ ਜਬਰੀ ਖਦੇੜਨ, ਕਿਸਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਵਹੀਕਲ ਕਬਜੇ ਵਿੱਚ ਲੈਣ ਦੀ ਨਿਖੇਦੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋ ਜਗਮੋਹਨ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਕਾਨੂੰਨ ਮੁਤਾਬਕ ਮੁਆਵਜੇ ਦੇਣ ਦੀ ਬਜਾਏ ਉਨ੍ਹਾਂ ਦੇ ਵਿਰੋਧ ਨੂੰ ਤਾਕਤ ਦੇ ਬਲ ਕੁਚਲਣ ਉਪਰ ਉਤਾਰੂ ਹੋ ਰਹੀ ਹੈ। ਕਿਸਾਨਾਂ ਦੀ ਹਮਾਇਤ ਵਿੱਚ ਪੁੱਜ ਰਹੇ ਦੂਸਰੇ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਰਾਹਾਂ ਵਿੱਚ ਰੋਕਿਆ ਜਾ ਰਿਹਾ ਹੈ ਅਤੇ ਖਬਰਾਂ ਆ ਰਹੀਆਂ ਹਨ ਕਿ ਪੁਲਸ ਆਪ ਹੀ ਵਹੀਕਲ ਭੰਨ ਰਹੀ ਹੈ। ਪਹਿਲਾਂ ਜ਼ਿਲ੍ਹਾ ਮਲੇਰਕੋਟਲਾ ਅਤੇ ਉਸਤੋਂ ਬਾਅਦ ਬਠਿੰਡਾ ਵਿਚ ਦੁਨੇਵਾਲਾ ਵਿੱਚ ਵੀ ਜਬਰ ਕੀਤਾ ਗਿਆ ਜਿਸ ਵਿੱਚ ਪੁਲਸ ਵੱਲੋਂ ਕਿਸਾਨਾਂ ਦੇ ਰੋਸ ਅੱਗੇ ਝੁਕਦਿਆਂ ਕੰਮ ਬੰਦ ਕਰਕੇ ਗੱਲਬਾਤ ਦਾ ਰਾਹ ਅਖਤਿਆਰ ਕੀਤਾ ਸੀ। ਸਰਕਾਰ ਕਿਸਾ ਇਕਰਾਰ ਪਾਲਸੀ ਦੇ ਮਨਮਰਜੀ ਦੇ ਸਿਰਫ ਮੁਆਵਜਾ ਮੜ੍ਹ ਕੇ ਧੱਕੇ ਨਾਲ ਜਮੀਨਾਂ ਉੱਤੇ ਕਬਜਾ ਕਰ ਰਹੀ ਹੈ। ਨਿਆਂਈਂ ਮੁਆਵਜਿਆਂ ਦਾ ਹੱਕ ਅਤੇ ਜਮੀਨ ਅਧਿਗ੍ਰਹਿਣ, ਮੁੜ-ਵਸੇਬਾ, ਅਤੇ ਮੁੜ-ਬੰਦੋਬਸਤ ਐਕਟ 2013 ਮੁਤਾਬਕ ਮੁਆਵਜੇ ਦੇਣ ਦੀ ਥਾਂ ਬਸਤੀਵਾਦੀ ਕਾਨੂੰਨ ਲੈਂਡ ਐਕੁਜ਼ੀਸ਼ਨ ਐਕਟ 1894 ਦੇ ਦਾਇਰੇ 'ਚ ਮੁਆਵਜ ਦਿੱਤੇ ਜਾ ਰਹੇ ਹਨ। ਮੁਆਵਜੇ ਤੈਅ ਕਰਨ ਵਾਸਤੇ ਛਾਂਟ ਰਿਪੋਰਟਾਂ ਵਿਚ ਮਹਿੰਗੀਆਂ ਰਜਿਸਟਰੀਆਂ ਨੂੰ ਮਨਮਰਜੀ ਦੇ ਪੈਮਾਨੇ ਅਨੁਸਾਰ ਛੱਡ ਦਿੱਤਾ ਜਾਂਦਾ ਹੈ। ਕੁਲੈਕਟਰ ਰੇਟਾਂ ਨੂੰ ਅਧਾਰ ਬਣਾਇਆ ਜਾਂਦਾ ਹੈ ਜੋ ਮਾਰਕੀਟ ਰੇਟ ਨੂੰ ਨਹੀਂ ਦਰਸਾਉਂਦੇ। ਜਮੀਨਾਂ ਅਧਿਗ੍ਰਹਿਣ ਦੌਰਾਨ ਸੀਮਾਂਤ, ਦਰਮਿਆਨੇ ਕਿਸਾਨਾਂ ਦੀ ਉਪਜੀਵਕਾ ਦੇ ਉਜਾੜੇ ਦੇ ਪੈਮਾਨੇ ਨੂੰ ਦਰਕਿਨਾਰ ਕੀਤਾ ਗਿਆ ਹੈ। ਸੀਐਲਯੂ ਦਾ ਬਹਾਨਾ ਬਣਾ ਕੇ ਕਿਸਾਨਾਂ ਦੀਆਂ ਰਿਹਾਇਸ਼ਾਂ ਅਤੇ ਕਾਰੋਬਾਰੀ ਇਮਾਰਤਾਂ ਨੂੰ ਵੀ ਖੇਤੀ ਜਮੀਨਾਂ ਦੀ ਦਰ 'ਤੇ ਮੁਆਵਜਾ ਦਿੱਤਾ ਜਾ ਰਿਹਾ ਹੈ। ਜਮੀਨ ਅਧਿਗ੍ਰਹਿਣ ਕਾਰਣ ਜਮੀਨ ਦੋਫਾੜ ਹੋ ਜਾਣ, ਪਹੀ ਖਾਲ ਬੰਦ ਹੋ ਜਾਣ ਵਾਸਤੇ ਵਿਸ਼ੇਸ਼ ਮੁਆਵਜੇ ਨਹੀਂ ਦਿੱਤੇ ਜਾ ਰਹੇ। ਪਹੀਆਂ ਖਾਲਾਂ ਵਾਸਤੇ ਵਿਸ਼ੇਸ਼ ਅੰਡਰ ਬ੍ਰਿਜ ਨਹੀਂ ਛੱਡੇ ਜਾ ਰਹੇ। ਜਮੀਨ ਅਧਿਗ੍ਰਹਿਣ ਦੇ ਵਾਤਾਵਰਣੀ, ਗੈਰ-ਮਾਲਕ ਆਮ ਲੋਕਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਕਾਨੂੰਨ ਅਨੁਸਾਰ ਲੋਕਾਂ ਦੀ ਹਕੀਕੀ ਸ਼ਮੂਲੀਅਤ ਕਰਵਾਕੇ ਅਸੈਸਮੈਂਟ ਰਿਪੋਰਟਾਂ ਨਹੀਂ ਬਣਾਈਆਂ ਜਾ ਰਹੀਆਂ। ਨਿਆਂਈਂ ਮੁਆਵਜੇ ਦੇ ਹੱਕ ਅਤੇ ਜਮੀਨ ਅਧਿਗ੍ਰਹਿਣ, ਮੁੜ-ਵਸੇਬਾ, ਅਤੇ ਮੁੜ-ਬੰਦੋਬਸਤ ਐਕਟ 2013 ਵਿਚ ਪੇਂਡੂ ਖੇਤਰਾਂ ਲਈ ਮੁਆਵਜੇ ਦੀ ਗਣਨਾ ਵਾਸਤੇ ਦੋ ਦੇ ਗੁਣਾਂਕ ਨੂੰ ਅਧਾਰ ਬਣਾਉਣ ਦਾ ਮਕਸਦ ਬਿਆਨ ਕੀਤਾ ਗਿਆ ਹੈ ਅਤੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਮੁਤਾਬਕ ਦੋ ਦਾ ਗੁਣਾਂਕ ਦਿੱਤਾ ਜਾਣਾ ਬਣਦਾ ਹੈ ਪਰ ਪੰਜਾਬ ਅੰਦਰ ਮਿਉਂਸਿਪਲ ਕਮੇਟੀਆਂ ਤੋਂ ਦੂਰੀ ਦਾ ਮਨਮਰਜੀ ਦਾ ਪੈਮਾਨਾ ਬਣਾ ਕੇ 1.5 ਦਾ ਗੁਣਾਂਕ ਦਿੱਤਾ ਜਾ ਰਿਹਾ ਹੈ। ਨੋਟੀਫਿਕੇਸ਼ਨ 'ਤੇ ਅਦਾਲਤ ਜਾਣੀ ਹੋਣ ਤੱਕ ਵਿਕਾਸ ਪਰਵਾਜੇ ਕਰਕੇ, ਕਿਸਾਨਾਂ ਨੂੰ ਪੇਮੈਂਟ 'ਚ ਰੁੱਈ ਵਧ੍ਰਿਆਂ ਬੱਧੀ ਦੀ ਦੇਰੀ ਦੇ ਵਿਆਜ ਤੋਂ ਮਹਿਰੂਮ ਕੀਤਾ ਜਾ ਰਿਹਾ ਹੈ। ਮੁਆਵਜੇ ਵਧਾਉਣ ਲਈ ਮਾਲ ਅਫਸਰਾਂ ਨੂੰ ਸਾਲਸੀ ਅਦਾਲਤਾਂ ਦੀਆਂ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਸਰਕਾਰ ਦੇ ਪ੍ਰਭਾਵ ਅਧੀਨ ਹੀ ਕੰਮ ਕਰ ਰਹੇ ਹਨ। ਸਰਕਾਰੀ ਏਜੰਸੀਆਂ ਮੁਆਵਜੇ ਤੈਅ ਕਰਨ ਵਾਸਤੇ ਧਾਰਾ ਦੀ ਚਾਰਜਸੀ ਕਰਨ ਵਾਲੇ ਹਰ ਕੇਸ ਨੂੰ ਹਾਈਕੋਰਟਾਂ ਤੱਕ ਘੜੀਸ ਕੇ ਕਿਸਾਨਾਂ ਨੂੰ ਹੰਭਾਉਣ ਦੀ ਨੀਤੀ 'ਤੇ ਚੱਲ ਰਹੀਆਂ ਹਨ। ਕਿਸਾਨਾਂ ਦੇ ਜਾਇਜ ਰੋਸ ਨੂੰ ਸੁਣਨ ਦੀ ਬਜਾਏ ਕਿਸਾਨਾਂ ਨੂੰ ਵਿਕਾਸ ਦਾ ਵਿਰੋਧੀ ਦਰਸਾਉਣ ਦਾ ਝੂਠਾ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ। ਰੋਸ ਪ੍ਰਗਟਾਉਂਦੇ ਕਿਸਾਨਾਂ ਨੂੰ ਥਾਂ-ਥਾਂ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਸਭਾ ਪ੍ਰਸ਼ਾਸਨ ਨੂੰ ਜਬਰ ਦੇ ਆਪਣਾਏ ਰਾਹ ਨੂੰ ਤਿਆਗ ਕੇ ਕਿਸਾਨਾਂ ਨਾਲ ਗੱਲਬਾਤ ਕਰਨ ਅਤੇ ਢੁਕਵੇਂ ਤੇ ਤਰਕਸੰਗਤ ਮੁਆਵਜੇ ਤੈਅ ਕਰਨ ਦੇ ਰਸਤਾ ਅਪਣਾਉਣ ਦੀ ਮੰਗ ਕਰਦੀ ਹੈ।

# ਹਥਿਆਰਬੰਦ ਸੈਨਾਵਾਂ ਦਾ ਹਮੇਸ਼ਾ ਰਿਣੀ ਰਹੇਗਾ ਦੇਸ਼ : ਕੋਮਲ ਮਿੱਤਲ

**ਹੁਸ਼ਿਆਰਪੁਰ,(ਓਮ ਪ੍ਰਕਾਸ਼ ਰਾਣਾ )**

ਹਥਿਆਰਬੰਦ ਸੈਨਾ ਝੰਡਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਅਤੇ ਮਜ਼ਬੂਤ ਰੱਖਣ ਲਈ ਪੂਰਾ ਇਨ੍ਹਾਂ ਸੈਨਾਵਾਂ ਦਾ ਹਮੇਸ਼ਾ ਰਿਣੀ ਰਹੇਗਾ ਜੋ ਕਿ ਦੇਸ਼ ਵਾਸੀਆਂ ਦੀ ਰੱਖਿਆ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦੀਆਂ ਹਨ।ਹਥਿਆਰਬੰਦ ਸੈਨਾ ਝੰਡਾ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਝੰਡਾ ਦਿਵਸ ਪ੍ਰਤੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਅਤੇ ਸਿੱਖਿਅਤ ਕਰਨ ਅਤੇ ਝੰਡੇ ਦੇ ਸਨਮਾਨ ਵਿਚ ਵਿੱਤੀ ਅੰਸ਼ਦਾਨ ਇਕੱਠਾ ਕਰਨ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਟੈਕਨਾਲੋਜੀ ਦੇ ਵਿਦਿਆਰਥੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਦੱਸਿਆ ਕਿ 7 ਦਸੰਬਰ ਨੂੰ ਪੂਰੇ ਦੇਸ਼ ਵਿਚ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਜਾਂਦਾ ਹੈ ਪਰ 6 ਅਤੇ 7 ਦਸੰਬਰ ਨੂੰ ਸਰਕਾਰੀ ਛੁੱਟੀ ਹੋਣ ਕਾਰਨ ਇਸ ਵਾਰ ਝੰਡਾ ਦਿਵਸ 5 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਬਹਾਦਰ ਸੈਨਿਕਾਂ 'ਤੇ ਮਾਣ ਹੋਣਾ ਚਾਹੀਦਾ ਹੈ ਜੋ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਨਿਵਾਸੀ ਹੋਣ ਦੇ ਨਾਲ-ਨਾਲ ਵੱਖ-ਵੱਖ ਭਾਸ਼ਾਵਾਂ ਬੋਲਦ ਦੇ ਬਾਵਜੂਦ ਇਕੱਠੇ ਹੋ ਕੇ ਦੇਸ਼ ਦੀ ਰੱਖਿਆ ਲਈ ਮਰ ਮਿਟਣ ਨੂੰ ਤਿਅਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਦਿਨ ਸਾਰੇ ਸੁਰੱਖਿਆ ਸੈਨਿਕਾਂ ਨਾਲ ਆਪਣੀ ਸਾਂਝ ਦਾ ਪ੍ਰਗਟਾਵਾਂ ਕਰਦੇ ਹਾਂ ਅਤੇ ਆਪਣੇ ਕਾਲਰ 'ਤੇ ਝੰਡੇ ਦਾ ਪ੍ਰਤੀਕ ਲਾ ਕੇ ਉਨ੍ਹਾਂ ਪ੍ਰਤੀ ਆਪਣਾ ਸਤਿਕਾਰ ਪੇਸ਼ ਕਰਦੇ ਹਾਂ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਝੰਡਾ ਦਿਵਸ ਫੰਡ ਲਈ ਦਿਲ ਖੋਲ੍ਹ ਕੇ ਆਰਥਿਕ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਜ਼ਰੂਰਤ ਦੇ ਸਮੇਂ ਫੌਜੀਆਂ, ਸਾਬਕਾ ਫੌਜੀਆਂ, ਵੀਰ ਨਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਵੱਧ ਤੋਂ ਵੱਧ ਆਰਥਿਕ ਮਦਦ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡੇ ਲਈ ਮਾਣ ਦਾ ਵਿਸ਼ਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹਾ ਪੂਰੇ ਦੇਸ਼ ਵਿਚ ਕੁਰਬਾਨੀਆਂ ਦੇਣ ਵਿਚ ਮੋਹਰੀ ਹੈ।ਇਸ ਮੌਕੇ ਸੈਨਿਕ ਸੇਵਾਵਾ ਭਲਾਈ ਅਫ਼ਸਰ ਵਿੰਗ ਕਮਾਂਡਰ (ਰਿਟਾ:) ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਕੱਠੀ ਕੀਤੀ ਗਈ ਰਾਸ਼ੀ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਭਲਾਈ ਸਕੀਮਾਂ ਅਤੇ ਸੇਵਾ ਕਰ ਰਹੇ ਸੈਨਿਕਾਂ, ਉਨ੍ਹਾਂ ਦੀਆਂ ਵਿਧਵਾਵਾਂ, ਦਿਵਿਆਂਗ ਸੈਨਿਕਾਂ ਲਈ ਖਰਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦੇ ਨੋਟੀਫਿਕੇਸ਼ਨ ਦੇ ਮੁਤਾਬਿਕ ਹਥਿਆਰਬੰਦ ਸੈਨਾ ਝੰਡਾ ਦਿਵਸ ਲਈ ਦਾਨ ਕੀਤੀ ਗਈ ਰਾਸ਼ੀ ਟੈਕਸ ਤੋਂ ਮੁਕਤ ਹੈ। ਇਸ ਮੌਕੇ ਸੁਪਰਡੈਂਟ ਬਲਜੀਤ ਕੌਰ, ਸਤੀਸ਼ ਸਿੰਘ ਬੱਗਾ, ਬਲਦੇਵ ਸਿੰਘ, ਨਰੇਸ਼ ਕੁਮਾਰ ਅਤੇ ਸੈਨਿਕ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਦੇ ਸਿਖਿਆਰਥੀ ਵੀ ਸ਼ਾਮਿਲ ਸਨ।



# ਝਿੰਜਰ ਵੱਲੋਂ ਸੁਖਬੀਰ ਬਾਦਲ 'ਤੇ ਹਮਲੇ ਦੀ ਸਖਤ ਨਿਖੇਧੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ।ਝਿੰਜਰ ਨੇ ਸ਼ੱਕ ਜਤਾਇਆ ਕਿ ਇਹ ਹਮਲਾ ਆਮ ਆਦਮੀ ਪਾਰਟੀ (ਆਪ) ਸਰਕਾਰ, ਏਜੰਸੀਆਂ ਅਤੇ ਅੱਤਵਾਦੀਆਂ ਵਿਚਕਾਰ ਮਿਲੀਭੁਗਤ ਦਾ ਮਾਮਲਾ ਜਾਪਦਾ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਇੱਕ ਜਾਣੇ-ਪਛਾਣੇ ਅੱਤਵਾਦੀ, ਨਰਾਇਣ ਸਿੰਘ ਚੌੜਾ, ਜਿਸਦਾ ਆਈ ਐਸ ਆਈ ਨਾਲ ਸਬੰਧ ਹੈ ਅਤੇ ਅੱਤਵਾਦੀ ਗਤੀਵਿਧੀਆਂ ਦਾ ਇਤਿਹਾਸ ਹੈ, ਨੂੰ ਪੁਲਸ ਵੱਲੋਂ ਇਹ ਮੰਨਣ ਦੇ ਬਾਵਜੂਦ ਕਿ ਸੁਖਬੀਰ ਬਾਦਲ ਨੂੰ ਪਿਛਲੇ 11-12 ਸਾਲਾਂ ਤੋਂ ਉਸ ਤੋਂ ਖਤਰੇ ਦੀ ਧਾਰਨਾ ਸੀ, ਨੂੰ ਉਨ੍ਹਾਂ ਦੇ ਆਸ ਪਾਸ ਹਥਿਆਰ ਦੇ ਨਾਲ ਆਜ਼ਾਦ ਘੁੰਮਣ ਦੀ ਇਜਾਜ਼ਤ ਦਿੱਤੀ ਗਈ।ਪੁਲਸ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਨੂੰ ਪਤਾ ਸੀ ਕਿ ਚੌੜਾ ਹਮਲੇ ਤੋਂ ਇੱਕ ਦਿਨ ਪਹਿਲਾਂ ਵੀ ਸ੍ਰੀ ਦਰਬਾਰ ਸਾਹਿਬ ਗਿਆ ਸੀ।ਝਿੰਜਰ ਨੇ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਕੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਆਰ ਬੀ ਯੂ ਦੇ ਸਕੂਲ ਆਫ ਆਰਟ ਡਿਜ਼ਾਈਨ ਦੇ ਵਿਦਿਆਰਥੀ ਨੂੰ ਅੰਤਰਰਾਸ਼ਟਰੀ ਕੰਟ੍ਰੈਕਟ ਹਾਸਲ



**ਮੋਹਾਲੀ, ਕੁਰਾਲੀ, (ਗੁਰਜੀਤ ਬਿੱਲਾ, ਮੋਹਨ ਅਗਰਵਾਲ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਐਨੀਮੇਸ਼ਨ, ਆਰਟ ਐਂਡ ਡਿਜ਼ਾਈਨ, 2024 ਬੈਚ ਦੇ ਵਿਦਿਆਰਥੀ ਇੰਦਰਦੀਪ ਸਿੰਘ ਨੇ ਆਪਣੀ ਸਿੱਖਿਆ ਅਤੇ ਸਿਖਲਾਈ ਦੇ ਤਿੰਨ ਮਹੀਨਿਆਂ ਦੇ ਅੰਦਰ ਹੀ ਇੱਕ ਅੰਤਰਰਾਸ਼ਟਰੀ ਪ੍ਰੋਜੈਕਟ ਅਤੇ ਕੰਟ੍ਰੈਕਟ ਹਾਸਿਲ ਕੀਤਾ ਹੈ।ਪਰਮਿੰਦਰ ਸਿੰਘ ਰੂਬਲ ਹੈੱਡ ਸਕੂਲ ਆਫ਼ ਐਨੀਮੇਸ਼ਨ, ਆਰਟ ਐਂਡ ਡਿਜ਼ਾਈਨ ਨੇ ਦੱਸਿਆ ਕਿ ਇਹ ਕਲਾਇੰਟ ਇੱਕ ਯੂਐਸ-ਅਧਾਰਤ ਟਰੱਕਿੰਗ ਕੰਪਨੀ ਹੈ ਜਿਸਨੇ ਉਸਨੂੰ ਗ੍ਰਾਫਿਕ ਅਤੇ ਵੀਡੀਓ ਵਿਗਿਆਪਨਾਂ ਸਮੇਤ ਪੂਰੀ ਸੋਸ਼ਲ ਮੀਡੀਆ ਵਿਗਿਆਪਨ ਮੁਹਿੰਮ ਸੌਂਪੀ ਹੈ।ਇਸ ਕੰਮ ਵਿੱਚ ਆਪਣੀ ਲਗਨ ਅਤੇ ਮਿਹਨਤ ਨਾਲ ਇੰਦਰਦੀਪ ਨੇ ਦਿੱਤੀ ਗਈ ਸਮਾਂ ਸੀਮਾ ਦੇ ਅੰਦਰ ਹੀ ਇਸ ਨੂੰ ਪੂਰਾ ਕਰ ਦਿੱਤਾ। ਆਪਣੇ ਕਰੀਅਰ ਦੇ ਇਸ ਪੜਾਅ 'ਤੇ ਅੰਤਰਰਾਸ਼ਟਰੀ ਉਦਯੋਗ ਦੁਆਰਾ ਮਾਨਤਾ ਅਤੇ ਮੌਕਾ ਪ੍ਰਾਪਤ ਕਰਨਾ ਮੁੱਖ ਪ੍ਰੇਰਣਾ ਹੁੰਦਾ ਹੈ ਜੋ ਇਸ ਵਿਦਿਆਰਥੀ ਨੇ ਕਰ ਦਿਖਾਇਆ ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਯੂਨੀਵਰਸਿਟੀ ਦਾ ਸਿੱਖਦੇ ਸਮੇਂ ਕਮਾਓ ਦਾ ਨਾਅਰਾ ਸਾਕਾਰ ਹੋ ਰਿਹਾ ਹੈ।ਆਰ ਬੀ ਯੂ ਦਾ ਸਕੂਲ ਆਫ਼ ਐਨੀਮੇਸ਼ਨ, ਆਰਟ ਐਂਡ ਡਿਜ਼ਾਈਨ ਏ.ਆਈ. ਸਮਰਥਿਤ ਐਨੀਮੇਸ਼ਨ ਅਤੇ ਡਿਜ਼ਾਈਨ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਵਿੱਚ ਭਾਰਤ ਦਾ ਮੋਹਰੀ ਹੈ।ਇਸ ਪ੍ਰੋਜੈਕਟ ਵਿੱਚ ਇੰਦਰਦੀਪ ਨੇ ਸ਼ਾਨਦਾਰ ਥੋੜ੍ਹੇ ਸਮੇਂ ਵਿੱਚ ਪੇਸ਼ੇਵਰ ਗੁਣਵੱਤਾ ਦੇ ਇਸ ਵਿਜ਼ੂਅਲ ਸੰਚਾਰ ਦੀ ਸਿਰਜਣਾ ਵਿੱਚ ਏ ਆਈ ਤਕਨਾਲੋਜੀ ਦੀ ਢੁਕਵੀਂ ਵਰਤੋਂ ਦਾ ਪ੍ਰਦਰਸ਼ਨ ਕੀਤਾ।

# ਲੰਗੜੋਆ ਦੇ ਵਿਦਿਆਰਥੀਆਂ ਨੇ ਲਗਾਇਆ ਵਿਦਿਅਕ ਟੂਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪੰਜਾਬ ਸਰਕਾਰ ਵਲੋਂ ਸੂਬੇ ਦੀਆਂ ਸਾਰੀਆਂ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵਿਦਿਅਕ ਟੂਰ ਲਗਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਸੰਸਥਾ ਦੇ ਮੁਖੀ ਪ੍ਰਿੰਸੀਪਲ ਡਾਕਟਰ ਸੁਰਿੰਦਰ ਪਾਲ ਅਗਨੀਹੋਤਰੀ ਦੀ ਯੋਗ ਅਗਵਾਈ ਹੇਠ ਚੰਡੀਗੜ੍ਹ ਰੋਡ ਸਥਿਤ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੇ ਅੱਠਵੀਂ ਜਮਾਤ ਦੇ ਬੱਚਿਆਂ ਨੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਵਿਰਾਸਤ-ਏ-ਖਾਲਸਾ ਸ਼੍ਰੀ ਅਨੰਦਪੁਰ ਸਾਹਿਬ ਦਾ ਵਿਦਿਅਕ ਟੂਰ ਲਗਾਇਆ। ਪ੍ਰਿੰਸੀਪਲ ਨੇ ਬੱਚਿਆਂ ਦੇ ਵਿਦਿਅਕ ਟੂਰ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਏਰੀਏ ਦੇ ਗੁਰਧਾਮਾਂ, ਜਿਨ੍ਹਾਂ ਵਿਚ ਸ਼੍ਰੀ ਕੇਸਗੜ੍ਹ ਸਾਹਿਬ,ਕਿਲਾ ਅਨੰਦਗੜ੍ਹ ਸਾਹਿਬ, ਸੀਸ ਗੰਜ ਸਾਹਿਬ, ਗੁਰੂ ਕੇ ਮਹਿਲ ਆਦਿ ਸ਼ਾਮਲ ਸਨ, ਦੇ ਦਰਸ਼ਨ ਕਰਵਾਏ ਗਏ ਅਤੇ ਪੰਜਾਬ ਦੇ ਸਭਿਆਚਾਰ ਤੇ ਧਾਰਮਿਕ ਵਿਰਸੇ ਨੂੰ ਦਰਸਾਉਂਦੀ ਵਿਰਾਸਤ-ਏ-ਖਾਲਸਾ ਦੀ ਫੇਰੀ ਲਗਵਾਈ ਗਈ। ।ਇਸ ਮੌਕੇ ਸਕੂਲੀ ਵਿਦਿਆਰਥੀਆਂ ਤੋਂ ਇਲਾਵਾ ਸਕੂਲ ਦੇ ਅਧਿਆਪਕ ਹਾਜ਼ਰ ਸਨ।

# ਸਾਲਾਨਾ ਖੇਡ ਦਿਵਸ 'ਤੇ ਦਿੱਲੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸੁਰਿੰਦਰ ਕੁਮਾਰ)**-ਪੱਤਝੜ ਦੀ ਸੁਹਾਵਣੀ ਠੰਢ ਵਿੱਚ ਦਿੱਲੀ ਪਬਲਿਕ ਸਕੂਲ ਵਿੱਚ ਸਾਲਾਨਾ ਖੇਡ ਦਿਵਸ ਦਾ ਆਯੋਜਨ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਜੂਨੀਅਰ ਅਤੇ ਸੀਨੀਅਰ ਵਿੰਗ ਦੇ ਸਾਰੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਕ੍ਰਿਕਟਰ ਵਿਕਰਮ ਰਾਠੌਰ ਸਨ ਜੋ ਇਸ ਸਮੇਂ ਟੀ-20 ਵਿਸ਼ਵ ਕੱਪ ਦੇ ਖਿਡਾਰੀਆਂ ਨੂੰ ਕੋਚਿੰਗ ਦੇ ਰਹੇ ਹਨ। ਵਿਸ਼ੇਸ਼ ਮਹਿਮਾਨ ਸ੍ਰੀਮਤੀ ਵਸੁਧਾ ਠਾਕੁਰ, ਸਮਾਜਿਕ ਕਾਰਜਕਰਤਾ ਸਨ, ਜੋ ਕਿ ਸਿੱਖਿਆ ਅਤੇ ਹੋਰ ਸਮਾਜਿਕ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਮੁੱਖ ਮਹਿਮਾਨ ਵੱਲੋਂ ਝੰਡਾ ਲਹਿਰਾਇਆ ਗਿਆ। ਸਮਾਗਮ ਦੀ ਖਾਸ ਗੱਲ ਇਹ ਸੀ ਕਿ ਵੱਖ-ਵੱਖ ਹਾਊਸਾਂ ਦੇ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ ਜਿਸ ਵਿੱਚ ਐਨਸੀਸੀ ਕੈਡਿਟਾਂ ਅਤੇ ਸਕੂਲ ਦੇ ਬੈਂਡ ਨੇ ਭਾਗ ਲਿਆ। ਵਿਸ਼ੇਸ਼ ਮਹਿਮਾਨ ਕਰਨਲ ਵਿਨੋਦ ਜੋਸ਼ੀ, ਕਮਾਂਡਿੰਗ ਅਫਸਰ 2 ਪੰਜਾਬ ਐਨਸੀਸੀ ਬਟਾਲੀਅਨ ਅਤੇ ਕਰਨਲ ਵਿਦੂ ਡੰਗਵਾਲ, ਮਿਲਟਰੀ ਹਸਪਤਾਲ, ਜਲੰਧਰ ਨੇ ਮਾਰਚ ਪਾਸਟ ਦਾ ਮੁਲਾਂਕਣ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਵਧੀਆ ਕਾਰਗੁਜ਼ਾਰੀ ਦਿਖਾ ਕੇ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ। ਸਕੂਲੀ ਬੈਂਡ ਸਮੇਤ 100 ਵਿਦਿਆਰਥੀਆਂ ਨੇ ਸੁਰੀਲੇ ਗੀਤ ਗਾ ਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਸਕੂਲ ਦੇ ਵਿਹੜੇ ਵਿੱਚ ਗਣਿਤ ਅਤੇ ਵਿਗਿਆਨ ਦੀ ਪ੍ਰਦਰਸ਼ਨੀ ਲਗਾਈ ਗਈ। ਵਿਦਿਆਰਥੀਆਂ ਨੇ ਉੜੀਸਾ ਅਤੇ ਪੰਜਾਬ ਦੀ ਕਲਾ, ਸੱਭਿਆਚਾਰ ਅਤੇ ਇਤਿਹਾਸ ਨੂੰ ਖੂਬਸੂਰਤ ਢੰਗ ਨਾਲ ਪ੍ਰਦਰਸ਼ਿਤ ਕੀਤਾ।

# ਲਿਟਲ ਕਿੰਗਡਮ ਸਕੂਲ ਦਾ ਸਾਲਾਨਾ ਸਮਾਰੋਹ ਭਲਕੇ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਅਹਿਆਪੁਰ ਰੋਡ ਉੜਮੁੜ ਦਾ 8 ਦਸੰਬਰ ਨੂੰ ਕਰਵਾਇਆ ਜਾ ਰਿਹਾ ਸਾਲਾਨਾ ਇਨਾਮ ਵੰਡ ਸਮਾਰੋਹ ਇਸ ਵਾਰ ਵੜੈਚ ਫਾਰਮ ਦਾਰਾਪੁਰ ਬਾਈਪਾਸ ਟਾਂਡਾ ਵਿਖੇਮਨਾਇਆ ਜਾ ਰਿਹਾ ਹੈ। ਸਕੂਲ ਡਾਇਰੈਕਟਰ ਹਿਮਾਂਸ਼ੂ ਵੈਦ ਆਸ਼ੂ ਦੇ ਦਿਸ਼ਾ-ਨਿਰਦੇਸ਼ ਤਹਿਤ ਸਕੂਲ ਪ੍ਰਿੰਸੀਪਲ ਮੀਤਾ ਅਨੰਦ ਦੀ ਅਗਵਾਈ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਨੇ ਵੜੈਚ ਫਾਰਮ ਦਾ ਦੌਰਾ ਕਰਕੇ ਇਸ ਸਮਾਰੋਹ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ। ਸਕੂਲ ਪ੍ਰਿੰਸੀਪਲ ਮੀਤਾ ਅਨੰਦ ਨੇ ਕਿਹਾ ਕਿ ਸਾਲਾਨਾ ਸਮਾਰੋਹ ਇਸ ਵਾਰ ਵੜੈਚ ਫਾਰਮ ਦਾਰਾਪੁਰ ਬਾਈਪਾਸ ਟਾਂਡਾ ਵਿਖੇ ਕਰਵਾਇਆ ਜਾ ਰਿਹਾ ਹੈ ਤਾਂ ਜੋ ਸਕੂਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਇਸ ਸਮਾਰੋਹ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਮੌਕੇ ਤੇ ਗਗਨਦੀਪ ਕੌਰ, ਸੁਮਿਤਰੀ, ਮੀਨੂ ਕਤਿਆਲ,



ਚਰਨਜੀਤ ਕੌਰ, ਮਮਤਾ, ਨੀਨਾ ਵਾਲੀਆ, ਸੁਖਜਿੰਦਰ ਕੌਰ, ਪਵਨਦੀਪ, ਅਰਮਾਨ ਕੌਰ, ਨਿਕਤਾ ਸ਼ਰਮਾ, ਲਖਵੀਰ ਸਿੰਘ, ਸੂਰਜ ਸਹੋਤਾ, ਹਰਪ੍ਰੀਤ ਕਮਾਂਡਰ, ਸਿਮਰਨ ਕੌਰ, ਸਰਬਜੀਤ ਕੌਰ, ਸ਼ੀਤਲ ਕੌਰ, ਸੁਰਭੀ ਅਤੇ ਹੋਰ ਹਾਜ਼ਰ ਸਨ।

# ਵਿਸ਼ਵ ਭੂਮੀ ਦਿਵਸ ਮਨਾਇਆ

**ਜਲੰਧਰ -(ਇਕਬਾਲ ਸਿੰਘ ਉਭੀ)**- ਡਾਇਰੈਕਟਰ ਖੇਤੀਬਾੜੀ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਰਣਧੀਰ ਸਿੰਘ ਮੁੱਖ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਵਿਸ਼ਵ ਭੂਮੀ ਦਿਵਸ ਖੇਤੀਬਾੜੀ , ਕਿਸਾਨ ਭਲਾਈ ਵਿਭਾਗ ਅਤੇ ਪੀਐਮ ਕੇਂਦਰੀ ਵਿਦਿਆਲਾ-1, ਜਲੰਧਰ ਕੈਂਟ ਵੱਲੋਂ ਸਾਂਝੇ ਤੌਰ 'ਤੇ ਮਨਾਇਆ ਗਿਆ। ਇਸ ਮੌਕੇ ਡਾ.ਬਲਕਾਰ ਚੰਦ ਖੇਤੀਬਾੜੀ ਅਫਸਰ ਜਲੰਧਰ ਪੂਰਬੀ ਨੇ ਮਿੱਟੀ ਦੀ ਸੇਹਤ ਨੂੰ ਬਰਕਰਾਰ ਰੱਖਣ, ਮਿੱਟੀ ਪਰਖ ਦੀ ਮੱਹਤਤਾ ਅਤੇ ਸੁਆਇਲ ਹੈਲਥ ਕਾਰਡ ਅਨੁਸਾਰ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ। ਸਕੂਲ ਦੇ ਬੱਚਿਆਂ ਵੱਲੋਂ ਪਿੰਡ ਜੰਡਿਆਲੀ ਤੋਂ ਮਹਿਕਮੇ ਦੇ ਸਹਿਯੋਗ ਨਾਲ ਸੈਂਪਲ ਇੱਕਤਰ ਕਰਨਾ ਅਤੇ ਟੈਸਟ ਕਰਕੇ ਸੋਆਇਲ ਹੈਲਥ ਕਾਰਡ ਤਿਆਰ ਕਰਨ ਦੀ ਸ਼ਲਾਘਾ ਕੀਤੀ ਗਈ। ਸੋਨੂੰ ਆਰੀਆ ਖੇਤੀਬਾੜੀ ਵਿਸਥਾਰ ਅਫਸਰ ਨੇ ਮਿੱਟੀ ਪਰਖ ਲਈ ਸੈਂਪਲ ਲੈਣ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਹਾਜ਼ਰ ਕਿਸਾਨਾਂ ਨੂੰ ਸੁਆਇਲ ਹੈਲਥ ਕਾਰਡ ਵੰਡੇ ਗਏ । ਇਸ ਮੌਕੇ ਗੁਰਵਿੰਦਰ ਕੌਰ, ਖੇਤੀਬਾੜੀ ਵਿਸਥਾਰ ਅਫਸਰ, ਸੀਮਾ ਦੇਵੀ ਅਤੇ ਜਤਿਨ ਵਰਮਾ ਉਪ-ਨਿਰੀਖਕ ਅਤੇ ਸਕੂਲ ਦਾ ਸਮੂਹ ਸਟਾਫ਼ ਮੌਜੂਦ ਰਿਹਾ।ਪ੍ਰੋਗਰਾਮ ਦਾ ਸੰਚਾਲਨ ਕੋਆਰਡੀਨੇਟਰ ਸੱਜਣ ਕੁਮਾਰ ਨੇ ਬਾਖੂਬੀ ਨਿਭਾਇਆ ।ਅੰਤ ਵਿੱਚ ਸ਼੍ਰੀ ਐਮਆਰ ਗੋਦਾਰਾ ਵਾਈਸ ਪ੍ਰਿੰਸੀਪਲ ਪੀਐਮ ਕੇਂਦਰੀ ਵਿਦਿਆਲਾ ਨੇ ਵਿਸ਼ਵ ਭੂਮੀ ਦਿਵਸ ਦੀ ਅਹਿਮੀਅਤ 'ਤੇ ਚਾਨਣਾ ਪਾਇਆ ਅਤੇ ਹਾਜ਼ਰ ਸਮੂਹ ਸਟਾਫ਼, ਕਿਸਾਨਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ।

# ਜਿੰਪਾ ਨੇ ਸੀਵਰੇਜ ਪਾਈਪ ਵਿਛਾਉਣ ਦੇ ਕੰਮ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਵਿਕਾਸ ਕਾਰਜਾਂ ਨੂੰ ਪਹਿਲ ਦਿੰਦੇ ਹੋਏ ਵਾਰਡ ਨੰਬਰ 24 ਦੇ ਨਿਊ ਦਸਮੇਸ਼ ਨਗਰ ਵਿੱਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਵਾ ਅੱਠ ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਦੀਆਂ ਪਾਈਪਾਂ ਵਿਛਾਉਣ ਦੇ ਕੰਮ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਪ੍ਰਾਜੈਕਟ ਨਿਊ ਦਸਮੇਸ਼ ਨਗਰ ਦੇ ਵਾਸੀਆਂ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕਰੇਗਾ ਅਤੇ ਉਨ੍ਹਾਂ ਨੂੰ ਸੀਵਰੇਜ ਦੀ ਬਿਹਤਰ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਲੋੜਾਂ ਨੂੰ ਮੁੱਖ ਰੱਖਦਿਆਂ ਸੀਵਰੇਜ ਅਤੇ ਵਾਟਰ ਸਪਲਾਈ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਸ਼ਹਿਰ ਅਤੇ ਪਿੰਡ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਕੰਮ ਨਿਰਧਾਰਿਤ ਸਮਾਂ ਸੀਮਾ ਵਿੱਚ ਮੁਕੰਮਲ ਕੀਤਾ ਜਾਵੇ ਅਤੇ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਇਲਾਕਾ ਨਿਵਾਸੀਆਂ ਨੇ ਇਸ ਉਪਰਾਲੇ ਲਈ ਵਿਧਾਇਕ ਅਤੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰੰਜੀਤਾ ਚੌਧਰੀ, ਸੰਜੇ ਸ਼ਰਮਾ, ਬਹਾਦਰ ਸਿੰਘ, ਹੈਪੀ, ਜਸਪਾਲ ਸੁਮਨ, ਨਰਿੰਦਰ, ਸਾਬੀ, ਸੁਰਜੀਤ ਬੰਗੜ ਅਤੇ ਹੋਰ ਮੁਹੱਲਾ ਵਾਸੀ ਵੀ ਹਾਜ਼ਰ ਸਨ।



# ਸੁਖਬੀਰ ਬਾਦਲ 'ਤੇ ਹਮਲੇ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਘੱਟ ਹੈ : ਕਲੇਰ

**ਲੋਹੀਆਂ ਖਾਸ, (ਯੋਗੇਸ਼ਵਰ)** - ਐਡਵੋਕੇਟ ਅਵਤਾਰ ਸਿੰਘ ਕਲੇਰ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸੂਚਨਾ ਕਮਿਸ਼ਨਰ ਨੇ ਸਾਬਕਾ ਉਪ-ਮੁੱਖ ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਹਮਲੇ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਘੱਟ ਹੈ।ਕਲੇਰ ਨੇ ਕਿਹਾ ਹੈ ਕਿ ਹਮਲਾ ਸਾਜ਼ਿਸ਼ ਤਹਿਤ ਕੀਤਾ ਗਿਆ ਜਾਪਦਾ ਹੈ। ਇਸ ਤਰ੍ਹਾਂ ਦਾ ਵਰਤਾਰਾ ਪੰਜਾਬ ਦੇ ਮਾਹੌਲ 'ਚ ਫਿਰ ਤੋਂ ਅੱਗ ਲਾਉਣ ਦੀ ਕੋਸ਼ਿਸ਼ ਹੈ। ਪੰਜਾਬ 'ਚ ਜਵਾਨੀ ਦਾ ਬਹੁਤ ਵੱਡਾ ਘਾਣ ਹੋ ਚੁੱਕਿਆ ਹੈ ਤੇ ਫੇਰ ਵੀ ਕੁਝ ਤਾਕਤਾਂ ਪੰਜਾਬ ਨੂੰ ਉਸੇ ਪਾਸੇ ਧੱਕਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਕਲੇਰ ਨੇ ਕਿਹਾ ਕਿ ਸੁਖਬੀਰ ਬਾਦਲ 'ਤੇ ਉਸ ਸਮੇਂ ਜਾਨ ਲੇਵਾ ਹਮਲਾ ਹੋਇਆ ਹੈ ਜਦੋਂ ਉਹ ਦਰਬਾਰ 'ਚ ਸੇਵਾ ਕਰ ਰਹੇ ਸਨ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜਾਗਰੂਕਤਾ ਕੈਂਪ

**ਨਵਾਂਸ਼ਹਿਰ, (ਮਨੋਜ ਲਾਡੀ)**- ਅੱਜ ਰੈੱਡ ਕਰਾਸ ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰ ਨਵਾਂਸ਼ਹਿਰ ਵਲੋਂ ਕਸਬਾ ਜਾਡਲਾ ਸਥਿਤ ਸਕਾਲਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜਾਗਰੂਕਤਾ ਕੈਂਪ ਪ੍ਰਿੰਸੀਪਲ ਮਧੂ ਐਰੀ ਦੀ ਅਗਵਾਈ ਹੇਠ ਲਗਾਇਆ ਗਿਆ। ਕਮਲਜੀਤ ਕੌਰ ਕਾਊਂਸਲਰ ਅਤੇ ਪ੍ਰਵੇਸ਼ ਕੁਮਾਰ ਸਟਾਫ਼ਮੈਂਬਰਾਂ ਨੇ ਸਾਂਝੇ ਤੌਰ ਉਤੇ ਕਿਹਾ ਕਿ ਨਸ਼ਾ ਮਨੁੱਖੀ ਸਿਹਤ ਲਈ ਬੇਹੱਦ ਘਾਤਕ ਹੈ। ਇਹ ਸਾਡੇ ਨਾੜੀ ਤੰਤਰ ਨੂੰ ਪ੍ਰਭਾਵਿਤ ਕਰਕੇ ਮਨੁੱਖ ਨੂੰ ਮਾਨਸਿਕ ਤੌਰ ਉਤੇ ਬਿਮਾਰ ਕਰਦਾ ਹੈ। ਸਕੂਲ ਪ੍ਰਬੰਧਕਾਂ ਨੇ ਰੈੱਡ ਕਰਾਸ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ਼ ਮੈਂਬਰ ਨੇਹਾ ਕੌਸ਼ਲ, ਹਰਦੀਪ, ਜਸਪ੍ਰੀਤ, ਗੀਨਾ, ਤਰਿਸ਼ਾ, ਅਨਿਲ, ਆਸ਼ਾ, ਹਰਪਿੰਦਰ, ਹਰਮੀਤ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

# ਅਸਕੈਡ ਸਕੀਮ ਅਧੀਨ ਪਸ਼ੂ ਭਲਾਈ ਕੈਂਪ ਲਗਾਇਆ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਸਿਵਲ ਪਸ਼ੂ ਹਸਪਤਾਲ ਸ੍ਰੀ ਚਮਕੌਰ ਵਿਖੇ ਅਸਿਸਟੈਂਟ ਟੂ ਸਟੇਟਸ ਫਾਰ ਕੰਟਰੋਲ ਆਫ ਐਨੀਮਲ ਡਿਸੀਜ਼ਜ਼ (ਅਸਕੈਡ) ਸਕੀਮ ਅਧੀਨ ਕੈਂਪ ਲਗਾਇਆ ਗਿਆ। ਜਿਸ ਵਿੱਚ 30 ਦੇ ਕਰੀਬ ਪਸ਼ੂ ਪਾਲਕਾਂ ਨੇ ਭਾਗ ਲਿਆ। ਕੈਂਪ ਵਿੱਚ ਡਾ. ਗੁਰਪ੍ਰੀਤ ਸਿੰਘ ਸੀਨੀਅਰ ਵੈਟਨਰੀ ਅਫ਼ਸਰ ਸ੍ਰੀ ਚਮਕੌਰ ਸਾਹਿਬ ਨੇ ਆਏ ਪਸ਼ੂ ਪਾਲਕਾਂ ਨੂੰ ਪਸ਼ੂ ਪਾਲਣ ਕਿੱਤੇ ਨਾਲ ਸੰਬੰਧਿਤ ਵਡਮੁੱਲੀ ਜਾਣਕਾਰੀ ਦਿੱਤੀ। ਡਾ. ਰਵਨੀਤ ਸਿੰਘ ਵੈਟਰਨਰੀ ਅਫ਼ਸਰ ਖੇੜੀ ਸਲਾਬਤਪੁਰ ਤੇ ਡਾ. ਗੋਪਾਲ ਕ੍ਰਿਸ਼ਨ ਵੈਟਰਨਰੀ ਅਫ਼ਸਰ ਮੜੌਲੀ ਕਲ੍ਹਾਂ ਨੇ ਵੀ ਪਸ਼ੂਆਂ ਬਾਰੇ ਪਸ਼ੂ ਪਾਲਕਾਂ ਨੂੰ ਜਾਣਕਾਰੀ ਦਿੱਤੀ। ਕੈਂਪ ਵਿੱਚ ਆਏ ਪਸ਼ੂ ਪਾਲਕਾਂ ਨੂੰ ਪਸ਼ੂਆਂ ਲਈ ਮਲੱਪ ਤੇ ਚਿੱਚੜਾਂ ਤੋਂ ਬਚਾਅ ਦੀ ਦਵਾਈ ਮੁਫ਼ਤ ਦਿੱਤੀ ਗਈ।

# ਸੁਖਬੀਰ ਬਾਦਲ ਨੇ ਤਖਤ ਸ੍ਰੀ ਕੇਸਗੜ੍ਹ ਵਿਖੇ ਕੀਤੀ ਸੇਵਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਮੁਤਾਬਕ ਸੇਵਾ ਨਿਭਾਉਣ ਦੇ ਲਈ ਸੁਖਬੀਰ ਸਿੰਘ ਬਾਦਲ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚੇ ਗਏ। ਚੱਪੇ ਚੱਪੇ 'ਤੇ ਤਾਇਨਾਤ ਪੁਲਸ ਅਤੇ ਹੋਰ ਸੁਰੱਖਿਆ ਏਜੰਸੀਆਂ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਗੱਡੀ ਤੋਂ ਤਖਤ ਕੇਸਗੜ੍ਹ ਸਾਹਿਬ ਤੱਕ ਪਹੁੰਚਾਇਆ ਗਿਆ। ਬਾਦਲ ਨੇ ਆਪਣੀ ਗੱਲ ਵਿੱਚ ਤਖਤੀ ਪਾਈ ਹੋਈ ਸੀ ਤੇ ਵੀਲ੍ਹਚੇਅਰ 'ਤੇ ਉਹਨਾਂ ਨੂੰ ਗੱਡੀ ਤੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਦੁਆਰ 'ਤੇ ਪਹੁੰਚਾਇਆ ਗਿਆ । ਇਸ ਮੌਕੇ ਸਮੁੱਚੀ ਅਕਾਲੀ ਲੀਡਰਸ਼ਿਪ ਵੀ ਹਾਜ਼ਰ ਸੀ। ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਦੁਆਰ ਤੇ ਉਹਨਾਂ ਵੱਲੋਂ ਹੱਥ ਵਿੱਚ ਬਰਛਾ ਫੜ ਕੇ ਸੇਵਾਦਾਰ ਦੀ ਡਿਊਟੀ ਨਿਭਾਈ ਗਈ ਜੋ ਇਕ ਘੰਟਾ ਜਾਰੀ ਰਹੀ।ਉਪਰੰਤ ਉਹਨਾਂ ਵੱਲੋਂ ਇੱਕ ਘੰਟਾ ਗੁਰਬਾਣੀ ਕੀਰਤਨ ਸੁਣਿਆ ਗਿਆ ਤੇ ਫਿਰ ਇਕ ਘੰਟੇ ਲਈ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਲੰਗਰ ਹਾਲ ਵਿਖੇ ਪੁੱਜ ਕੇ ਜੂਠੇ ਬਰਤਨ ਮਾਂਜਣ ਦੀ ਸੇਵਾ ਕੀਤੀ ਗਈ।ਇਸ ਮੌਕੇ ਬਾਦਲ ਦੀਆਂ ਦੋਨੋਂ ਬੇਟੀਆਂ ਵੀ ਪਹੁੰਚੀਆਂ, ਜਦੋਂ ਕਿ ਉਨ੍ਹਾਂ ਦੀ ਧਰਮ ਪਤਨੀ ਬੀਬਾ ਹਰਸਿਮਰਤ ਕੌਰ ਬਾਦਲ ਸਵੇਰ ਸਮੇਂ ਤੋਂ ਹੀ ਬਾਦਲ ਦੇ ਨਾਲ ਸੀ।ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਸਰਨਾ, ਗੁਰਬਖਸ਼ ਸਿੰਘ ਖਾਲਸਾ, ਸੁੱਚਾ ਸਿੰਘ ਲੰਗਾਹ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਭਾਈ ਅਮਰਜੀਤ ਸਿੰਘ ਚਾਵਲਾ, ਬੰਟੀ ਰੁਮਾਣਾ, ਅਰਸ਼ਦੀਪ ਸਿੰਘ ਕਲੇਰ, ਦਲਜੀਤ ਸਿੰਘ ਭਿੰਡਰ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਗੁਰਪ੍ਰੀਤ ਸਿੰਘ ਝੱਬਰ, ਹਰਦੇਵ ਸਿੰਘ ਐਡਵੋਕੇਟ, ਸੰਦੀਪ ਸਿੰਘ ਕਲੋਤਾ, ਦਵਿੰਦਰ ਸਿੰਘ ਢਿੱਲੋਂ, ਕੁਲਵੰਤ ਸਿੰਘ ਮੰਨਣ, ਰਣਜੀਤ ਸਿੰਘ ਰਾਣਾ, ਮਨਿੰਦਰਪਾਲ ਸਿੰਘ ਗੁੰਬਰ, ਹਰਜਾਪ ਸਿੰਘ ਸੰਘਾ, ਅਵਤਾਰ ਸਿੰਘ ਘੁੰਮਣ, ਗੁਰਪ੍ਰੀਤ ਸਿੰਘ ਰੰਧਾਵਾ, ਸੁਰਜੀਤ ਸਿੰਘ ਨੀਲਾ ਮਹਿਲ, ਰਵਿੰਦਰ ਸਿੰਘ ਸਵੀਟੀ, ਸਤਿੰਦਰ ਸਿੰਘ ਪੀਤਾ, ਰਾਜਵਿੰਦਰ ਸਿੰਘ ਰਾਜਾ, ਇਕਬਾਲ ਸਿੰਘ ਖੇੜਾ ਤੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਮੌਜੂਦ ਰਹੇ ।



# ਵਾਤਾਵਰਣ ਵਿਭਾਗ ਨੇ ਅਪੀਲ ਦਾਇਰ ਕਰਨ ਦੇ ਲਈ ਪੋਰਟਲ ਲਾਂਚ ਕੀਤਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਵਾਤਾਵਰਣ ਅਤੇ ਕਲਾਈਮੇਟ ਬਦਲਾਅ ਵਿਭਾਗ ਵੱਲੋਂ ਸਰਕਾਰ ਦੀ ਸੁਸ਼ਾਸਨ ਦੀ ਪਹਿਲਾਂ ਨੂੰ ਅੱਗੇ ਵਧਾਉਣ ਦੀ ਨੀਤੀ ਅਨੁਸਾਰ https://appeal.harenvironment.gov.in ਵੈਬ ਪੋਰਟਲ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ।ਸਰਕਾਰੀ ਬੁਲਾਰੇ ਨੇ ਸਿਆ ਕਿ ਅਪੀਲ ਅਥਾਰਿਟੀ ਦੇ ਚੇਅਰਮੈਨ ਜੱਜ ਸੁਰਿੰਦਰ ਗੁਪਤਾ (ਸੇਵਾ ਮੁਕਤ), ਹਰਿਆਣਾ ਸੂਬਾ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ-ਕਮ-ਉੱਚ ਸਿਖਿਆ ਦੇ ਵਧੀਕ ਮੁੱਖ ਸਕੱਤਰ ਵਿਨੀਤ ਗਰਗ ਅਤੇ ਹਰਿਆਣਾ ਤਕਨੀਕੀ ਸਿਖਿਆ ਬੋਰਡ ਦੇ ਡਾਇਰੈਕਟਰ ਜਨਰਲ ਪ੍ਰਭਜੋਤ ਸਿੰਘ ਮੌਜੂਦ ਰਹੇ।ਉਨ੍ਹਾਂ ਨੇ ਦਸਿਆ ਕਿ ਇਹ ਵੈਬਸਾਇਟ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਲ (ਪ੍ਰਦੂਸ਼ਣ ਹੱਲ ਅਤੇ ਕੰਟਰੋਲ), 1974 ਅਤੇ ਹਵਾ (ਪ੍ਰਦੂਸ਼ਣ ਨਿਵਾਰਣ ਅਤੇ ਕੰਟਰੋਲ), ਐਕਟ, 1981 ਤਹਿਤ ਪਾਸ ਆਦੇਸ਼ਾਂ ਦੇ ਵਿਰੁੱਧ ਆਨਲਾਇਨ ਅਪੀਲ ਦਾਇਰ ਕਰਨ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇਸ ਪੋਰਟਲ ਨਾਲ ਵੀਕਲਾਂ, ਅਪੀਲਕਰਤਾਵਾਂ ਅਤੇ ਆਮ ਜਨਤਾ ਨੂੰ ਹੁਣ ਅਪੀਲ ਅਥਾਰਿਟੀ ਵੱਲੋਂ ਪਾਸ ਵਾਦ ਸੂਚੀ, ਅੰਤਰਿਮ ਆਦੇਸ਼ਾਂ ਤਕ ਪਹੁੰਚ ਆਸਾਨ ਹੋ ਜਾਵੇਗੀ। ਇਸ ਵੈਬਸਾਇਟ ਨੂੰ ਅਪੀਲ ਅਥਾਰਿਟੀ ਦੇ ਮਾਰਗ ਦਰਸ਼ਨ ਵਿਚ ਡੀਆਈਟੀਈਸੀਐਚ ਵੱਲੋਂ ਵਿਕਸਿਤ ਕੀਤਾ ਗਿਆ ਹੈ। ਵਰਤੋ ਕਰਤਾ ਨੂੰ ਵੈਬਸਾਇਟ ਦੇ ਹੋਰ ਵੱਧ ਇਸਤੇਮਾਲ ਲਈ ਮੋਬਾਇਲ ਵਰਜਨ ਵੀ ਪ੍ਰਕ੍ਰਿਆ ਅਧੀਨ ਹੈ ਅਤੇ ਇਸ ਨੂੰ ਵੀ ਜਲਦੀ ਹੀ ਲਾਂਚ ਕੀਤਾ ਜਾਵੇਗਾ।

# ਸੀ ਐੱਮ ਦੀ ਯੋਗਸ਼ਾਲਾ ਤਹਿਤ ਯੋਗਾ ਟ੍ਰੇਨਰਾਂ ਲਈ ਡਿਪਲੋਮਾ ਕੋਰਸ ਦੀ ਸ਼ੁਰੂਆਤ

**ਮੋਹਾਲੀ (ਗੁਰਜੀਤ ਬਿੱਲਾ)**

ਸ਼ਹੀਦ ਮੇਜਰ (ਸ਼ੌਰਿਆ ਚੱਕਰ) ਹਰਮਿੰਦਰ ਪਾਲ ਸਿੰਘ, ਸਰਕਾਰੀ ਕਾਲਜ, ਮੋਹਾਲੀ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਪੰਜਾਬ ਵੱਲੋਂ ਸੀ ਐਮ ਦੀ ਯੋਗਸ਼ਾਲਾ ਵਿਖੇ ਯੋਗਾ ਸਿਖਲਾਈ ਦਾ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ 'ਚ ਵਿਸ਼ੇਸ਼ ਤੌਰ 'ਤੇ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਪੰਜਾਬ ਦੇ ਰਜਿਸਟਰਾਰ ਡਾ. ਸੰਜੀਵ ਗੋਇਲ, ਨੋਡਲ ਅਫ਼ਸਰ ਡਾ. ਗਗਨ ਸਿੰਘ ਧਾਕੜ, ਪੰਜਾਬ ਦੇ ਯੋਗਾ ਵਿਭਾਗ ਦੇ ਸੀਨੀਅਰ ਸਲਾਹਕਾਰ ਅਮਰੇਸ਼ ਕੇ. ਆਰ ਝਾਅ ਅਤੇ ਸ਼੍ਰੀ ਕਮਲੇਸ਼ ਕੁਮਾਰ ਮਿਸ਼ਰਾ, ਡਿਪਲੋਮਾ ਕੋਆਰਡੀਨੇਟਰ ਅਤੇ ਅਧਿਆਪਕ ਸ਼ਾਮਲ ਹੋਏ।ਰਜਿਸਟਰਾਰ ਡਾ. ਸੰਜੀਵ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਾਉਣ ਲਈ ਆਪਣੀ ਨਿਵੇਕਲੀ ਪਹਿਲ ਸੀ.ਐਮ ਦੀ ਯੋਗਸ਼ਾਲਾ ਸ਼ੁਰੂ ਕੀਤੀ ਹੈ ਜਿਸ ਦਾ ਮੰਤਵ ਯੋਗਾ ਰਾਹੀਂ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾ ਕੇ ਤੰਦਰੁਸਤ ਰੱਖ ਕੇ ਹਸਪਤਾਲਾਂ 'ਚ ਭੀੜ ਘਟਾਉਣਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿੱਥੇ ਪੰਜਾਬ ਸਰਕਾਰ ਸੀ ਐਮ ਦੀ ਯੋਗਸ਼ਾਲਾ ਰਾਹੀਂ ਆਮ ਲੋਕਾਂ ਨੂੰ ਸਿਹਤਮੰਦ ਬਣਾਉਣ ਦੀ ਮੁਹਿੰਮ ਚਲਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਯੋਗਾ ਕੋਰਸ ਕਰਨ ਵਾਲੇ ਲੋਕਾਂ ਨੂੰ ਡਿਪਲੋਮਾ ਕੋਰਸਾਂ ਰਾਹੀਂ ਵਧੀਆ ਯੋਗਾ ਅਧਿਆਪਕ ਬਣਨ ਲਈ ਉਤਸ਼ਾਹਿਤ ਕਰ ਰਹੀ ਹੈ।

ਸੀਨੀਅਰ ਯੋਗਾ ਸਲਾਹਕਾਰ ਅਮਰੇਸ਼ ਝਾਅ ਅਤੇ ਕਮਲੇਸ਼ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਅਧੀਨ ਯੋਗਾ ਟ੍ਰੇਨਰ ਰੋਜ਼ਾਨਾ ਪੰਜਾਬ ਦੇ ਲੋਕਾਂ ਨੂੰ ਯੋਗਾ ਸਿਖਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਰੋਜ਼ਾਨਾ ਵੱਖ-ਵੱਖ ਥਾਵਾਂ 'ਤੇ ਯੋਗਾ ਦੀਆਂ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਨਿਯਮਿਤ ਤੌਰ 'ਤੇ ਯੋਗ ਅਭਿਆਸ ਕਰਕੇ ਲਾਭ ਲੈ ਰਹੇ ਹਨ। ਉਹਨਾਂ ਦੀ ਸਿਹਤ 'ਚ ਵੀ ਸੁਧਾਰ ਹੋ ਰਿਹਾ ਹੈ। ਇਸਦੇ ਲਈ ਇੱਕ ਹੈਲਪਲਾਈਨ ਨੰਬਰ 7669400500 ਵੀ ਸ਼ੁਰੂ ਕੀਤਾ ਗਿਆ ਹੈ, ਬੱਸ ਇੱਕ ਮਿਸ ਕਾਲ 'ਤੇ ਪੰਜਾਬ ਸਰਕਾਰ ਇੱਕ ਮੁਫਤ ਯੋਗਾ ਅਧਿਆਪਕ ਮੁਹੱਈਆ ਕਰਵਾਏਗੀ। ਲੋਕ ਖਾਣ-ਪੀਣ ਅਤੇ ਯੋਗਾ ਅਭਿਆਸ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਵਰਤਮਾਨ 'ਚ, ਭਾਰਤ 'ਚ ਪੰਜਾਬ ਹੀ ਇੱਕ ਅਜਿਹਾ ਰਾਜ ਹੈ ਜਿੱਥੇ ਲੋਕ ਉਕਤ ਸਥਾਨਾਂ 'ਤੇ ਨਿਯਮਿਤ ਤੌਰ 'ਤੇ ਯੋਗਾ ਦਾ ਅਭਿਆਸ ਕਰ ਰਹੇ ਹਨ।ਬਹੁਤ ਸਾਰੇ ਲੋਕ ਸਾਹ ਪ੍ਰਣਾਲੀ, ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ ਅਤੇ ਦਿਲ ਅਤੇ ਜੋੜਾਂ ਦੇ ਦਰਦਾਂ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹਨ। ਯੋਗਾ ਇਨ੍ਹਾਂ ਸਾਰੇ ਮਰੀਜ਼ਾਂ ਦੀ ਬਹੁਤ ਮਦਦ ਕਰਦਾ ਹੈ। ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਆਸਣ, ਪ੍ਰਾਣਾਯਾਮ, ਧਿਆਨ, ਮੁਦਰਾ, ਬੰਦ, ਧਾਰਣਾ ਅਤੇ ਯੋਗਾ ਕਿਰਿਆਵਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ, ਤਾਂ ਜੋ ਉਹ ਚੰਗੇ ਯੋਗ ਸਾਧਕ ਬਣ ਕੇ ਅੱਗੇ ਹੋਰ ਲੋਕਾਂ ਨੂੰ ਜਾਗਰੂਕ ਕਰ ਸਕਣ। ਉਨ੍ਹਾਂ ਕਿਹਾ ਕਿ 'ਸੀ.ਐਮ ਦੀ ਯੋਗਸ਼ਾਲਾ' ਰਾਹੀਂ ਜਿੱਥੇ ਲੋਕ ਸਿਹਤਮੰਦ ਜੀਵਨ ਬਤੀਤ ਕਰ ਸਕਣਗੇ, ਉੱਥੇ ਉਨ੍ਹਾਂ ਨੂੰ ਯੋਗਾ ਟ੍ਰੇਨਰ ਅਤੇ ਯੋਗ ਮਾਰਗ ਦਰਸ਼ਨ ਆਸਾਨੀ ਨਾਲ ਮਿਲ ਜਾਵੇਗਾ।



## ਨੈਸ਼ਨਲ ਪਲਸ ਪੋਲੀਓ ਰਾਊਂਡ 8 ਤੋਂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਸਬ ਨੈਸ਼ਨਲ ਪਲਸ ਪੋਲੀਓ ਰਾਊਂਡ ਦੀ ਮੀਟਿੰਗ ਕੀਤੀ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 8, 9 ਤੇ 10 ਦਸੰਬਰ ਨੂੰ ਪੋਲਿਓ ਮੁਹਿਮ ਦੀ ਸ਼ੁਰੂਆਤ ਕੀਤੀ ਜਾਵੇਗੀ।ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ 0 ਤੋਂ 5 ਸਾਲ ਤੱਕ ਦਾ ਕੋਈ ਵੀ ਬੱਚਾ ਪੋਲੀਓ ਬੂੰਦਾਂ ਪਿਲਾਉਣ ਤੋਂ ਵਾਂਝਾ ਨਾ ਰਹਿਣ ਦਿੱਤਾ ਜਾਵੇ।ਇਸ ਮੌਕੇ ਸਿਵਲ ਸਰਜਨ ਡਾ. ਲਹਿੰਬਰ ਰਾਮ ਨੇ ਦੱਸਿਆ ਕਿ ਇਸ ਸੰਬੰਧੀ ਵਿਭਾਗ ਵੱਲੋਂ ਸਾਰੀ ਤਿਆਰੀ ਮੁਕੰਮਲ ਕੀਤੀ ਜਾ ਚੁੱਕੀ ਹੈ। ਇਸ ਦੌਰਾਨ ਹੋਰ ਵਿਭਾਗਾਂ ਤੋਂ ਇਲਾਵਾ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ ਜ਼ਿਲ੍ਹਾ ਹਸਪਤਾਲ ਐੱਸ ਐੱਮ ਓ ਡਾਕਟਰ ਏਰਿਕ ਜ਼ਿਲ੍ਹਾ ਟੀਬੀ ਅਫਸਰ ਡਾਕਟਰ ਨੀਲੂ ਚੁੱਘ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਰਿਚੂ ਚਾਵਲਾ, ਮਾਸ ਮੀਡੀਆ ਬ੍ਰਾਂਚ ਤੋਂ ਦਿਵੇਸ਼ ਕੁਮਾਰ, ਵਿੱਕੀ ਕੁਮਾਰ ਸ਼ਵੇਤਾ ਨਾਗਪਾਲ ਆਦਿ ਹਾਜ਼ਰ ਸਨ।

## ਬਾਬਾ ਸ਼ੇਰਸ਼ਾਹ ਵਲੀ ਵਿਖੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਫ਼ਿਰੋਜ਼ਪੁਰ ਦੇ ਫਾਜ਼ਿਲਕਾ ਰੋਡ 'ਤੇ ਸਥਿਤ ਦਰਗਾਹ ਬਾਬਾ ਸ਼ੇਰਸ਼ਾਹ ਵਲੀ ਵਿਖੇ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਦੰਦਾਂ ਦਾ ਵਿਸ਼ੇਸ਼ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਕਾਲਜ ਤੋਂ ਡਾ. ਸੁਖਵਿੰਦਰ ਕੌਰ ਤੇ ਡਾ. ਸਿਰਜਦੀਪ ਸਿੰਘ ਨੇ ਭਾਗ ਲੈਣ ਵਾਲਿਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਦੰਦਾਂ ਦੀ ਸਿਹਤ ਸੰਬੰਧੀ ਜ਼ਰੂਰੀ ਸਲਾਹ ਦਿੱਤੀ।ਕੈਂਪ ਦੌਰਾਨ ਲੋਕਾਂ ਨੂੰ ਓਰਲ ਹੈਲਥ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੰਦਾਂ ਦੀਆਂ ਬਿਮਾਰੀਆਂ ਦੇ ਕਾਰਨ, ਰੋਕਥਾਮ ਤੇ ਸਹੀ ਦੇਖਭਾਲ ਦੇ ਉਪਾਵਾਂ ਬਾਰੇ ਵੀ ਜਾਣੂ ਕਰਵਾਇਆ ਗਈ।ਇਹ ਉਪਰਾਲਾ ਨਾ ਸਿਰਫ਼ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਈ ਹੋਇਆ, ਸਗੋਂ ਉਨ੍ਹਾਂ ਨੂੰ ਆਪਣੇ ਦੰਦਾਂ ਦੀ ਨਿਯਮਤ ਦੇਖਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ।ਕੈਂਪ ਦਾ ਆਯੋਜਨ ਕਰਨ ਵਾਲੀ ਕਮੇਟੀ ਦੇ ਚੇਅਰਮੈਨ ਅਸ਼ੋਕ ਪਸਰੀਚਾ ਨੇ ਕਾਲਜ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਪਰਾਲਾ ਸ਼ਲਾਘਾਯੋਗ ਹੈ ਤੇ ਕਾਲਜ ਦੀ ਸਮਾਜ ਪ੍ਰਤੀ ਸਮਰਪਣ ਭਾਵਨਾ ਨੂੰ ਦਰਸਾਉਂਦਾ ਹੈ।ਸਮਾਜ ਦੀ ਸਿਹਤ ਤੇ ਤੰਦਰੁਸਤੀ ਲਈ ਅਜਿਹੇ ਉਪਰਾਲੇ ਬੇਹੱਦ ਜ਼ਰੂਰੀ ਹਨ।ਇਹ ਸਮਾਗਮ ਸਮਾਜ ਸੇਵਾ ਦੀ ਇੱਕ ਮਿਸਾਲ ਹੀ ਨਹੀਂ ਸਗੋਂ ਇਹ ਸਾਬਿਤ ਕਰਦਾ ਹੈ ਕਿ ਜੈਨੇਸਿਸ ਡੈਂਟਲ ਕਾਲਜ ਵਿੱਦਿਆ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਰੋਲ ਅਦਾ ਕਰ ਰਿਹਾ ਹੈ।ਅੰਤ ਵਿੱਚ ਕਾਲਜ ਦੇ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਧਾਲੀਵਾਲ ਨੇ ਮੌਜੂਦ ਲੋਕਾਂ ਨੂੰ ਟੂੱਥਬਰਸ਼, ਟੂੱਥਪੇਸਟ ਤੇ ਜ਼ਰੂਰੀ ਦਵਾਈਆਂ ਵੰਡੀਆਂ ਗਈਆਂ।

## ਵਿਦਿਆਰਥਣਾਂ ਨੂੰ ਛੱਤਬੀੜ ਚਿੜੀਆਘਰ ਤੇ ਰਾਕ ਗਾਰਡਨ ਵਿਖਾਇਆ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥਣਾਂ ਦਾ ਇਕਰੋਜ਼ਾ ਵਿਦਿਅਕ ਟੂਰ ਭੇਜਿਆ ਗਿਆ।ਇਸ ਟੂਰ ਦੀ ਅਗਵਾਈ ਮੈਡਮ ਰਾਜਵਿੰਦਰ ਕੌਰ ਨੇ ਕੀਤੀ।ਟੂਰ ਤਹਿਤ ਵਿਦਿਆਰਥਣਾਂ ਨੂੰ ਛੱਤਬੀੜ ਚਿੜੀਆਘਰ, ਨੇਕ ਚੰਦ ਰਾਕ ਗਾਰਡਨ ਚੰਡੀਗੜ੍ਹ ਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖਾਏ ਗਏ।ਪ੍ਰਿੰਸੀਪਲ ਧਰਮਿੰਦਰ ਕੁਮਾਰ ਨੇ ਦੱਸਿਆ ਕਿ ਵਿਦਿਆਰਥਣਾਂ ਦੇ ਮਨ ਵਿੱਚ ਵਿਗਿਆਨਕ ਚੇਤਨਾ ਤੇ ਧਾਰਮਿਕ ਮੁੱਲਾਂ ਦੀ ਪੂਰਤੀ ਲਈ ਟੂਰ ਦਾ ਆਯੋਜਨ ਕੀਤਾ ਗਿਆ ਹੈ।ਟੂਰ ਦੌਰਾਨ ਭੁਪਿੰਦਰ ਸਿੰਘ, ਰਾਜਵਿੰਦਰ ਕੌਰ, ਨੀਨਾ ਰਾਣੀ, ਮਨੀਸ਼ਾ ਰਾਣੀ, ਸੁਭਾਵਨਾ ਆਦਿ ਅਧਿਆਪਕਾਂ ਨੇ ਵਿਦਿਆਰਥਣਾਂ ਦਾ ਮਾਰਗ ਦਰਸ਼ਨ ਕੀਤਾ।ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਿੱਕੀ ਪਰੋਚਾ ਧੂਰੀ, ਸੀਨੀਅਰ ਉਪ-ਪ੍ਰਧਾਨ ਪਵਨ ਕੁਮਾਰ ਗਰਗ, ਉਪ-ਪ੍ਰਧਾਨ ਰਾਮ ਪਾਲ ਆਰੀਆ, ਮੈਨੇਜਰ ਵਰਿੰਦਰ ਗਰਗ, ਸੈਕਟਰੀ ਰਾਜੀਵ ਮੋਹਿਲ ਨੇ ਦੱਸਿਆ ਕਿ ਅਜਿਹੇ ਵਿੱਦਿਅਕ ਟੂਰ ਵਿਦਿਆਰਥਣਾਂ ਦੇ ਬੌਧਿਕ ਵਿਕਾਸ ਲਈ ਲਾਹੇਬੰਦ ਸਾਬਤ ਹੋਣਗੇ।

## ਗਲੀ 'ਚ ਕੈਮਰਾ ਲਾਉਣ 'ਤੇ ਹੋਇਆ ਝਗੜਾ

**ਜਲਾਲਾਬਾਦ, (ਜੀਤ ਕੁਮਾਰ)** ਨਿੰਮ ਵਾਲਾ ਚੌਕ ਵਿਖੇ ਗਲੀ 'ਚ ਕੈਮਰਾ ਲਾਉਣ ਦੇ ਸਬੰਧ ਵਿਚ ਹੋਈ ਲੜਾਈ ਵਿੱਚ 2 ਜਣਿਆਂ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਮੁਦੱਈ ਵੀਨਾ ਰਾਣੀ ਪਤਨੀ ਵਿਜੇ ਕੁਮਾਰ ਵਾਸੀ ਸਮਰਾਟ ਪੁਆਇੰਟ ਨਿੰਮ ਵਾਲਾ ਚੌਕ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਸਦਾ ਲੜਕਾ ਗੈਵਿਤ ਕੁਮਾਰ ਆਪਣੇ ਘਰ ਦੇ ਬਾਹਰ ਗਲੀ ਵਿੱਚ ਕਾਲੀ ਸਚਦੇਵਾ ਬਿਜਲੀ ਵਾਲਾ ਨੂੰ ਨਾਲ ਲੈ ਕੇ ਗਲੀ ਵਿਚ ਨਵਾ ਕੈਮਰਾ ਲਵਾ ਰਿਹਾ ਸੀ ਤਾਂ ਮਨੀਸ਼ ਕੁਮਾਰ ਪੁੱਤਰ ਪਰਵਿੰਦਰ ਕੁਮਾਰ ਤੇ ਪਰਵਿੰਦਰ ਕੁਮਾਰ ਪੁੱਤਰ ਬਾਊ ਰਾਮ ਵਾਸੀਆਨ ਨਿੰਮ ਵਾਲਾ ਚੌਕ ਜਲਾਲਾਬਾਦ ਨੇ ਉਸ ਦਾ ਵਿਰੋਧ ਕਰਨ ਲੱਗ ਪਏ ਕਿ ਕੈਮਰਾ ਨਹੀਂ ਲਵਾਉਣ ਦੇਣਾ, ਜਿਸ 'ਤੇ ਉਹ ਉਸਦੇ ਲੜਕੇ ਗੈਵਿਤ ਕੁਮਾਰ ਦੇ ਗਲ਼ ਪੈ ਗਏ ਤੇ ਉਸਦੀ ਕੁੱਟਮਾਰ ਕੀਤੀ ਗਈ, ਜਿਸ 'ਤੇ ਉਸ ਨੇ ਆਪਣੇ ਲੜਕੇ ਨੂੰ ਬਚਾਉਣ ਲਈ ਆਈ ਤਾਂ ਉਨ੍ਹਾਂ ਨੇ ਉਸ ਨੂੰ ਵੀ ਸੱਟਾਂ ਮਾਰ ਦਿੱਤੀਆ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਮੁਦੱਈ ਵੀਨਾ ਰਾਣੀ ਦੇ ਬਿਆਨਾਂ ਦੇ ਅਧਾਰ ਤੇ ਮਨੀਸ਼ ਕੁਮਾਰ ਤੇ ਪਰਵਿੰਦਰ ਕੁਮਾਰ ਦੇ ਖਿਲਾਫ ਮੁਕੱਦਮਾ ਨੰਬਰ 173 ਮਿਤੀ 04-12-2024 ਨੂੰ ਧਾਰਾ 115 (2), 126 (2), 3 (5) ਬੀ.ਐਨ.ਐਸ. ਤਹਿਤ ਦਰਜ ਕੀਤਾ ਗਿਆ ਹੈ।

## ਵਣ ਵਿਭਾਗ ਫਿਰੋਜ਼ਪੁਰ ਯੂਨੀਅਨ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਣ ਵਿਭਾਗ ਫਿਰੋਜ਼ਪੁਰ ਯੂਨੀਅਨ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਮਲਕੀਤ ਸਿੰਘ ਨੇ ਕੀਤੀ। ਮੀਟਿੰਗ ਵਿਚ ਮਲਕੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਕ ਮੰਗ ਪੱਤਰ 8 ਅਕਤੂਬਰ 2024 ਨੂੰ ਦਿੱਤਾ ਗਿਆ ਸੀ, ਵਿਚ ਅਜੇ ਤੱਕ ਕੋਈ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ। ਜਥੇਬੰਦੀ ਨੂੰ ਹੁਣ ਮਜਬੂਰ ਹੋਣਾ ਪੈ ਗਿਆ ਹੈ ਕਿ 10 ਦਸੰਬਰ ਨੂੰ ਧਰਨਾ ਦਿੱਤਾ ਜਾਵੇਗਾ। ਮਲਕੀਤ ਸਿੰਘ ਨੇ ਦੱਸਿਆ ਕਿ ਅਪ੍ਰੈਲ 2024 ਤੋਂ ਵਰਕਰਾਂ ਨੂੰ ਕੰਮਾਂ ਤੋਂ ਹਟਾ ਕੇ ਉਨ੍ਹਾਂ ਦੇ ਪਰਵਾਰਾਂ ਦੀ ਰੋਜ਼ੀ ਰੋਟੀ ਖੋਹ ਲਈ ਹੈ ਤੇ ਡੀ ਐੱਫ ਓ ਦੀ ਪੰਜਾਬ ਜਥੇਬੰਦੀ ਨਾਲ 12 ਜੁਲਾਈ 2023 ਨੂੰ ਮੀਟਿੰਗ ਹੋਈ। ਫੈਸਲੇ ਮੁਤਾਬਿਕ ਵਣ ਰੇਂਜ ਅਫਸਰ ਫਿਰੋਜ਼ਪੁਰ ਵੱਲੋਂ ਕੋਈ ਪਾਲਣਾ ਨਹੀਂ ਕੀਤੀ ਗਈ। ਲਗਭਗ 15 ਮਹੀਨੇ ਤੋਂ ਟਾਇਮ ਉਪਰ ਹੋ ਚੁੱਕਿਆ ਹੈ ਤੇ ਜਥੇਬੰਦੀ ਸਰਕਾਰ ਦੀ ਮਾਨਤਾ ਪ੍ਰਾਪਤ ਹੋਣ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਕੀਤੀ ਗਈ। ਉਨ੍ਹਾਂ ਦੀਆਂ ਮੰਗਾਂ ਜਿਵੇਂ ਹਟਾਏ ਵਰਕਰ ਕੰਮਾਂ 'ਤੇ ਲਗਾਏ ਜਾਣ ਤੇ ਵਰਕਰਾਂ ਦੇ 30 ਸਾਲਾਂ ਤੋਂ ਲੈ ਕੇ ਕੰਮ ਕਰਦੇ ਵਰਕਰਾਂ ਦਾ ਸਰਕਾਰ ਦੇ ਖਾਤੇ ਵਿਚ ਉਨ੍ਹਾਂ ਦਾ ਰਿਕਾਰਡ ਜਾਣਬੁੱਝ ਕੇ ਨਹੀਂ ਪਾਇਆ ਗਿਆ। ਉਨ੍ਹਾਂ ਵਰਕਰਾਂ ਦਾ ਨਾਂ ਰਿਕਾਰਡ ਵਿਚ ਪਾਇਆ ਜਾਵੇ ਅਤੇ ਸਾਡੀ ਜਥੇਬੰਦੀ ਨੂੰ ਦੂਜੀਆਂ ਜਥੇਬੰਦੀਆਂ ਦੇ ਬਰਾਬਰ ਦਾ ਦਰਜਾ ਦਿੱਤਾ ਜਾਵੇ। ਵਰਕਰਾਂ ਨੂੰ ਮੌਸਮੀ ਵਰਦੀਆਂ ਦਿੱਤੀਆਂ ਜਾਣ, ਵਰਕਰਾਂ ਦੇ ਆਈ ਡੀ ਕਾਰਡ ਬਣਾਏ ਜਾਣੇ, ਵਰਕਰਾਂ ਨੂੰ ਕੰਮ ਕਰਨ ਲਈ ਨਵੇਂ ਸੰਦ ਮੁਹੱਈਆਂ ਕਰਵਾਏ ਜਾਣ। ਪ੍ਰਧਾਨ ਨੇ ਆਖਿਆ ਕਿ ਜਥੇਬੰਦੀ ਨੂੰ ਸਮੇਂ ਤੋਂ ਪਹਿਲਾਂ ਮੀਟਿੰਗ ਦਿੱਤੀ ਜਾਵੇ ਤਾਂ ਜੋ ਮਸਲੇ ਹੱਲ ਹੋ ਸਕਣ, ਨਹੀਂ ਤਾਂ ਅਣਮਿੱਥੇ ਸਮੇਂ ਲਈ ਜਥੇਬੰਦੀ ਵੱਲੋਂ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿਚ ਕਾਲਾ ਸਿੰਘ, ਕਰਨੈਲ ਸਿੰਘ, ਨਿਸ਼ਾਨ ਸਿੰਘ, ਲਖਵਿੰਦਰ ਸਿੰਘ, ਪ੍ਰਕਾਸ਼ ਕੌਰ, ਅਮਰਜੀਤ ਕੌਰ, ਆਸ਼ਾ ਕੌਰ, ਗੁਰਪ੍ਰੀਤ ਕੌਰ, ਦੀਪੂ ਕੌਰ ਆਦਿ ਹਾਜ਼ਰ ਸਨ।

## 'ਪੰਜਾਬੀ ਭਾਸ਼ਾ ਦੀਆਂ ਕੰਪਿਊਟਰੀ ਲੋੜਾਂ' ਵਿਸ਼ੇ 'ਤੇ ਵਰਕਸ਼ਾਪ 9 ਨੂੰ

**ਪਟਿਆਲਾ (ਪੱਤਰ ਪ੍ਰੇਰਕ)** : ਪੰਜਾਬ ਸਰਕਾਰ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਲੜੀ 'ਚ 'ਪੰਜਾਬੀ ਭਾਸ਼ਾ ਦੀਆਂ ਕੰਪਿਊਟਰੀ ਲੋੜਾਂ' ਵਿਸ਼ੇ 'ਤੇ ਇੱਕ ਦਿਨਾ ਵਰਕਸ਼ਾਪ 9 ਦਸੰਬਰ ਨੂੰ ਭਾਸ਼ਾ ਭਵਨ ਪਟਿਆਲਾ ਵਿਖੇ ਲਗਵਾਈ ਜਾ ਰਹੀ ਹੈ।ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਉੱਘੇ ਕੰਪਿਊਟਰ ਮਾਹਰ ਡਾ. ਸੀ. ਪੀ. ਕੰਬੋਜ ਤੇ ਸਾਥੀ ਪੰਜਾਬੀ ਭਾਸ਼ਾ ਦੀਆਂ ਅਜੋਕੇ ਮਸ਼ੀਨੀ ਬੁੱਧੀਮਾਨਤਾ ਦੇ ਯੁੱਗ ਵਿੱਚ ਕੰਪਿਊਟਰੀ ਲੋੜਾਂ ਬਾਰੇ ਵਿਸਥਾਰ ਨਾਲ ਅਭਿਆਸ (ਪ੍ਰੈਕਟੀਕਲ) ਰੂਪ 'ਚ ਜਾਣਕਾਰੀ ਦੇਣਗੇ।ਦੋ ਸੈਸ਼ਨਾਂ ਵਾਲੀ ਇਹ ਵਰਕਸ਼ਾਪ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਜਾਰੀ ਰਹੇਗੀ।ਇਸ ਵਰਕਸ਼ਾਪ 'ਚ ਹਿੱਸਾ ਲੈਣ ਲਈ ਸਭ ਨੂੰ ਵਿਸ਼ੇਸ਼ਕਰ ਪੰਜਾਬੀ ਲੇਖਕਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ।ਇਸ ਵਰਕਸ਼ਾਪ 'ਚ ਹਿੱਸਾ ਲੈਣ ਲਈ ਭਾਸ਼ਾ ਵਿਭਾਗ ਦੀ ਈ-ਮੇਲ vikaspunjabi.pblanguages@gmail.com (ਫੋਨ ਨੰਬਰ 9041008888) ਰਾਹੀਂ ਸਮਾਂ ਰਹਿੰਦੇ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੈ।ਇਸ ਵਰਕਸ਼ਾਪ ਦਾ ਮੁੱਖ ਮਨੋਰਥ ਪੰਜਾਬੀ ਭਾਸ਼ਾ ਨੂੰ ਮਸ਼ੀਨੀ ਬੁੱਧੀਮਾਨਤਾ (ਏਆਈ) ਦੇ ਯੁੱਗ ਵਿੱਚ ਸਮੇਂ ਦੇ ਹਾਣੀ ਬਣਾਉਣਾ ਹੈ।

## ਭਾਰਤ ਮਾਲਾ ਰੋਡ 'ਚ ਆ ਰਹੀ ਜ਼ਮੀਨ ਦੇ ਮੁਆਵਜ਼ੇ ਨੂੰ ਲੈ ਕੇ ਰਾਜਗੜ੍ਹ 'ਚ ਧਰਨਾ ਜਾਰੀ

### ਸਿੱਧੂਪੁਰ ਯੂਨੀਅਨ ਪਿੰਡ ਵਾਸੀਆਂ ਨਾਲ ਚੱਟਾਨ ਵਾਂਗ ਖੜ੍ਹੀ : ਡੱਲੇਵਾਲ



**ਦੋਰਾਹਾ (ਹਰਮਿੰਦਰ ਸੇਠ)**-ਰਾਜਗੜ੍ਹ ਵਿਖੇ ਪਿੰਡ ਵਾਸੀਆਂ ਵੱਲੋਂ ਪਿੰਡ ਵਿੱਚ ਚੱਲ ਰਹੇ ਨਿਰੰਤਰ ਧਰਨੇ ਵਿੱਚ ਵੱਡਾ ਇਕੱਠ ਕੀਤਾ ਗਿਆ। ਇਹ ਧਰਨਾ ਪਿੰਡ ਵਿੱਚੋਂ ਨਿਕਲ ਰਹੇ ਭਾਰਤ ਮਾਲਾ ਰੋਡ ਵਿੱਚ ਆ ਰਹੀ ਪਿੰਡ ਦੀ ਜ਼ਮੀਨ ਦੇ ਮੁਆਵਜ਼ੇ ਨੂੰ ਲੈ ਕੇ ਤੇ ਜ਼ਮੀਨ ਦੇ ਮਾਲਕੀਅਤ ਹੱਕ ਲੈਣ ਲਈ ਪਿਛਲੇ ਕਈ ਦਿਨਾਂ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਲਾਇਆ ਜਾ ਰਿਹਾ ਹੈ, ਸਿੱਧੂਪੁਰ ਯੂਨੀਅਨ ਦੇ ਬਲਾਕ ਪ੍ਰਧਾਨ ਗੁਰਜੀਤ ਸਿੰਘ ਨਾਮਧਾਰੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਪਿੰਡ ਰਾਜਗੜ੍ਹ ਦੇ ਕਿਸਾਨ-ਮਜ਼ਦੂਰ 150 ਸਾਲਾਂ ਤੋਂ ਇਸ ਜ਼ਮੀਨ 'ਤੇ ਖੇਤੀਬਾੜੀ ਕਰ ਰਹੇ ਆ ਅਤੇ ਪਰਵਾਰਾਂ ਦੀਆਂ ਪੰਜਵੀਆਂ ਪੀੜ੍ਹੀਆਂ ਚੱਲ ਰਹੀਆਂ ਨੇ ਅਤੇ ਇਨ੍ਹਾਂ ਕਾਸ਼ਤਕਾਰਾਂ ਨੇ ਸਰਕਾਰਾਂ ਦੀਆਂ ਨੀਤੀਆਂ ਅਨੁਸਾਰ ਜ਼ਮੀਨਾਂ ਦੀ ਤਹਿ ਕੀਮਤ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾ ਚੁੱਕੇ ਹਨ, ਜਿਸ ਦੀਆਂ ਰਸੀਦਾਂ ਕਾਸ਼ਤਕਾਰਾਂ ਕੋਲ ਹਨ ਅਤੇ 509 ਏਕੜ ਦੇ ਮਾਲਕੀਅਤ ਹੱਕ ਕੁਝ ਪਰਵਾਰਾਂ ਨੂੰ ਮਿਲ ਵੀ ਚੁੱਕੇ ਹਨ, ਬਾਕੀ ਪਰਵਾਰ ਪੈਸੇ ਭਰਨ ਉਪਰੰਤ ਵੀ ਮਾਲਕੀਅਤ ਹੱਕਾਂ ਤੋਂ ਵਾਂਝੇ ਹਨ ਅਤੇ ਅੱਜ ਤੱਕ ਉਹ ਪਰਵਾਰ ਸਰਕਾਰੇ ਦਰਬਾਰੇ ਧੱਕੇ ਖਾ ਰਹੇ ਹਨ। ਇਸ ਇਕੱਠ ਨੂੰ ਸੰਬੋਧਨ ਕਰਦੇ ਹੋਏ ਬਲਾਕ ਪ੍ਰਧਾਨ ਵੱਲੋਂ ਜਗਜੀਤ ਸਿੰਘ ਡੱਲੇਵਾਲ ਦਾ ਸੁਨੇਹਾ ਵੀ ਪੜ੍ਹਿਆ ਗਿਆ, ਜਿਸ ਵਿੱਚ ਉਨ੍ਹਾਂ ਕਿਹਾ ਕਿ ਡੱਲੇਵਾਲ ਨੇ ਸਰਕਾਰ ਨੂੰ ਸਿੱਧਾ ਸਿੱਧਾ ਕਹਿ ਦਿੱਤਾ ਕਿ ਪਿੰਡ ਰਾਜਗੜ੍ਹ ਦਾ ਉਜਾੜਾ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸਿੱਧੂਪੁਰ ਯੂਨੀਅਨ ਰਾਜਗੜ੍ਹ ਪਿੰਡ ਨਾਲ ਚੱਟਾਨ ਵਾਂਗ ਖੜ੍ਹੀ ਹੈ। ਇਸ ਇਕੱਠ ਵਿੱਚ ਸਿੱਧੂਪੁਰ ਯੂਨੀਅਨ ਦੇ ਆਗੂਆਂ ਤੋਂ ਇਲਾਵਾ ਯਸ਼ਪਾਲ ਸ਼ਰਮਾ ਬਿੱਲੂ, ਸਾਬਕਾ ਸਰਪੰਚ ਜਗਤਾਰ ਸਿੰਘ ਢਿੱਲੋਂ, ਮੌਜੂਦਾ ਸਰਪੰਚ ਨਰਿੰਦਰ ਸਿੰਘ, ਸਾਬਕਾ ਸਰਪੰਚ ਹੈਰੀ ਗਰੇਵਾਲ, ਮੰਨੂ ਗਰੇਵਾਲ, ਬਲਰਾਜ ਸਿੰਘ ਰਾਮਪੁਰ, ਅਮੋਲਕ ਸਿੰਘ ਰਾਮਪੁਰ ਆਦਿ ਆਗੂ ਹਾਜ਼ਰ ਸਨ।

## ਮਹਿਕਪ੍ਰੀਤ ਕੌਰ ਦੀ ਨੈਸ਼ਨਲ ਖੇਡਾਂ ਲਈ ਚੋਣ



**ਚੀਮਾ ਮੰਡੀ (ਰਵਿੰਦਰ ਚੀਮਾ)**-ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ (ਜਮਾਤ ਸੱਤਵੀਂ) ਨੇ ਉਮਰ ਵਰਗ-14 ਕਬੱਡੀ ਵਿੱਚ ਸ਼ਲਾਘਾਯੋਗ ਪ੍ਰਦਰਸ਼ਨ ਕਰਦਿਆਂ ਆਪਣੀ ਚੋਣ ਨੈਸ਼ਨਲ ਪੱਧਰ 'ਤੇ ਸਕੂਲ ਖੇਡਾਂ ਲਈ ਪੱਕੀ ਕਰ ਲਈ ਹੈ। ਮਹਿਕਪ੍ਰੀਤ 10 ਦਸੰਬਰ 2024 ਤੋਂ 12 ਦਸੰਬਰ 2024 ਤੱਕ ਮਹਾਰਾਸ਼ਟਰ ਵਿੱਚ ਹੋਣ ਵਾਲੀਆਂ ਉਮਰ ਵਰਗ-14 ਕਬੱਡੀ ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲਵੇਗੀ।ਅਕਾਲ ਅਕੈਡਮੀ ਦੇ ਪ੍ਰਿੰਸੀਪਲ ਅਨੁਰਾਧਾ ਬੱਬਰ ਨੇ ਦੱਸਿਆ ਕਿ ਜ਼ਿਲ੍ਹਾ ਮੁਕਤਸਰ ਦੇ ਪਿੰਡ ਸੁਖਨਾ ਅਬਲੂ ਵਿੱਚ ਹੋਏ ਨੈਸ਼ਨਲ ਸਿਲੈਕਸ਼ਨ ਕੈਂਪ ਦੌਰਾਨ ਮਹਿਕਪ੍ਰੀਤ ਨੇ ਉਤਕ੍ਰਿਸ਼ਟ ਪ੍ਰਦਰਸ਼ਨ ਕਰਦਿਆਂ ਪੰਜਾਬ ਦੀ ਟੀਮ ਵਿੱਚ ਆਲ ਰਾਊਂਡਰ ਦੇ ਤੌਰ 'ਤੇ ਆਪਣਾ ਸਥਾਨ ਬਣਾਇਆ।ਪ੍ਰਿੰਸੀਪਲ ਨੇ ਕਿਹਾ ਕਿ ਇਹ ਸਿਰਫ ਮਹਿਕਪ੍ਰੀਤ ਲਈ ਹੀ ਨਹੀਂ, ਸਗੋਂ ਅਕੈਡਮੀ ਲਈ ਵੀ ਮਾਣ ਦੀ ਗੱਲ ਹੈ।ਉਨ੍ਹਾਂ ਇਸ ਮੌਕੇ ਅਕੈਡਮੀ ਦੇ ਕਬੱਡੀ ਕੋਚ ਲਖਵਿੰਦਰ ਸਿੰਘ ਅਤੇ ਸਮੂਹ ਸਟਾਫ ਦੀ ਮਿਹਨਤ ਤੇ ਸਹਿਯੋਗ ਦੀ ਵੀ ਤਾਰੀਫ਼ ਕੀਤੀ।

## ਐੱਮ ਐੱਸ ਯੂ ਦੀ ਚੋਣ 'ਚ ਅੰਕੁਸ਼ ਗੋਇਲ ਪ੍ਰਧਾਨ ਤੇ ਅਮਨਦੀਪ ਕਾਂਸਲ ਸਕੱਤਰ ਬਣੇ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਪਾਵਰਕਾਮ ਦੇ ਮੁਲਾਜ਼ਮਾਂ ਦੀ ਮਿਨਿਸਟ੍ਰੀਅਲ ਸਰਵਿਸ ਯੂਨੀਅਨ ਮੰਡਲ ਧੂਰੀ ਦੀ ਸੂਬਾ ਪ੍ਰਧਾਨ ਹਰਪਾਲ ਸਿੰਘ, ਸਰਕਲ ਸੰਗਰੂਰ ਦੇ ਯੋਗੇਸ਼ ਗਰਗ ਸਹਾਇਕ ਸੈਕਟਰੀ, ਗਰੇਵ ਜੋਸ਼ੀ ਕੈਸ਼ੀਅਰ ਤੇ ਹਾਕਮ ਸਿੰਘ ਕੈਸ਼ੀਅਰ ਵੰਡ ਹਲਕਾ ਦਿੜਬਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸਰਬਸੰਮਤੀ ਨਾਲ ਅੰਕੁਸ਼ ਗੋਇਲ ਨੂੰ ਪ੍ਰਧਾਨ ਤੇ ਅਮਨਦੀਪ ਕਾਂਸਲ ਨੂੰ ਸਰਬਸੰਮਤੀ ਨਾਲ ਸਕੱਤਰ ਚੁਣ ਲਿਆ ਗਿਆ।ਮੰਡਲ ਸਕੱਤਰ ਅਮਨਦੀਪ ਕਾਂਸਲ ਵੱਲੋਂ ਦਿੱਤੀ ਸੂਚਨਾ ਮੁਤਾਬਕ ਬਾਕੀ ਅਹੁਦੇਦਾਰਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਵਿੱਚ ਲਖਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਅਮੀਸ਼ ਜਿੰਦਲ ਮੀਤ ਪ੍ਰਧਾਨ, ਹਰਜਿੰਦਰ ਸਿੰਘ ਸਹਾਇਕ ਸਕੱਤਰ, ਦਿਕਸ਼ਾ ਕੈਸ਼ੀਅਰ, ਸਵੇਤ ਗੋਇਲ ਜੁਆਇੰਟ ਸੈਕਟਰੀ, ਅਰਸ਼ਦੀਪ ਸਿੰਘ ਪ੍ਰੈੱਸ ਸਕੱਤਰ, ਹਰਤੇਸ਼ ਸ਼ਰਮਾ, ਨਿਸ਼ਾ, ਨਵੀਨ ਸਿੰਗਲਾ ਕਾਰਜਕਾਰੀ ਮੈਂਬਰ ਨਾਮਜ਼ਦ ਕੀਤੇ ਗਏ।ਪ੍ਰਧਾਨ ਅੰਕੁਸ਼ ਗੋਇਲ ਤੇ ਸਕੱਤਰ ਅਮਨਦੀਪ ਕਾਂਸਲ ਨੇ ਸਾਥੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਮੰਗਾਂ ਤੇ ਮੁਸ਼ਕਲਾਂ ਲਈ ਸਦਾ ਤਤਪਰ ਰਹਿਣਗੇ।

# ਮਾਵਾਂ ਦੀ ਮੌਤ ਨੂੰ ਘਟਾਉਣ ਲਈ ਰਾਜ ਪੱਧਰੀ ਸਿਖਲਾਈ ਵਰਕਸ਼ਾਪ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਨੇ ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਡਾਇਰੈਕਟੋਰੇਟ-ਜੀਓਪੀ ਦੁਆਰਾ ਸਹਿਯੋਗੀ ਮਿਸ਼ਨ ਤੰਦਰੁਸਤ ਪੰਜਾਬ ਅਧੀਨ ਨਵੀਨਤਾਕਾਰੀ ਦਖਲਅੰਦਾਜ਼ੀ ਦਾ ਪ੍ਰਦਰਸ਼ਨ ਕਰਕੇ ਪੀਪੀਐਚ ਪ੍ਰੇਰਿਤ ਮਾਵਾਂ ਦੀ ਮੌਤ ਦਰ ਨੂੰ ਘਟਾਉਣ ਲਈ ਘੱਟ ਲਾਗਤ ਵਾਲੇ ਦਖਲਅੰਦਾਜ਼ੀ 'ਤੇ ਕੇਂਦ੍ਰਿਤ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਏਮਜ਼-ਬਠਿੰਡਾ ਨਾਲ ਭਾਈਵਾਲੀ ਕੀਤੀ ਹੈ।ਵਰਕਸ਼ਾਪ ਵਿੱਚ 100 ਤੋਂ ਵੱਧ ਮੈਡੀਕਲ ਅਫ਼ਸਰ, ਗਾਇਨੀਕੋਲੋਜਿਸਟ ਤੇ ਹੋਰ ਸਿਹਤ ਸੰਭਾਲ ਪੇਸ਼ੇਵਰਾਂ ਨੇ ਹਿੱਸਾ ਲਿਆ।

ਪ੍ਰੋ. (ਡਾ.) ਰਾਜੀਵ ਸੂਦ, ਉਪ ਕੁਲਪਤੀ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ.ਐਫ.ਯੂ.ਐਚ.ਐਸ.) ਫ਼ਰੀਦਕੋਟ ਨੇ ਵਰਕਸ਼ਾਪ ਦਾ ਉਦਘਾਟਨ ਕੀਤਾ ਤੇ ਇਸ ਉਪਰਾਲੇ ਲਈ ਸਾਇੰਸ ਅਤੇ ਤਕਨਾਲੋਜੀ ਵਿਭਾਗ, ਜੀਜੀਐਸਐਮਸੀਐਚ ਫ਼ਰੀਦਕੋਟ ਤੇ ਏਮਜ਼ ਬਠਿੰਡਾ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਮਾਵਾਂ ਦੀ ਮੌਤ ਦਰ ਦੇ ਪ੍ਰਬੰਧਨ ਲਈ ਸਿਹਤ ਸੰਸਥਾਵਾਂ ਲਈ ਰੈਫਰਲ ਪ੍ਰੋਟੋਕੋਲ ਸਮੇਤ ਭਾਰਤੀ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਉਦਘਾਟਨੀ ਸੈਸ਼ਨ 'ਚ ਡਾ. ਦਪਿੰਦਰ ਕੌਰ ਬਖਸ਼ੀ, ਸੰਯੁਕਤ ਡਾਇਰੈਕਟਰ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਨੇ ਦੱਸਿਆ ਕਿ ਨਾਨ-ਨਿਊਮੈਟਿਕ ਐਂਟੀ ਸ਼ੌਕ ਗਾਰਮੈਂਟ (ਐਨ.ਏ.ਐਸ.ਜੀ.) ਤੇ ਯੂਟਰਾਈਨ ਬੈਲੂਨ ਟੈਂਪੋਨੇਡ (ਯੂ.ਬੀ.ਟੀ.) ਦੋ ਦਖਲਅੰਦਾਜ਼ੀ ਪਹਿਲਾਂ ਹੀ ਬਠਿੰਡਾ ਤੇ ਫ਼ਰੀਦਕੋਟ ਜ਼ਿਲ੍ਹਿਆਂ ਵਿੱਚ ਪਾਇਲਟ ਕੀਤੀਆਂ ਜਾ ਚੁੱਕੀਆਂ ਹਨ।

ਪ੍ਰੋਫੈਸਰ ਤੇ ਮੁਖੀ ਡਾ. ਲਾਜਿਆ ਦੇਵੀ ਗੋਇਲ, ਗਾਇਨੀਕੋਲੋਜੀ ਵਿਭਾਗ, ਏਮਜ਼ ਬਠਿੰਡਾ ਨੇ ਦੱਸਿਆ ਕਿ ਜੀਜੀਐਸਐਮਸੀ-ਫਰੀਦਕੋਟ, ਜੀਐਮਸੀ-ਅੰਮ੍ਰਿਤਸਰ ਤੇ ਜੀਐਮਸੀ-ਪਟਿਆਲਾ ਏਮਜ਼ ਬਠਿੰਡਾ ਦੇ ਨਾਲ ਮਿਲ ਕੇ ਇੱਕ ਹੱਬ ਤੇ ਸਪੋਕ ਮਾਡਲ ਵਿੱਚ ਕੰਮ ਕਰਨਗੇ ਤੇ ਇਨ੍ਹਾਂ ਕੇਂਦਰਾਂ ਨੂੰ ਜ਼ਿਲ੍ਹਿਆਂ-ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਮੋਗਾ, ਮੁਕਤਸਰ, ਫ਼ਰੀਦਕੋਟ ਤੇ ਮਾਨਸਾ ਦੇ ਡਿਲੀਵਰੀ ਪੁਆਇੰਟਾਂ ਲਈ ਸਿਖਲਾਈ ਪ੍ਰਦਾਨ ਕਰਨ ਲਈ ਮਾਸਟਰ ਟ੍ਰੇਨਿੰਗ ਦਿੱਤੀ ਜਾਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ ਲਈ ਪਹਿਲੀ ਵਰਕਸ਼ਾਪ ਪਹਿਲਾਂ ਹੀ ਲਾਈ ਜਾ ਚੁੱਕੀ ਹੈ ਤੇ ਮੋਗਾ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਲਈ ਇਹ ਦੂਜੀ ਵਰਕਸ਼ਾਪ ਹੈ।

ਡਾ. ਚੰਦਰਸ਼ੇਖਰ, ਸਿਵਲ ਸਰਜਨ ਨੇ ਅਨੀਮੀਆ, ਉੱਚ ਜ਼ੋਖ਼ਮ ਗਰਭ ਅਵਸਥਾ, ਸਮੁੱਚੀ ਪਹੁੰਚ ਲਈ ਸਮੇਂ ਸਿਰ ਰੈਫਰਲ ਵਰਗੇ ਨਾਜ਼ੁਕ ਕਾਰਕਾਂ ਦੇ ਏਕੀਕਰਣ 'ਤੇ ਜ਼ੋਰ ਦਿੱਤਾ ਅਤੇ ਭਾਗ ਲੈਣ ਵਾਲੇ ਮੈਡੀਕਲ ਅਫਸਰਾਂ ਨੂੰ ਪੰਜਾਬ ਦੀ ਘੱਟ ਹੋਈ ਐਮਐਮਆਰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਵਧੀਆ ਅਭਿਆਸ ਅਪਣਾਉਣ ਦੀ ਅਪੀਲ ਕੀਤੀ।

## ਬਿਜਲੀ ਘਰ ਬਹੁਤ ਜਲਦ ਅੱਪਗਰੇਡ ਕਰਕੇ 132 ਕੇ.ਵੀ ਦਾ ਕੀਤਾ ਜਾਵੇਗਾ : ਹਰਭਜਨ ਸਿੰਘ ਈ ਟੀ ਓ



**ਮਮਦੋਟ (ਜਸਬੀਰ ਸਿੰਘ ਕੰਬੋਜ)** ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਵਾਸਤੇ ਬਿਜਲੀ ਘਰ ਬਹੁਤ ਜਲਦ ਅੱਪਗਰੇਡ ਕਰਕੇ 132 ਕੇ.ਵੀ ਦਾ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਪੰਜਾਬ ਪੈਲਿਸ ਵਿਖੇ ਨਵੀਆਂ ਬਣੀਆਂ ਗ੍ਰਾਮ ਪੰਚਾਇਤਾਂ ਦੇ ਚੁਣੇ ਗਏ ਸਰਪੰਚਾਂ ਤੇ ਪੰਚਾਂ ਨਾਲ ਵਿਸ਼ੇਸ਼ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੀਤਾ।ਐਡਵੋਕੇਟ ਰਜਨੀਸ਼ ਕੁਮਾਰ ਦਹੀਯਾ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸ਼੍ਰੀ ਰਜਨੀਸ਼ ਕੁਮਾਰ ਦਹੀਯਾ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਸਮੁੱਚੀ ਆਪ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ ਸਾਡੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਹਲਕਾ ਦਿਹਾਤੀ ਵਿਖੇ ਪੰਚਾਇਤੀ ਚੋਣਾਂ ਵਿੱਚ 234 'ਚੋਂ 222 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ ਜੋ ਆਮ ਆਦਮੀ ਪਾਰਟੀ ਦੇ ਭ੍ਰਿਸ਼ਟਾਚਾਰ ਮੁਕਤ ਲੋਕ ਪੱਖੀ ਨੀਤੀਆਂ ਦਾ ਹੀ ਨਤੀਜਾ ਹੈ।ਵਿਧਾਇਕ ਨੇ ਮੰਤਰੀ ਨੂੰ ਮਮਦੋਟ ਵਿਖੇ ਬਿਜਲੀ ਘਰ 66 ਕੇਵੀ ਤੋਂ 132 ਕੇਵੀ ਨਵੀਨੀਕਰਨ ਕਰਨ ਦੀ ਮੰਗ ਕੀਤੀ, ਜਿਸ ਦਾ ਕੈਬਨਿਟ ਮੰਤਰੀ ਵੱਲੋਂ ਮੌਕੇ ਤੇ ਹੀ ਛੇਤੀ ਤੋਂ ਛੇਤੀ ਪੂਰਾ ਕਰਨ ਦਾ ਭਰੋਸਾ ਦਿੱਤਾ।ਇਸ ਤੋਂ ਇਲਾਵਾ ਵਿਧਾਇਕ ਸ਼੍ਰੀ ਦਹੀਯਾ ਵੱਲੋਂ ਹੋਰ ਵਿਕਾਸ ਕਾਰਜਾਂ ਬਾਰੇ ਵੀ ਮੰਗ ਰੱਖੀ ਗਈ, ਜੋ ਕੈਬਨਿਟ ਮੰਤਰੀ ਵੱਲੋ ਪ੍ਰਵਾਨ ਕੀਤੀਆਂ ਗਈਆਂ।

# ਡੀ ਸੀ ਵੱਲੋਂ ਪਿੰਡਾਂ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ



**ਮਾਲੇਰਕੋਟਲਾ (ਅਸਗਰ ਪਰਿਹਾਰ)** ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਜ਼ਿਲ੍ਹੇ ਦੇ ਪਿੰਡਾਂ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਮਹੀਨਾਵਾਰ ਮੀਟਿੰਗ ਦੌਰਾਨ ਜਾਇਜ਼ਾ ਲਿਆ।

ਉਨ੍ਹਾਂ ਜ਼ਿਲ੍ਹੇ ਨੂੰ ਓ.ਡੀ.ਐਫ.ਪਲਸ ਮਾਡਲ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਹੋਰ ਤੇਜ਼ੀ ਨਾਲ ਕੰਮ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਬੀ.ਡੀ.ਪੀ.ਓਜ ਚੱਲ ਰਹੇ ਕੰਮਾਂ ਦੀ ਖੁਦ ਮੌਕੇ 'ਤੇ ਜਾ ਕੇ ਨਿਗਰਾਨੀ ਕਰਨਾ ਯਕੀਨੀ ਬਣਾਉਣ।ਮੀਟਿੰਗ 'ਚ ਏ.ਡੀ.ਸੀ (ਪੇਂਡੂ ਵਿਕਾਸ) ਨਵਦੀਪ ਕੌਰ, ਡੀ.ਡੀ.ਪੀ.ਓ ਰਿੰਪੀ ਗਰਗ, ਬੀ.ਡੀ.ਪੀ.ਓ ਅਹਿਮਦਗੜ੍ਹ ਗੁਰਮੀਤ ਸਿੰਘ, ਬੀ.ਡੀ.ਪੀ.ਓ ਜਗਰਾਜ ਸਿੰਘ, ਏ.ਈ. ਇੰਜ. ਦਵਿੰਦਰ ਸਿੰਘ, ਜੇ.ਈ ਇੰਜ ਜਿਮੀ ਖਾਨ, ਜੇ ਈ ਇੰਜ ਬਹਾਦਰ ਸਿੰਘ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਮਹਾਤਮਾ ਗਾਂਧੀ ਕੌਮੀ ਦਿਹਾਤੀ ਰੋਜ਼ਗਾਰ ਗਰੰਟੀ ਯੋਜਨਾ ਦਾ ਜਾਇਜ਼ਾ ਲੈਂਦਿਆਂ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀਆਂ ਨੂੰ ਟੀਚੇ ਪੂਰ ਕਰਨ ਦੀ ਹਦਾਇਤ ਕੀਤੀ ਤੇ ਕਿਹਾ ਮਗਨਰੇਗਾ ਮਜ਼ਦੂਰਾਂ ਨੂੰ ਪੂਰੇ ਦਿਨ ਰੋਜ਼ਗਾਰ ਮੁਹੱਈਆ ਕਰਾਉਣ ਲਈ ਸਾਰਥਕ ਰਣਨੀਤੀ ਉਲੀਕੀ ਜਾਵੇ ਅਤੇ ਟੀਚਿਆਂ ਨੂੰ ਸੌ ਫ਼ੀਸਦੀ ਰੱਖਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਪਿੰਡਾਂ 'ਚ ਚੱਲ ਰਹੇ ਵੱਖ-ਵੱਖ ਕੰਮਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਤੇ ਕਿਹਾ ਕਿ ਮੀਟਿੰਗ ਦੌਰਾਨ ਦਿੱਤੇ ਨਿਰਦੇਸ਼ਾਂ 'ਤੇ ਕੀਤੀ ਗਈ ਕਾਰਵਾਈ ਸਬੰਧੀ ਅਗਲੀ ਮੀਟਿੰਗ ਵਿੱਚ ਰਿਪੋਰਟ ਦਿੱਤੀ ਜਾਵੇ, ਤਾਂ ਜੁ ਕੀਤੀ ਗਈ ਕਾਰਗੁਜ਼ਾਰੀ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ।ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਜ਼ਿਲ੍ਹੇ ਦੇ ਪਿੰਡ ਵਿਖੇ ਬਣਾਏ ਜਾ ਰਹੇ ਸਾਲਿਡ ਵੇਸਟ ਤੇ ਲਿਕੂਅਡ ਵੇਸਟ ਮੈਨੇਜਮੈਂਟ ਸਿਸਟਮ, ਲਾਇਬ੍ਰੇਰੀਆਂ, ਸਾਂਝੇ ਤੇ ਨਿੱਜੀ ਪਖਾਨਿਆਂ ਦੀ ਉਸਾਰੀ, ਪਾਰਕਾਂ ਦੇ ਨਿਰਮਾਣ, ਸਾਫ ਸਫਾਈ ਅਤੇ ਪਿੰਡ ਵਿੱਚ ਬਣਾਏ ਜਾ ਰਹੇ ਖੇਡ ਮੈਦਾਨ ਦਾ ਜਾਇਜ਼ਾ ਵਿਸ਼ੇਸ ਤੌਰ 'ਤੇ ਲਿਆ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਿੰਡਾਂ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਨ੍ਹਾਂ ਕੰਮਾਂ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਸਹਿਜੋ ਮਾਜਰਾ ਸਕੂਲ ਦੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਸਹਿਜੋ ਮਾਜਰਾ ਵਿਖੇ ਸਥਿਤ ਸਰਕਾਰੀ ਹਾਈ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਪ੍ਰਧਾਨ ਯੂਥ ਕਾਂਗਰਸ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਕਾਨੂੰਨਗੋ ਹਰਦੀਪ ਸਿੰਘ, ਸਾਬਕਾ ਸਰਪੰਚ ਸਵਰਨ ਸਿੰਘ, ਬਲਵੰਤ ਸਿੰਘ, ਸਾਬਕਾ ਪੰਚ ਕੁਲਵਿੰਦਰ ਸਿੰਘ ਵੱਲੋਂ ਸੰਯੁਕਤ ਰੂਪ ਵਿੱਚ ਵਿਦਿਆਰਥੀਆਂ ਨੂੰ ਇਹ ਵਰਦੀਆਂ ਵੰਡੀਆਂ ਗਈਆਂ। ਉਨ੍ਹਾਂ ਭਵਿੱਖ ਵਿੱਚ ਵੀ ਸਕੂਲ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ। ਪ੍ਰਿੰਸੀਪਲ ਪ੍ਰਭਸਿਮਰਨਜੀਤ ਸਿੰਘ ਨੇ ਉਕਤ ਆਗੂਆਂ ਦਾ ਧੰਨਵਾਦ ਪ੍ਰਗਟਾਇਆ। ਇਸ ਮੌਕੇ ਸਿਮਰਜੋਤ ਸਿੰਘ, ਹਰਜੀਤ ਸਿੰਘ, ਰਜਿੰਦਰ ਸਿੰਘ, ਹਰਮਪ੍ਰੀਤ ਕੌਰ, ਰਮਨਪ੍ਰੀਤ ਕੌਰ, ਰਮਨੀਤ ਕੌਰ, ਨੀਲਮਾ ਸ਼ਰਮਾ, ਮਲਕੀਤ ਸਿੰਘ ਮੌਜੂਦ ਸਨ।



# ਨਸ਼ਿਆਂ ਤੋਂ ਪੁੱਤ ਬਚਾਵਾਂਗੇ, ਕਾਰਪੋਰੇਟਾਂ ਨੂੰ ਭਜਾਵਾਂਗੇ : ਸਭਰਾ, ਤਲਵੰਡੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਜੋਨ ਮੱਖੂ ਵਿਖੇ ਕਿਸਾਨ ਆਗੂਆਂ ਵੱਲੋਂ ਪਿੰਡ ਬਾਹਰਵਾਲੀ ਵਿਖੇ ਇਕਾਈ ਪ੍ਰਧਾਨ ਤਰਸੇਮ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਬੀਬੀਆਂ ਦਾ ਗਠਨ ਕਾਇਮ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਬਲਜਿੰਦਰ ਸਿੰਘ ਤਲਵੰਡੀ, ਸਾਹਿਬ ਸਿੰਘ ਤਲਵੰਡੀ ਨਿਪਾਲਾਂ ਨੇ ਆਖਿਆ ਕਿ 6 ਦਸੰਬਰ ਨੂੰ ਸ਼ੰਭੂ ਬਾਰਡਰ ਤੋਂ ਪੈਦਲ ਜੱਥਾ ਸੂਬਾ ਆਗੂਆਂ ਦੀ ਅਗਵਾਈ ਹੇਠ ਦਿੱਲੀ ਵੱਲ ਸ਼ਾਂਤਮਈ ਤਰੀਕੇ ਨਾਲ ਕਿਸਾਨੀ ਮੰਗਾਂ ਨੂੰ ਲਾਗੂ ਕਰਾਉਣ ਲਈ ਰਵਾਨਾ ਹੋਵੇਗਾ ਤੇ ਜੇਕਰ ਕੇਂਦਰ ਸਰਕਾਰ ਤੇ ਸਟੇਟ ਸਰਕਾਰਾਂ ਵਲੋਂ ਕੋਈ ਵੀ ਜਬਰ ਕੀਤਾ ਗਿਆ ਤਾਂ ਕਿਸਾਨ ਮਜ਼ਦੂਰ ਚੁੱਪ ਨਹੀਂ ਬੈਠਣਗੇ ਤੇ ਪੰਜਾਬ ਦੇ ਹਰੇਕ ਪਿੰਡ, ਸ਼ਹਿਰ ਵਿੱਚ ਨਸ਼ਿਆਂ ਦੇ ਕਾਰੋਬਾਰ ਪੂਰੇ ਜ਼ੋਰਾਂ ਨਾਲ ਚੱਲ ਰਹੇ ਹਨ, ਜੋ ਕਾਰਪੋਰੇਟ ਘਰਾਣਿਆਂ, ਮੰਤਰੀਆ, ਸੰਤਰੀਆਂ ਤੇ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵਿਕ ਰਹੇ ਹਨ।ਬੀਬੀਆਂ ਦੀ 41 ਮੈਂਬਰੀ ਕਮੇਟੀ ਦਾ ਪ੍ਰਧਾਨ ਬੀਬੀ ਮਨਜੀਤ ਕੌਰ ਨੂੰ ਬਣਾਇਆ ਗਿਆ ਤੇ ਮੈਂਬਰ ਬੀਬੀਆਂ ਬਲਜਿੰਦਰ ਕੌਰ, ਬਲਜੀਤ ਕੌਰ, ਮਹਿੰਦਰ ਕੌਰ, ਲਖਵਿੰਦਰ ਕੌਰ, ਨਿਰਮਲਜੀਤ ਕੌਰ, ਪਰਮਜੀਤ ਕੌਰ, ਬਲਵੀਰ ਕੌਰ, ਚਰਨਜੀਤ ਕੌਰ, ਕਰਮਜੀਤ ਕੌਰ, ਕਮਲਪ੍ਰੀਤ ਕੌਰ, ਰਮਨਦੀਪ ਕੌਰ, ਗੁਰਦੀਪ ਕੌਰ, ਦਵਿੰਦਰ ਕੌਰ, ਪਰਵਿੰਦਰ ਕੌਰ ਹਰਪ੍ਰੀਤ ਕੌਰ ਨਿਰਮਲਜੀਤ ਕੌਰ, ਪ੍ਰਵੀਨ ਕੌਰ, ਗੁਰਮੀਤ ਕੌਰ, ਬਲਵੀਰ ਕੌਰ, ਕੁਲਦੀਪ ਕੌਰ, ਗੁਰਦੀਪ ਕੌਰ, ਹਰਜੀਤ ਕੌਰ, ਗੁਰਮੀਤ ਕੌਰ, ਅਮਰੀਕ ਕੌਰ, ਦਲਜੀਤ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਕਸ਼ਮੀਰ ਕੌਰ, ਬਲਵੀਰ ਕੌਰ, ਕਿਰਨਦੀਪ ਕੌਰ, ਸੁਖਬੀਰ ਕੌਰ, ਸੁਖਜਿੰਦਰ ਕੌਰ, ਸੁਖਦੀਪ ਕੌਰ, ਗੁਰਮੀਤ ਕੌਰ, ਅਮਰਜੀਤ ਕੌਰ, ਰਾਜਵੀਰ ਕੌਰ ਨੂੰ ਨਿਯੁਕਤ ਕੀਤਾ ਗਿਆ।ਬੀਬੀਆਂ ਵੱਲੋਂ ਜਥੇਬੰਦੀ ਦੇ ਸੰਵਿਧਾਨ ਅਨੁਸਾਰ ਕੰਮ ਕਰਨ, ਜਥੇਬੰਦੀ ਦੇ ਉਲੀਕੇ ਪ੍ਰੋਗਰਾਮਾਂ ਤੇ ਕਿਸਾਨੀ ਅੰਦੋਲਨਾਂ ਵਿੱਚ ਪਹੁੰਚਣ ਤੇ ਨਸ਼ਿਆਂ ਦੇ ਰੋਕਥਾਮ ਲਈ ਹੋਕੇ ਦਿੱਤੇ।

## ਗੈਸ ਪਾਈਪ ਲਾਈਨ ਮੋਰਚੇ ਤੋਂ ਗ੍ਰਿਫ਼ਤਾਰ ਕੀਤੇ ਕਿਸਾਨਾਂ ਦੀ ਰਿਹਾਈ ਲਈ ਦਿੱਤਾ ਮੰਗ ਪੱਤਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਲੇਲੇਵਾਲਾ ਗੈਸ ਪਾਈਪ ਲਾਈਨ ਮੋਰਚੇ ਤੋਂ ਅੱਜ ਤੜਕਸਾਰ ਪੁਲਸ ਵੱਲੋਂ ਚੁੱਕੇ ਕਿਸਾਨਾਂ ਦੇ ਹੱਕ ਵਿੱਚ ਨਾਅਰਾ ਮਾਰਦੇ ਹੋਏ ਬਠਿੰਡਾ ਜ਼ਿਲ੍ਹੇ ਦੀਆਂ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਇੱਕ ਵਫਦ ਨੇ ਇੰਚਾਰਜ ਖੇਤਰੀ ਦਫਤਰ ਮੁੱਖ ਮੰਤਰੀ ਪੰਜਾਬ ਰਾਹੀਂ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮੰਗ ਪੱਤਰ ਭੇਜਦੇ ਹੋਏ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਪਿੰਡ ਲੇਲੇਵਾਲਾ ਦੇ ਕਿਸਾਨਾਂ ਨਾਲ ਕੀਤੇ ਹੋਏ ਸਮਝੌਤੇ ਮੁਤਾਬਕ ਪ੍ਰਤੀ ਏਕੜ 24 ਲੱਖ ਰੁਪਏ ਮੁਆਵਜ਼ਾ ਦੇਣ ਦੇ ਵਾਅਦੇ ਨੂੰ ਲਾਗੂ ਕਰੇ ਤੇ ਜਨਤਕ ਲੋਕਾਂ ਦੁਆਰਾ ਸੰਘਰਸ਼ ਕਰਨ ਦੇ ਹੱਕ ਨੂੰ ਕੁਚਲਦੇ ਹੋਏ ਮੁਆਵਜ਼ੇ ਦੀ ਮੰਗ ਕਰ ਰਹੇ ਕਿਸਾਨਾਂ ਦੀ ਧੱਕੇ ਨਾਲ ਕੀਤੀ ਗਿਰਫਤਾਰੀ ਰੱਦ ਕਰਕੇ ਗਿਰਫਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ।ਇੱਥੇ ਜ਼ਿਲ੍ਹੇ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ, ਜਿਨ੍ਹਾਂ ਵਿੱਚ ਡੈਮੋਕ੍ਰੇਟਿਕ ਟੀਚਰ ਫਰੰਟ, ਨੌਜਵਾਨ ਭਾਰਤ ਸਭਾ, ਪੀਐੱਸਯੂ ਸ਼ਹੀਦ ਰੰਧਾਵਾ ਪੰਜਾਬ, ਖੇਤ ਮਜ਼ਦੂਰ ਯੂਨੀਅਨ ਲਹਿਰਾ ਮੁਹੱਬਤ, ਥਰਮਲ ਪਲਾਂਟ ਯੂਨੀਅਨ, ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ, ਪੀ ਐੱਸ ਪੀ ਸੀ ਐੱਲ ਤੇ ਪੀਐੱਸਟੀਸੀਐੱਲ ਕੰਟਰੈਕਚੂਅਲ ਵਰਕਰ ਯੂਨੀਅਨ ਪੰਜਾਬ ਵੱਲੋਂ ਵੱਖ ਵੱਖ ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਲੇਲੇਵਾਲਾ ਵਿਖੇ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਵਿਛਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 2023 ਵਿੱਚ ਕਿਸਾਨਾਂ ਨੂੰ ਪ੍ਰਤੀ ਏਕੜ 24 ਲੱਖ ਰੁਪਏ ਤੇ ਅਸਲਾ ਦੇ ਉਜਾੜੇ ਦਾ ਮੁਆਵਜ਼ਾ ਦੇਣ ਦਾ ਸਮਝੌਤਾ ਕੀਤਾ ਗਿਆ ਸੀ। ਇਸ ਸਮਝੌਤੇ ਤਹਿਤ ਕਿਸਾਨਾਂ ਨੂੰ ਪਿਛਲੇ ਇੱਕ ਸਾਲ ਤੋਂ ਮੁਆਵਜ਼ਾ ਦੇਣ ਦੀ ਥਾਂ ਕੀਤੇ ਸਮਝੌਤੇ ਨੂੰ ਟਾਲ ਮਟੋਲ ਜ਼ਰੀਏ ਲਮਕਾਇਆ ਜਾ ਰਿਹਾ ਸੀ, ਜਿਸ ਖਿਲਾਫ ਕਿਸਾਨਾਂ ਵੱਲੋਂ ਸ਼ਾਂਤਮਈ ਤਰੀਕੇ ਨਾਲ ਪੱਕਾ ਮੋਰਚਾ ਲਗਾਇਆ ਹੋਇਆ ਸੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਸਮਝੌਤੇ ਨੂੰ ਲਾਗੂ ਕਰਨ ਦੀ ਜਗ੍ਹਾ ਅੱਜ ਸਵੇਰੇ ਤੜਕਸਾਰ ਮੋਰਚੇ ਵਿੱਚ ਹਾਜ਼ਰ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦਾ ਸਾਰਾ ਸਾਮਾਨ ਉਥੋਂ ਚੁੱਕ ਲਿਆ ਗਿਆ ਹੈ, ਜਿਸ ਦੀ ਅਸੀਂ ਸਮੂਹ ਜਨਤਕ ਜਥੇਬੰਦੀਆਂ ਨੇ ਪੁਰਜ਼ੋਰ ਨਿੰਦਾ ਕਰਦੇ ਹੋਏ ਲੋਕਾਂ ਦੇ ਸੰਘਰਸ਼ ਕਰਨ ਦੇ ਹੱਕ ਨੂੰ ਕੁਚਲਣ ਤੇ ਵਾਅਦੇ ਤੋਂ ਮੁੱਕਰ ਕੇ ਜਬਰੀ ਕਿਸਾਨਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਵਿਛਾਉਣ ਦੀ ਨਿਖੇਧੀ ਕਰਦੇ ਹਾਂ।ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਤੁਰੰਤ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕਰੇ, ਉਨ੍ਹਾਂ ਦਾ ਬਣਦਾ ਮੁਆਵਜ਼ਾ ਜਾਰੀ ਕਰੇ ਤੇ ਜਬਰੀ ਕਿਸਾਨਾਂ ਦੀਆਂ ਜ਼ਮੀਨਾਂ ਅੰਦਰ ਗੈਸ ਪਾਈਪ ਲਾਈਨ ਵਿਛਾਉਣੀ ਬੰਦ ਕਰੇ। ਆਗੂਆਂ ਨੇ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਜ਼ਿਲ੍ਹੇ ਦੀਆਂ ਸਮੂਹ ਜਨਤਕ ਜਥੇਬੰਦੀਆਂ ਕਿਸਾਨਾਂ ਦੇ ਨਾਲ ਹਨ, ਜੇਕਰ ਪ੍ਰਸ਼ਾਸਨ ਕਿਸਾਨਾਂ ਦੀਆਂ ਮੰਗਾਂ ਤੁਰੰਤ ਹੱਲ ਨਹੀਂ ਕਰਦਾ ਤਾਂ ਸਮੂਹ ਜਨਤਕ ਜਥੇਬੰਦੀਆਂ ਕਿਸਾਨਾਂ ਦੇ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀਆਂ ਹੋਣਗੀਆਂ।ਅੱਜ ਦੇ ਵਫਦ ਵਿੱਚ ਨੌਜਵਾਨ ਭਾਰਤ ਸਭਾ ਵੱਲੋਂ ਬਲਕਰਨ ਸਿੰਘ, ਸਰਬਜੀਤ ਸ਼ਰਮਾ, ਡੈਮੋਕ੍ਰੇਟਿਕ ਟੀਚਰ ਫਰੰਟ ਵੱਲੋਂ ਜਸਵਿੰਦਰ ਸਿੰਘ ਹਾਜ਼ਰ ਸਨ।

## ਪੰਜਾਬੀ ਮਾਂ ਬੋਲੀ ਦਿਵਸ ਮੌਕੇ ਜਾਗਰੂਕਤਾ ਸਮਾਗਮ

**ਬਰੇਟਾ (ਰੀਤਵਾਲ)**-ਸਥਾਨਕ ਸਰਕਾਰੀ ਮਿਡਲ ਸਕੂਲ ਬਰੇਟਾ ਪਿੰਡ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮੌਕੇ ਜਾਗਰੂਕਤਾ ਸਮਾਗਮ ਕਰਾਇਆ ਗਿਆ।ਸਮਾਗਮ 'ਚ ਬਤੌਰ ਮੁੱਖ ਮਹਿਮਾਨ ਪਹੁੰਚੇ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ ਕੌਮਾਂ ਮਾਂ ਬੋਲੀ ਨੂੰ ਵਿਸਾਰ ਦਿੰਦੀਆਂ ਨੇ ਉਹ ਕੌਮਾਂ ਜ਼ਿਆਦਾ ਤਰੱਕੀ ਨਹੀਂ ਕਰ ਪਾਉਂਦੀਆਂ।ਮਹਾਨ ਕਵੀ ਭਾਈ ਵੀਰ ਸਿੰਘ ਦੀਆਂ ਸਾਹਿਤਕ ਰਚਨਾਵਾਂ ਬਾਰੇ ਵਿਸਥਾਰ ਪੂਰਵਕ ਗੱਲ ਕੀਤੀ।ਸਮਾਗਮ ਦੇ ਮੁੱਖ ਬੁਲਾਰੇ ਸ਼ਾਇਰ ਕੁਲਜੀਤ ਪਾਠਕ ਨੇ ਗੁਰਮੁੱਖੀ ਲਿੱਪੀ ਤੇ ਸਿੱਖਣ ਸਿਖਾਉਣ ਵਿੱਚ ਮਾਂ ਬੋਲੀ ਪੰਜਾਬੀ ਦੀ ਮਹੱਤਤਾ ਬਾਰੇ ਉਦਾਹਰਨਾਂ ਦਿੰਦਿਆਂ ਸੰਵਾਦ ਰਚਾਇਆ।ਮਾਤ ਭਾਸ਼ਾ ਮਨੁੱਖ ਨੂੰ ਸੰਪੂਰਨ ਇਨਸਾਨ ਬਣਨ ਤੇ ਰੋਜ਼ੀ ਰੋਟੀ ਲਈ ਲਾਹੇਬੰਦੀ ਕਿਵੇਂ ਸਾਬਿਤ ਹੁੰਦੀ ਹੈ, ਬਾਰੇ ਵੀ ਗੱਲਬਾਤ ਕੀਤੀ ਗਈ।ਵਿਦਿਆਰਥੀਆਂ ਦੇ ਸੁਆਲਾਂ ਦੇ ਜੁਆਬ ਦਿੱਤੇ।ਵਿਸ਼ੇਸ਼ ਮਹਿਮਾਨ ਰਿਟਾਇਡ ਲੈਕਚਰਾਰ ਸਰਦੂਲ ਸਿੰਘ ਚਹਿਲ ਨੇ ਵਿਦਿਆਰਥੀਆਂ ਨੂੰ ਮਾਂ ਬੋਲੀ ਰਾਹੀਂ ਦੂਜੀਆਂ ਭਾਸ਼ਾਵਾਂ ਤੱਕ ਪਹੁੰਚ ਬਣਾਉਣ ਬਾਰੇ ਚਰਚਾ ਕੀਤੀ।ਸਕੂਲ ਮੁਖੀ ਸ਼ਿਖਾ ਰਾਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਹਾਜ਼ਰ ਬਾਕੀ ਆਧਿਆਪਕਾਂ ਸੰਦੀਪ ਕੌਰ ਤੇ ਅਮਨਦੀਪ ਕੌਰ ਨੇ ਵੀ ਸੰਬੋਧਨ ਕੀਤਾ ਗਿਆ।ਸਟੇਜ ਸਕੱਤਰ ਦੀ ਭੂਮਿਕਾ ਪੰਜਾਬੀ ਅਧਿਆਪਕਾ ਸਤਿੰਦਰਪਾਲ ਕੌਰ ਨੇ ਨਿਭਾਈ।

# ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਸੇਵਾਵਾਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼



**ਮਾਲੇਰਕੋਟਲਾ (ਅਸਗਰ ਪਰਿਹਾਰ)** ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਮਾਲ ਵਿਭਾਗ ਦੇ ਕੰਮਾਂ ਦੀ ਸਮੀਖਿਆ ਕਰਦਿਆਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿਛਲੇ ਲੰਮੇ ਸਮੇਂ ਤੋਂ ਲੰਬਿਤ ਪਏ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣਾ ਯਕੀਨੀ ਬਣਾਇਆ ਜਾਵੇ ਅਤੇ ਨਾਗਰਿਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੁ ਲੋਕਾਂ ਦੀ ਬੇਲੋੜੀ ਖੱਜਲ ਖ਼ੁਆਰੀ ਖਤਮ ਹੋ ਸਕੇ।

ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਐਸ.ਡੀ.ਐਮ. ਹਰਬੰਸ ਸਿੰਘ, ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਤੋਂ ਇਲਾਵਾ ਮਾਲ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਭਲਕੇ 5 ਦਸੰਬਰ ਨੂੰ ਲੰਬਿਤ ਝਗੜਾ ਰਹਿਤ ਇੰਤਕਾਲਾਂ ਨੂੰ ਦਰਜ ਕਰਨ ਲਈ ਤਹਿਸੀਲ ਪੱਧਰ ਤੇ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੁ ਵੱਧ ਤੋਂ ਵੱਧ ਲੰਬਿਤ ਇੰਤਕਾਲਾਂ ਦਾ ਨਿਪਟਾਰਾ ਹੋ ਸਕੇ।

ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਕੈਂਪਾਂ ਦੌਰਾਨ ਲੋਕਾਂ ਦੀ ਸੁਵਿਧਾ ਲਈ ਉਪਲੱਬਧ ਰਹਿਣ ਲਈ ਕਿਹਾ।ਉਨ੍ਹਾਂ ਸਮੂਹ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਲੋੜਵੰਦ ਤਹਿਸੀਲ ਪੱਧਰ 'ਤੇ ਹੋਣ ਵਾਲੇ ਇਨ੍ਹਾਂ ਕੈਂਪਾਂ ਵਿੱਚ ਸ਼ਮੂਲੀਅਤ ਕਰਕੇ ਆਪਣੇ ਲੰਬਿਤ ਇੰਤਕਾਲਾਂ ਨੂੰ ਦਰਜ ਕਰਾਉਣ ਲਈ ਪੁੱਜਣ।

ਉਨ੍ਹਾਂ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ ਨੂੰ ਲੰਬਿਤ ਮਾਮਲਿਆਂ ਵਿੱਚ ਨਜ਼ਰਸਾਨੀ ਯਕੀਨੀ ਬਣਾਉਣ ਲਈ ਆਖਿਆ ਤਾਂ ਜੁ ਲੰਬਿਤ ਅਰਜ਼ੀਆਂ ਦੀ ਬਕਾਇਆ ਦਰ ਸਿਫ਼ਰ ਕੀਤੀ ਜਾ ਸਕੇ। ਡਾ. ਪੱਲਵੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਜ਼ਿਲ੍ਹੇ ਦੇ ਪਿੰਡਾਂ ਵਿੱਚ ਲੋਕਾਂ ਦੇ ਸਹਿਯੋਗ ਨਾਲ ਵਿਸ਼ੇਸ ਮੁਹਿੰਮ ਉਲੀਕ ਕੇ ਪਿੰਡ ਪੱਧਰ 'ਤੇ ਡੀ.ਜੀ.ਪੀ.ਸੀ ਮਸ਼ੀਨ ਨਾਲ ਨਿਸ਼ਾਨਦੇਹੀ ਕਰਾ ਕੇ ਮੁਰੱਬਾਬੰਦੀ ਪੱਥਰ ਲਵਾਉਣ ਨੂੰ ਤਰਜ਼ੀਹ ਦੇਣ ਤਾਂ ਜੁ ਲੋਕਾਂ ਨੂੰ ਨਿਸ਼ਾਨਦੇਹੀਆਂ ਸਬੰਧੀ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਜਲਦ ਤੇ ਸੁਖਾਲੇ ਤਰੀਕੇ ਨਾਲ ਹੱਲ ਕੀਤਾ ਜਾ ਸਕੇ।

# ਦਲ ਖ਼ਾਲਸਾ ਕਨਵੈਨਸ਼ਨ 'ਚ ਸੰਘਰਸ਼ਸ਼ੀਲ ਪੰਥਕ ਜਥੇਬੰਦੀਆਂ ਵਿਚਾਲੇ ਏਕਤਾ ਲਈ ਸਾਂਝਾ ਪਲੇਟ.ਫਾਰਮ ਉਸਾਰਨ ਦਾ ਫੈਸਲਾ

**☛ ਪੰਜਾਬ 'ਚ ਕੋਈ ਅੱਤਵਾਦ ਨਹੀਂ, ਇੱਥੋਂ ਦੇ ਲੋਕ ਹੱਕਾਂ ਤੇ ਨਿਆਂ ਲਈ ਲੜ ਰਹੇ ਹਨ : ਕੰਵਰਪਾਲ ਸਿੰਘ ☛ ਭਾਰਤ ਸਰਕਾਰ ਵੱਲੋਂ ਖ਼ਾਲਿਸਤਾਨ ਸੰਘਰਸ਼ ਨਾਲ ਜੁੜੇ ਸਿੱਖਾਂ ਨੂੰ ਅੱਤਵਾਦੀ ਵਜੋਂ ਦਰਸਾਉਣਾ ਅਤਿ ਨਿੰਦਣਯੋਗ : ਮਾਨ, ਮੰਡ**

**ਮੋਗਾ (ਇਕਬਾਲ ਸਿੰਘ ਖਹਿਰਾ)**-ਦਲ ਖ਼ਾਲਸਾ ਵੱਲੋਂ ਸਿੱਖਾਂ ਉੱਤੇ ਜਬਰ/ਜ਼ੁਲਮ ਤੇ ਟਾਰਗਿਟ ਕਿਲਿੰਗ ਦੀ ਭਾਰਤੀ ਨੀਤੀ ਦਾ ਜੁਆਬ ਦੇਣ ਹਿੱਤ ਰਣਨੀਤੀ ਬਣਾਉਣ ਲਈ ਕੀਤੀ ਗਈ ਕਨਵੈਨਸ਼ਨ ਵਿੱਚ ਸ਼ਾਮਲ ਪੰਥਕ ਪਾਰਟੀਆਂ ਦੇ ਮੁਖੀਆਂ ਨੇ ਪੰਜਾਬ ਦੇ ਵਿਵਾਦਪੂਰਨ ਮੁੱਦਿਆਂ ਨੂੰ ਸੁਲਝਾਉਣ, ਚੁਣੌਤੀਆਂ ਦਾ ਸਾਹਮਣਾ ਕਰਨ ਤੇ ਸਟੇਟ ਦੇ ਜਬਰ ਦਾ ਟਾਕਰਾ ਕਰਨ ਲਈ ਇੱਕ ਮਜ਼ਬੂਤ ਸਾਂਝਾ ਪਲੇਟਫਾਰਮ ਬਣਾਉਣ 'ਤੇ ਸਹਿਮਤੀ ਬਣਾਈ ਹੈ। ਦਲ ਖਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਪਾਰਟੀਆਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਲਈ ਹੁਰੀਅਤ ਕਾਨਫਰੰਸ ਦੀ ਤਰਜ 'ਤੇ ਪੰਥਕ ਏਕੇ ਦੇ ਮਾਡਲ ਦਾ ਪ੍ਰਸਤਾਵ ਪੇਸ਼ ਕੀਤਾ। ਆਗੂਆਂ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤ ਸਰਕਾਰ ਦੇ ਖ਼ਾਲਿਸਤਾਨ ਸੰਘਰਸ਼ ਨਾਲ ਜੁੜੇ ਸਿੱਖਾਂ ਨੂੰ ਅੱਤਵਾਦੀ ਵਜੋਂ ਦਰਸਾਉਣ ਦੀ ਸਖ਼ਤ ਨਿਖੇਧੀ ਕੀਤੀ ਅਤੇ ਸਪੱਸ਼ਟ ਕੀਤਾ ਕਿ ਖ਼ਾਲਿਸਤਾਨੀ ਸਿੱਖ 'ਅੱਤਵਾਦੀ' ਨਹੀਂ ਹਨ। ਪੰਜਾਬ ਵਿੱਚ ਕੋਈ ਅੱਤਵਾਦ ਨਹੀਂ ਹੈ, ਇੱਥੋਂ ਦੇ ਲੋਕ ਹੱਕਾਂ ਤੇ ਨਿਆਂ ਲਈ ਲੜ ਰਹੇ ਹਨ ਅਤੇ ਇਹ ਅੰਦੋਲਨ ਪੰਜਾਬ ਦੇ ਲੋਕਾਂ ਦਾ ਪੰਜਾਬ ਦੀ ਪ੍ਰਭੂਸੱਤਾ ਤੇ ਆਜ਼ਾਦੀ ਲਈ ਪੰਜਾਬੀਆਂ ਵੱਲੋਂ ਲੜਿਆ ਜਾ ਰਿਹਾ ਹੈ। ਕਨਵੈਨਸ਼ਨ ਦੇ ਪ੍ਰਬੰਧਕਾਂ ਨੇ ਭਾਰਤ ਦੀ ਖ਼ੁਫੀਆ ਏਜੰਸੀ ਤੇ ਸੁਰੱਖਿਆ ਬਲਾਂ ਦੁਆਰਾ ਵਿਦੇਸ਼ਾਂ ਵਿੱਚ ਕੀਤੇ ਗਏ ਗੈਰ-ਨਿਆਇਕ ਕਤਲਾਂ ਦੀ ਅੰਤਰਰਾਸ਼ਟਰੀ ਜਾਂਚ ਦੀ ਮੰਗ ਕੀਤੀ। ਨਾਲ ਹੀ ਕੈਨੇਡਾ ਸਰਕਾਰ ਦਾ ਭਾਰਤ ਸਰਕਾਰ 'ਤੇ ਅਪਰਾਧਿਕ ਗਤੀਵਿਧੀਆਂ ਲਈ ਬਦਨਾਮ ਗੈਂਗਸਟਰਾਂ ਦੀ ਵਰਤੋਂ ਕਰਨ ਤੇ ਖ਼ਾਲਿਸਤਾਨੀ ਸਿੱਖ ਨੂੰ ਟਾਰਗੇਟ ਕਰਨ ਦੇ ਲਾਏ ਦੋਸ਼ਾਂ ਦੀ ਵੀ ਅੰਤਰਰਾਸ਼ਟਰੀ ਜਾਂਚ ਦੀ ਮੰਗ ਕੀਤੀ। ਦਲ ਖਾਲਸਾ ਵੱਲੋਂ ਹਰਪਾਲ ਸਿੰਘ ਚੀਮਾ, ਹਰਚਰਨਜੀਤ ਸਿੰਘ ਧਾਮੀ, ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ, ਪਰਮਜੀਤ ਸਿੰਘ ਟਾਂਡਾ, ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਭਾਈ ਗੁਰਪ੍ਰਤਾਪ ਸਿੰਘ ਵਡਾਲਾ ਸੁਧਾਰ ਲਹਿਰ ਆਗ, ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰੇ ਪੰਜਾਬ ਅਕਾਲੀ ਦਲ, ਬਾਪੂ ਗੁਰਚਰਨ ਸਿੰਘ ਧਰਮ ਪਿਤਾ ਭਾਈ ਜਗਤਾਰ ਸਿੰਘ ਹਵਾਰਾ, ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਪਰਮਜੀਤ ਸਿੰਘ ਗਾਜੀ ਸੰਪਾਦਕ ਸਿੱਖ ਸਿਆਸਤ ਤੇ ਵੱਡੀ ਗਿਣਤੀ ਵਿੱਚ ਆਗੂਆਂ ਨੇ ਸ਼ਿਰਕਤ ਕੀਤੀ। ਕਨਵੈਨਸ਼ਨ ਵਿੱਚ ਹੇਠ ਲਿਖੇ ਮਤੇ ਪਾਸ ਕੀਤੇ ਗਏ-ਸਿੱਖ ਕਈ ਫਰੰਟਾਂ 'ਤੇ ਭਾਰਤੀ ਸ਼ਾਸਕਾਂ ਦੇ ਹਮਲਿਆਂ ਦਾ ਸਾਹਮਣਾ ਕਰ ਰਹੇ ਹਨ। ਪੰਥ ਦੀ ਜੁਝਾਰੂ ਸੋਚ ਅਤੇ ਸੁਹਿਰਦ ਅਵਾਜ਼ਾਂ ਨੂੰ ਸ਼ਾਂਤ ਕਰਨ ਲਈ, ਹੁਕਮਰਾਨਾਂ ਨੇ ਨਾ ਸਿਰਫ਼ ਆਪਣੀਆਂ ਹੱਦਾਂ ਅੰਦਰ ਸਗੋਂ ਇਸ ਤੋਂ ਬਾਹਰ ਜਾ ਕੇ ਗੈਰ-ਨਿਆਇਕ ਤਰੀਕਿਆਂ ਨਾਲ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ ਅਪਣਾ ਰੱਖੀ ਹੈ। ਬੇਅਦਬੀ ਦੀਆਂ ਘਟਨਾਵਾਂ ਦਾ ਕੋਈ ਅੰਤ ਨਹੀਂ ਦਿਸ ਰਿਹਾ, ਕਿਸਾਨ ਹੱਕ ਲੈਣ ਲਈ ਸੜਕਾਂ 'ਤੇ ਖ਼ਜਲ-ਖੁਆਰ ਹੋਣ ਲਈ ਮਜਬੂਰ ਹਨ, ਜ਼ਮੀਰ ਦੇ ਕੈਦੀ ਸਜ਼ਾ ਦੀ ਮਿਆਦ ਤੋਂ ਵੱਧ ਜੇਲ੍ਹਾਂ ਵਿੱਚ ਜਬਰੀ ਡੱਕ ਕੇ ਰੱਖੇ ਹੋਏ ਹਨ, ਪਰਵਾਸੀਆਂ ਦੀ ਧੜਾਧੜ ਆਮਦ ਜਨਸੰਖਿਆ ਨੂੰ ਵਿਗਾੜਨ ਦੀ ਸਾਜ਼ਿਸ਼ ਦਾ ਸਿੱਟਾ ਹੈ ਅਤੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਟੇਟ ਦੀ ਦਖਲਅੰਦਾਜ਼ੀ ਕਈ ਗੁਣਾਂ ਵੱਧ ਚੁੱਕੀ ਹੈ। ਇਤਿਹਾਸ ਦੇ ਮੌਜੂਦਾ ਦੌਰ ਵਿੱਚ ਧਰਮ ਯੁੱਧ ਮੋਰਚੇ ਤੋਂ ਲੈ ਕੇ ਅੱਜ ਤੱਕ ਸਿੱਖ ਆਪਣੇ ਸ਼ਬਦ ਗੁਰੂ ਦੇ ਸਿਧਾਂਤ, ਨਿਆਰੀ ਹੋਂਦ-ਹਸਤੀ ਤੇ ਪੰਜਾਬ ਦੇ ਹੱਕਾਂ ਲਈ ਲੜਦੇ ਆ ਰਹੇ ਹਨ। ਹੱਕ ਮਿਲਣੇ ਤਾਂ ਕੀ ਸੀ ਜੋ ਥੋੜ੍ਹੇ ਬਹੁਤ ਸਨ, ਉਹ ਵੀ ਖੋਹ ਲਏ ਗਏ। ਭਾਰਤ ਦੇ ਰਾਜਸੀ ਸਿਸਟਮ ਦਾ ਮੁਕੰਮਲ ਹਿੰਦੂਕਰਨ ਤੇ ਕੇਂਦਰੀਕਰਨ ਹੋ ਚੁੱਕਾ ਹੈ। ਜੂਨ 1984 'ਚ ਦਰਬਾਰ ਸਾਹਿਬ 'ਤੇ ਹੋਏ ਭਾਰਤੀ ਹਮਲੇ ਦੌਰਾਨ ਅਨੇਕਾਂ ਸਿੱਖ ਨੌਜਵਾਨ ਬੀਬੀਆਂ ਤੇ ਬੱਚੇ ਦੀ



ਸ਼ਹਾਦਤ ਤੋਂ ਲੈ ਕੇ ਪਾਕਿਸਤਾਨ 'ਚ ਪਰਮਜੀਤ ਸਿੰਘ ਪੰਜਵੜ ਤੇ ਕੈਨੇਡਾ ਦੀ ਧਰਤੀ 'ਤੇ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਤੱਕ ਬੇਅੰਤ ਸ਼ਹਾਦਤਾਂ ਸਿੱਖ ਪੰਥ ਦੀ ਝੋਲੀ 'ਚ ਪੈ ਚੁੱਕੀਆਂ ਹਨ। ਅੱਜ ਦੀ ਇਕੱਤਰਤਾ ਨੇ ਸਿੱਖ ਕੌਮ ਨੂੰ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਤੇ ਸਿਧਾਂਤਾਂ ਦੀ ਰੌਸ਼ਨੀ ਵਿੱਚ ਆਪਣੀ ਭਵਿੱਖ ਦੀਆਂ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਪੰਥਕ ਏਕਤਾ ਤੇ ਮਕਸਦ ਪ੍ਰਤੀ ਸਪੱਸ਼ਟਤਾ ਤੇ ਦ੍ਰਿੜ੍ਹਤਾ ਦੀ ਲੋੜ ਸਾਰੇ ਮਹਿਸੂਸ ਕਰਦੇ ਹਨ, ਕਿਉਂਕਿ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਇਸੇ ਵਿੱਚ ਪਿਆ ਹੈ। ਇਹ ਵੀ ਸਚਾਈ ਹੈ ਕਿ ਸਿਧਾਂਤਾਂ ਤੇ ਉਦੇਸ਼ਾਂ ਤੋਂ ਰਹਿਤ, ਏਕਤਾ ਅਰਥਹੀਣ ਅਤੇ ਬੇਵਜ੍ਹਾ ਹੈ। ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਜਥੇਬੰਦੀਆਂ ਅਤੇ ਪਾਰਟੀਆਂ, ਜਿਨ੍ਹਾਂ ਦਾ ਟੀਚਾ ਤੇ ਮਿਸ਼ਨ ਇੱਕ ਹੈ, ਉਨ੍ਹਾਂ ਨੂੰ ਮਿਸਾਲ ਕਾਇਮ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਅੱਜ ਦਾ ਇਕੱਠ ਸਾਰੀਆਂ ਪੰਥਕ ਧਿਰਾਂ ਨੂੰ ਬੇਨਤੀ ਦੇ ਰੂਪ ਵਿੱਚ ਸੁਝਾਅ ਦੇਂਦਾ ਹੈ ਕਿ ਬੀਤੇ ਦੇ ਫੈਸਲਿਆਂ ਤੇ ਮੁੱਦਿਆਂ, ਜਿਸ ਨਾਲ ਵਖਰੇਵੇਂ ਤੇ ਆਪਸੀ ਝਗੜੇ ਪੈਦਾ ਹੋਏ ਸਨ ਤੇ ਅੱਜ ਵੀ ਚਲੇ ਆ ਰਹੇ ਹਨ, ਨੂੰ ਪਬਲਿਕ ਤੇ ਮੀਡੀਆ ਵਿੱਚ ਨਾ-ਉਛਾਲਿਆ ਜਾਵੇ। ਪਿਛੋਕੜ ਦੀ ਹਰ ਉਹ ਗੱਲ, ਜਿਸ ਨਾਲ ਸਿੱਖ ਸੰਘਰਸ਼ ਦਾ ਵਰਤਮਾਨ ਤੇ ਭਵਿੱਖ ਧੁੰਦਲਾ ਹੁੰਦਾ ਹੈ, ਉਸ ਨੂੰ ਨਜ਼ਰਅੰਦਾਜ਼ ਕਰਨਾ ਹੀ ਸਿਆਣਪ ਹੈ। ਅੱਜ ਦੇ ਇਕੱਠ ਦਾ ਮੰਨਣਾ ਹੈ ਕਿ ਅਨੰਦਪੁਰ ਸਾਹਿਬ ਮਤੇ ਤੋਂ ਲੈ ਕੇ ਖ਼ਾਲਿਸਤਾਨ ਵਿਚਾਰਧਾਰਾ ਤੱਕ, ਜੁਝਾਰੂ ਤਰੀਕਿਆਂ ਤੋਂ ਲੈ ਕੇ ਰਾਜਸੀ ਅੰਦੋਲਨ ਤੱਕ ਅਤੇ ਚੋਣ ਸਿਸਟਮ ਵਿੱਚ ਹਿੱਸਾ ਲੈਣ ਤੋਂ ਲੈ ਕੇ ਚੋਣਾਂ ਦਾ ਬਾਈਕਾਟ ਕਰਨ ਤੱਕ, ਪੰਥ ਅੰਦਰ ਬਹੁਤ ਸਾਰੇ ਵਿਚਾਰਧਾਰਕ ਰੰਗ ਮੌਜੂਦ ਹਨ, ਜੋ ਆਪਣੇ-ਆਪਣੇ ਤਰੀਕਿਆਂ ਨਾਲ ਕੌਮੀ ਮਿਸ਼ਨ ਦੀ ਪੂਰਤੀ ਕਰਨ ਵਿੱਚ ਡਟੇ ਹੋਏ ਹਨ। ਇਨ੍ਹਾਂ ਵਖਰੇਵਿਆਂ ਵਿੱਚ ਵੀ ਸਾਡੀ ਨੇੜਤਾ ਪਈ ਹੈ। ਇਹ ਇਕੱਠ ਭਾਰਤ ਸਰਕਾਰ ਦੇ ਖ਼ਾਲਿਸਤਾਨ ਸੰਘਰਸ਼ ਨਾਲ ਜੁੜੇ ਸਿੱਖਾਂ ਨੂੰ ਅੱਤਵਾਦੀ ਵਜੋਂ ਦਰਸਾਉਣ ਦੀ ਸਖ਼ਤ ਨਿਖੇਧੀ ਕਰਦਾ ਹੈ। ਇਹ ਇਕੱਠ ਜ਼ੋਰਦਾਰ ਢੰਗ ਨਾਲ ਐਲਾਨ ਕਰਦਾ ਹੈ ਕਿ ਖ਼ਾਲਿਸਤਾਨੀ ਸਿੱਖ 'ਅੱਤਵਾਦੀ' ਨਹੀਂ ਹਨ। ਪੰਜਾਬ ਵਿੱਚ ਕੋਈ ਅੱਤਵਾਦ ਨਹੀਂ ਹੈ, ਇੱਥੋਂ ਦੇ ਲੋਕ ਹੱਕਾਂ ਤੇ ਨਿਆਂ ਲਈ ਲੜ ਰਹੇ ਹਨ ਅਤੇ ਇਹ ਅੰਦੋਲਨ ਪੰਜਾਬ ਦੇ ਲੋਕਾਂ ਦਾ ਪੰਜਾਬ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਲਈ ਪੰਜਾਬੀਆਂ ਵੱਲੋਂ ਲੜਿਆ ਜਾ ਰਿਹਾ ਹੈ। ਭਾਰਤ ਦਾ ਬਿਰਤਾਂਤ ਕਿ ਖ਼ਾਲਿਸਤਾਨੀ ਸੰਘਰਸ਼ ਨੂੰ ਵਿਦੇਸ਼ ਬੈਠੇ ਲੋਕ ਸਪਾਂਸਰ ਕਰ ਰਹੇ ਹਨ, ਗੁੰਮਰਾਹਕੁਨ ਪ੍ਰਚਾਰ ਹੈ, ਜੋ ਕਿ ਪੰਜਾਬ ਦੇ ਸਿੱਖਾਂ ਤੇ ਵਿਦੇਸ਼ ਵਸਦੇ ਸਿੱਖਾਂ ਵਿਚਕਾਰ ਪਾੜਾ ਪੈਦਾ ਕਰਨ ਅਤੇ ਖ਼ਾਲਿਸਤਾਨੀਆਂ ਨੂੰ ਹਿੰਦੂਆਂ ਲਈ ਖਤਰੇ ਵਜੋਂ ਪੇਸ਼ ਕਰਕੇ ਸਿੱਖਾਂ ਤੇ ਹਿੰਦੂਆਂ ਨੂੰ ਇੱਕ ਦੂਜੇ ਵਿਰੁੱਧ ਪਾੜਣ ਤੇ ਲੜਾਉਣ ਦੀ ਨੀਤੀ ਨਾਲ ਕੀਤਾ ਜਾ ਰਿਹਾ ਹੈ। ਅਸੀਂ ਇਸ ਗੱਲ ਦੀ ਪੁਸ਼ਟੀ ਕਰਦੇ ਹਾਂ ਕਿ ਪੰਜਾਬ ਦੇ ਸਿੱਖ ਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਇੱਕ ਹਨ, ਵਿਚਾਰਧਾਰਕ ਤੇ ਰਾਜਸੀ ਵਖਰੇਵਿਆਂ ਦੇ ਬਾਵਜੂਦ ਪੰਥ ਦੇ ਪਰਿਵਾਰ ਦਾ ਹਿੱਸਾ ਹਨ। ਉਹ ਆਪਣੇ ਕੌਮੀ ਮਕਸਦ ਵਿੱਚ ਇੱਕਮੁੱਠ ਹਨ ਤੇ ਇੱਕ ਦੂਜੇ ਦੇ ਦਰਦ ਨੂੰ ਮਹਿਸੂਸ ਕਰਦੇ ਹਨ ਅਤੇ ਸਟੇਟ ਦੇ ਜ਼ੁਲਮ ਦੇ ਸਾਹਮਣੇ ਇੱਕ ਦੂਜੇ ਲਈ ਖੜ੍ਹੇ ਹਨ। ਕੈਨੇਡਾ, ਅਮਰੀਕਾ, ਯੂ.ਕੇ., ਆਸਟ੍ਰੇਲੀਆ, ਯੂਰਪ ਤੇ ਹੋਰ ਦੇਸ਼ਾਂ ਵਿੱਚ ਸਿੱਖ ਡਾਇਸਪੋਰਾ ਦੁਆਰਾ ਪੰਜਾਬ ਦੀ ਆਜ਼ਾਦੀ ਲਈ ਮੁਹਿੰਮ ਪੰਜਾਬ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਦਾ ਨਤੀਜਾ ਹੈ। ਇਹ ਇਕੱਠ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਨੂੰ ਪਿਛਲੇ ਚਾਰ ਦਹਾਕਿਆਂ ਤੋਂ ਭਾਰਤ ਦੇ ਅੱਤਿਆਚਾਰਾਂ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਅੰਤਰਰਾਸ਼ਟਰੀ ਜਾਂਚ ਸ਼ੁਰੂ ਕਰਨ ਦੀ ਅਪੀਲ ਕਰਦਾ ਹੈ। ਅਸੀਂ ਭਾਰਤ ਦੀ ਖ਼ੁਫੀਆ ਏਜੰਸੀ ਤੇ ਸੁਰੱਖਿਆ ਬਲਾਂ ਦੁਆਰਾ ਵਿਦੇਸ਼ਾਂ ਵਿੱਚ ਕੀਤੇ ਗਏ ਗੈਰ-ਨਿਆਇਕ ਕਤਲਾਂ ਦੀ ਵੀ ਜਾਂਚ ਚਾਹੁੰਦੇ ਹਾਂ। ਕੈਨੇਡਾ ਸਰਕਾਰ ਦਾ ਭਾਰਤ ਸਰਕਾਰ 'ਤੇ ਅਪਰਾਧਿਕ ਗਤੀਵਿਧੀਆਂ ਲਈ ਬਦਨਾਮ ਗੈਂਗਸਟਰਾਂ ਦੀ ਵਰਤੋਂ ਕਰਨ ਤੇ ਖ਼ਾਲਿਸਤਾਨੀ ਸਿੱਖ ਨੂੰ ਟਾਰਗੇਟ ਕਰਨ ਦੇ ਲਾਏ ਦੋਸ਼ ਗੰਭੀਰ ਚਿੰਤਾ ਦਾ ਵਿਸ਼ਾ ਹਨ, ਜਿਸ ਦੀ ਅੰਤਰਰਾਸ਼ਟਰੀ ਜਾਂਚ ਦੀ ਲੋੜ ਹੈ।

ਅੰਤਰਰਾਸ਼ਟਰੀ ਭਾਈਚਾਰਾ ਤੇ ਸੰਯੁਕਤ ਰਾਸ਼ਟਰ ਦੇ ਮੈਂਬਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਜਿੱਥੇ ਸਵੈ-ਨਿਰਣੇ ਦੇ ਅਧਿਕਾਰ ਸਮੇਤ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੁੰਦੀ ਹੈ, ਉਥੇ ਦਖ਼ਲਅੰਦਾਜ਼ੀ ਕਰਨ। ਅੱਜ ਦੇ ਇਕੱਠ ਨੇ ਭਾਰਤ ਨੂੰ ਕਾਗਜ਼ਾਂ ਵਿੱਚ ਲੋਕਤੰਤਰੀ ਪਰ ਅਮਲਾਂ ਵਿੱਚ ਤਾਨਾਸ਼ਾਹੀ ਮੁਲਕ ਕਰਾਰ ਦਿੱਤਾ। ਆਪਣੀ ਵੱਖਰੀ ਪਛਾਣ, ਇਤਿਹਾਸ, ਸੱਭਿਆਚਾਰ ਰੱਖਣ ਵਾਲੇ ਸਿੱਖਾਂ ਨੂੰ ਯੂ.ਐੱਨ. ਤਹਿਤ ਸਵੈ-ਨਿਰਣੇ ਦਾ ਕਾਨੂੰਨੀ ਹੱਕ ਹਾਸਲ ਹੈ। ਸੰਯੁਕਤ ਰਾਸ਼ਟਰ ਦੀ ਅਗਵਾਈ ਹੇਠ ਰੈਫਰੈਂਡਮ ਸ਼ਾਂਤੀਪੂਰਨ ਢੰਗ ਨਾਲ ਸਵੈ-ਨਿਰਣੇ ਦੇ ਅਧਿਕਾਰ ਨੂੰ ਲਾਗੂ ਕਰਨ ਲਈ ਢੁੱਕਵੀਂ ਵਿਧੀ ਹੈ। ਇਸ ਮੌਕੇ ਬਾਬਾ ਹਰਦੀਪ ਸਿੰਘ ਮਹਿਰਾਜ, ਜਸਵੀਰ ਸਿੰਘ ਖੰਡੂਰ, ਜਗਜੀਤ ਸਿੰਘ ਖੋਸਾ, ਸਾਰਜ ਸਿੰਘ ਜ਼ਿਲ੍ਹਾ ਪ੍ਰਧਾਨ, ਸੁਰਜੀਤ ਸਿੰਘ ਖਾਲਿਸਤਾਨੀ, ਪ੍ਰੋ. ਮਹਿੰਦਰਪਾਲ ਸਿੰਘ, ਬਲਰਾਜ ਸਿੰਘ ਖਾਲਸਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਾਮਲ ਸਨ।

# ਨਗਰ ਕੌਂਸਲ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਹੂੰਝਾ-ਫੇਰ ਜਿੱਤ ਹੋਵੇਗੀ : ਲਾਲਜੀਤ ਭੁੱਲਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪੰਜਾਬ ਵਿੱਚ ਹੋਣ ਜਾ ਰਹੀਆਂ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਪੰਜਾਬ ਦੇ ਕੈਬਨਿਟ ਮੰਤਰੀ ਤੇ ਮਾਝਾ ਜ਼ੋਨ ਨਗਰ ਕੌਂਸਲ ਇਲੈਕਸ਼ਨ ਇੰਚਾਰਜ ਲਾਲਜੀਤ ਸਿੰਘ ਭੁੱਲਰ ਅਤੇ ਡੇਰਾ ਬਾਬਾ ਨਾਨਕ ਹਲਕੇ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਸ਼ਹਿਰ ਨਿਵਾਸੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਭੁੱਲਰ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਨਗਰ ਕੌਂਸਲ ਦੀਆਂ ਚੋਣਾਂ ਲਈ 11 ਵਾਰਡਾਂ ਤੋਂ ਆਮ ਆਦਮੀ ਪਾਰਟੀ ਦੇ ਵੱਖ-ਵੱਖ ਵਰਕਰਾਂ ਵੱਲੋਂ ਉਮੀਦਵਾਰੀ ਲਈ ਅਰਜ਼ੀਆਂ ਦਿੱਤੀਆਂ ਗਈਆਂ ਹਨ।12 ਅਤੇ 13 ਵਾਰਡ ਲਈ ਆਪਸੀ ਸਹਿਮਤੀ ਨਾਲ ਇੱਕ ਇੱਕ ਉਮੀਦਵਾਰ ਵੱਲੋਂ ਅਰਜ਼ੀ ਪ੍ਰਾਪਤ ਹੋਈ ਹੈ, ਆਉਂਦੇ ਦਿਨਾਂ ਵਿੱਚ ਪਾਰਟੀ ਵੱਲੋਂ ਸਰਵੇ ਕਰਨ ਉਪਰੰਤ ਸਾਰੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹੂੰਝਾ-ਫੇਰ ਜਿੱਤ ਹੋਵੇਗੀ।ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ ਅਤੇ ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਹੀ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ ਅਤੇ ਜਿੱਤਣ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂੰ ਅਤੇ ਵੇਅਰ ਹਾਊਸ ਪੰਜਾਬ ਦੇ ਚੇਅਰਮੈਨ ਗੁਰਦੇਵ ਸਿੰਘ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵੱਡੀ ਸ਼ਾਨ ਨਾਲ ਜਿੱਤ ਪ੍ਰਾਪਤ ਕਰਨਗੇ।ਇਸ ਮੌਕੇ ਰਣਜੀਤ ਸਿੰਘ ਬਾਠ ਚੇਅਰਮੈਨ ਮਾਰਕੀਟ ਕਮੇਟੀ ਕਲਾਨੌਰ, ਆਪ ਆਗੂ ਸਤਨਾਮ ਸਿੰਘ ਹਰੂਵਾਲ, ਮਨਜ਼ੂਰ ਸਿੰਘ ਰੰਧਾਵਾ, ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਬਿੱਟਾ, ਸੱਤਪਾਲ ਸ਼ੌਕੀ, ਕੁਲਵਿੰਦਰ ਸਿੰਘ ਬੇਦੀ, ਹਰਵਿੰਦਰ ਸਿੰਘ ਰੰਧਾਵਾ, ਵਿਪਨ ਸੋਨੀ, ਸੰਜੀਵ ਸੋਨੀ, ਸੁਧੀਰ ਬੇਦੀ, ਡਾ. ਅਸ਼ੋਕ ਸੋਨੀ, ਮਨਪ੍ਰੀਤ ਸਿੰਘ ਬੇਦੀ, ਰਜਤ ਮਰਵਾਹਾ, ਮਾਸਟਰ ਓਮ ਪ੍ਰਕਾਸ਼, ਗੁਲਸ਼ਨ ਕੁਮਾਰ, ਮਿੰਟਾ ਰੰਧਾਵਾ, ਬੱਬਲੀ ਕੋਟ, ਗੁਰਮੀਤ ਸਿੰਘ ਖੰਸਾਵਾਲੀ, ਡਾ. ਗੁਰਦੇਵ ਸਿੰਘ, ਚਮਨ ਲਾਲ ਸ਼ਹਿਨਸ਼ਾਹ, ਮਨਜੀਤ ਸਿੰਘ ਬੇਦੀ, ਰਵਿੰਦਰ ਕੁਮਾਰ ਛਾਂਗਾ, ਰਾਜ ਕੁਮਾਰ, ਗਗਨਦੀਪ ਸਿੰਘ, ਨੀਰਜ ਨਾਹਰੀਆ, ਰਿਸ਼ੂ ਬੇਦੀ, ਮੰਗਲ ਸਿੰਘ ਠੇਠਰਕੇ, ਹਰਜੀਤ ਸਿੰਘ ਜੋਸ਼, ਬੌਨਾ ਕਵਾਸ਼ੀਆ, ਹੈਪੀ, ਬਿੰਟਾ ਮਸੀਹ, ਸੁਖਜਿੰਦਰ ਸਿੰਘ ਡਿੰਪਲ, ਰਾਣਾ ਮਸੀਹ ਪੱਖੋਕੇ, ਬਲਦੇਵ ਸਿੰਘ ਫੌਜੀ, ਵਿੱਕੀ ਰੰਧਾਵਾ, ਮੰਗਤ ਸਿੰਘ, ਗੁਰਮੀਤ ਸਿੰਘ, ਚਰਨਜੀਤ ਸਿੰਘ, ਲਾਟੀ ਸ਼ਰਮਾ, ਗੁਰਪ੍ਰੀਤ ਸਿੰਘ, ਟਹਿਲ ਸਿੰਘ, ਹੈਪੀ ਬੇਦੀ, ਪ੍ਰੇਮ ਨਾਥ, ਕਪਲ ਕੁਮਾਰ ਅਤੇ ਰਾਹੁਲ ਕੁਮਾਰ ਆਦਿ ਹਾਜ਼ਰ ਸਨ।



# ਸੁਖਬੀਰ ਬਾਦਲ 'ਤੇ ਜਾਨਲੇਵਾ ਹਮਲਾ ਬੇਹੱਦ ਮੰਦਭਾਗਾ ਤੇ ਨਾਸਹਿਣਯੋਗ : ਜਥੇਦਾਰ ਗੋਰਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਨੂੰ ਲਗਾਈ ਗਈ ਸੇਵਾ ਨੂੰ ਨਿਮਾਣੇ ਸਿੱਖ ਵਜੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਘੰਟਾ ਘਰ ਡਿਓਢੀ ਦੇ ਸਾਹਮਣੇ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ ਤੇ ਕੀਤੇ ਗਏ ਜਾਨਲੇਵਾ ਹਮਲੇ ਦੀ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਘਟਨਾ ਬਹੁਤ ਹੀ ਮੰਦਭਾਗੀ ਹੈ।ਇਸ ਘਟਨਾ ਦੀ ਜਿੰਨੀ ਨਿੰਦਿਆ ਕੀਤੀ ਜਾਵੇ ਉਹ ਥੋੜੀ ਹੈ।ਜਥੇਦਾਰ ਗੋਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੇ ਗੋਲੀ ਨਹੀਂ ਚੱਲੀ ਸਗੋਂ ਇਹ ਹਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤਾ ਗਿਆ ਹੈ ਕਿਉਂਕਿ ਉਸ ਵਕਤ ਸੁਖਬੀਰ ਸਿੰਘ ਬਾਦਲ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਜ ਸਿੰਘ ਸਾਹਿਬਾਨ ਵੱਲੋਂ ਲਗਾਈ ਗਈ ਸਜ਼ਾ ਨੂੰ ਨਿਮਾਣੇ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਸਨ।ਜਥੇਦਾਰ ਗੋਰਾ ਨੇ ਕਿਹਾ ਕਿ ਇਸ ਘਟਨਾ ਪਿੱਛੇ ਕਿਸ ਦਾ ਹੱਥ ਹੈ, ਇਸ ਦੀ ਤਫ਼ਤੀਸ਼ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਸਾਹਿਬਾਨ ਪਾਸੋਂ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੁਖਬੀਰ ਬਾਦਲ ਨੂੰ ਕੋਈ ਨੁਕਸਾਨ ਪਹੁੰਚਾਇਆ ਗਿਆ ਤਾਂ ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ ਡੀ ਐੱਮ ਦਫ਼ਤਰ ਭਿੱਖੀਵਿੰਡ ਅੱਗੇ ਧਰਨਾ 11 ਨੂੰ : ਦਰਾਜਕੇ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਦਿਹਾਤੀ ਮਜ਼ਦੂਰ ਸਭਾ ਤਹਿਸੀਲ ਭਿੱਖੀਵਿੰਡ ਦੀ ਜਨਰਲ ਬਾਡੀ ਦੀ ਮੀਟਿੰਗ ਜਥੇਬੰਦੀ ਦੇ ਤਹਿਸੀਲ ਪ੍ਰਧਾਨ ਜਸਵੰਤ ਸਿੰਘ ਭਿੱਖੀਵਿੰਡ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਸਰਗਰਮ ਵਰਕਰਾਂ ਤੇ ਹਮਦਰਦਾਂ ਨੇ ਹਿੱਸਾ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਤੇ ਸੂਬਾ ਕਮੇਟੀ ਦੇ ਮੈਂਬਰ ਹਰਜਿੰਦਰ ਸਿੰਘ ਚੂੰਘ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਸੂਬਾ ਕਮੇਟੀ ਦੇ ਸੱਦੇ 'ਤੇ 11 ਦਸੰਬਰ ਨੂੰ ਐੱਸਡੀਐੱਮ ਦਫ਼ਤਰ ਭਿੱਖੀਵਿੰਡ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਧਰਨੇ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਧਰਨੇ ਰਾਹੀਂ ਮਨਰੇਗਾ ਸਕੀਮ ਤਹਿਤ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦੇਣ, ਮਨਰੇਗਾ ਤਹਿਤ ਦਿਹਾੜੀ 700 ਰੁਪਏ ਪ੍ਰਤੀ ਦਿਨ ਕਰਨ, ਪੰਚਾਇਤੀ ਜ਼ਮੀਨਾਂ ਵਿੱਚੋਂ ਪੇਂਡੂ ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਅਲਾਟ ਕਰਨ, ਘਰ ਬਣਾਉਣ ਲਈ ਮਜ਼ਦੂਰਾਂ ਨੂੰ ਪੰਜ ਲੱਖ ਦੀ ਗ੍ਰਾਂਟ ਦੇਣ, ਵੰਡ ਪ੍ਰਣਾਲੀ ਤਹਿਤ ਸਰਕਾਰੀ ਡਿਪੂਆਂ 'ਤੇ ਖਾਣ ਵਾਲੀਆਂ ਸਾਰੀਆਂ ਚੀਜ਼ਾਂ ਸਬਸਿਡੀ ਤੇ ਮੁਹੱਈਆ ਕਰਵਾਉਣ ਆਦਿ ਮੰਗਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਜਾਵੇਗਾ।ਉਪਰੋਕਤ ਆਗੂਆਂ ਨੇ ਕਿਹਾ ਕਿ ਤਹਿਸੀਲ ਭਿੱਖੀਵਿੰਡ ਅੰਦਰ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।ਉਨ੍ਹਾਂ ਐੱਸਡੀਐੱਮ ਭਿੱਖੀਵਿੰਡ ਨੂੰ ਰਜਿਸਟਰੀਆਂ ਦੀ ਸਰਕਾਰੀ ਫੀਸ ਦੀ ਸੂਚੀ ਬਿਲਡਿੰਗ ਦੇ ਬਾਹਰ ਡਿਸਪਲੇਅ ਕਰਨ ਦੀ ਅਪੀਲ ਕੀਤੀ।ਇਸ ਮੌਕੇ ਆਗੂਆਂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਭਵਿੱਖ ਵਿੱਚ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।ਇਸ ਮੌਕੇ ਗੁਰਬੀਰ ਭੱਟੀ ਰਾਜੋਕੇ, ਸੁਖਦੇਵ ਬੱਬੀ ਪਹਿਲਵਾਨਕੇ, ਸਰਬਜੀਤ ਸਿੰਘ ਉੱਦੋਕੇ, ਕਸ਼ਮੀਰ ਕੋਟਲੀ, ਰਾਜ ਸਿੰਘ, ਬਲਬੀਰ ਸਿੰਘ ਭਗਵਾਨਪੁਰਾ, ਮਨਦੀਪ ਕਲਸੀ, ਬਿੱਟੂ ਨਾਰਲਾ, ਬਲਦੇਵ ਸਿੰਘ ਭਿੱਖੀਵਿੰਡ, ਸਤਨਾਮ ਸਿੰਘ ਸੁਰਸਿੰਘ ਆਦਿ ਆਗੂ ਹਾਜ਼ਰ ਸਨ।



# 4 ਕਿਲੋ ਹੈਰੋਇਨ ਸਮੇਤ 2 ਨੌਜਵਾਨ ਕਾਬੂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡੇਰਾ ਬਾਬਾ ਨਾਨਕ ਬੀਐੱਸਐੱਫ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀਐੱਸਐੱਫ ਦੀ 113 ਬਟਾਲੀਅਨ ਦੀ ਬੀਓਪੀ ਆਬਾਦ ਦੇ ਤਾਇਨਾਤ ਬੀਐੱਸਐੱਫ ਜਵਾਨਾਂ ਵੱਲੋਂ ਮੰਗਲਵਾਰ ਦੀ ਰਾਤ ਕੌਮਾਂਤਰੀ ਸਰਹੱਦ ਰਾਹੀਂ ਭਾਰਤੀ ਖੇਤਰ ਵਿੱਚ ਪ੍ਰਵੇਸ਼ ਹੋ ਰਹੇ ਪਾਕਿਸਤਾਨ ਡਰੋਨ ਤੇ ਫਾਇਰਿੰਗ ਕੀਤੀ ਗਈ ਜਦਕਿ ਬੁੱਧਵਾਰ ਨੂੰ ਪੁਲਸ ਅਤੇ ਬੀਐੱਸਐੱਫ ਵੱਲੋਂ ਦੋ ਨੌਜਵਾਨਾਂ ਕੋਲੋਂ ਚਾਰ ਕਿਲੋ ਹੈਰੋਨ ਬਰਾਮਦ ਕਰਨ ਦੀ ਖ਼ਬਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬੀਐੱਸਐੱਫ ਦੀ 113 ਬਟਾਲੀਅਨ ਦੀ ਬੀਓਪੀ ਆਬਾਦ ਦੇ ਜਵਾਨਾਂ ਵੱਲੋਂ ਚੌਕਸ ਬੀਐੱਸਐੱਫ ਦੀ ਬੀਓਪੀ ਆਬਾਦ ਦੇ ਜਵਾਨਾਂ ਰਾਤ ਵੇਲੇ ਆਸਮਾਨ ਵਿੱਚ ਭਾਰਤੀ ਸੀਮਾ ਤੇ ਪਾਕਿਸਤਾਨੀ ਡਰੋਨ ਨੂੰ ਵੇਖਿਆ ਜਿੱਥੇ ਡਿਊਟੀ ਤੇ ਚੌਕਸ ਜਵਾਨਾਂ ਵੱਲੋਂ 3 ਦੇ ਕਰੀਬ ਫਾਇਰ ਤੇ 2 ਰੌਸ਼ਨੀ ਬੰਬ ਚਲਾਏ ਗਏ। ਡਰੋਨ ਐਕਟੀਵਿਟੀ ਦੀ ਖ਼ਬਰ ਸੁਣਦਿਆਂ ਹੀ ਬੀਐੱਸਐੱਫ ਦੇ ਉੱਚ ਅਧਿਕਾਰੀ ਮੌਕੇ ਤੇ ਪਹੁੰਚੇ। ਸੰਬੰਧਤ ਏਰੀਏ ਵਿੱਚ ਪਹੁੰਚ ਕੇ ਸਰਚ ਅਭਿਆਨ ਚਲਾਇਆ ਹੋਇਆ ਹੈ।ਉਪਰੰਤ ਦੋ ਨੌਜਵਾਨਾਂ ਨੂੰ ਦੋ ਪੈਕੇਟ ਹੈਰੋਇਨ ਜਿਨਾਂ ਦਾ ਵਜ਼ਨ ਚਾਰ ਕਿਲੋ ਦੱਸਿਆ ਜਾ ਰਿਹਾ ਹੈ, ਬਰਾਮਦ ਕੀਤੇ ਗਏ।ਨੌਜਵਾਨ ਵਿੱਚੋਂ ਇੱਕ ਦਾ ਨਾਂ ਮਾਰਕਸ ਮਸੀਹ ਪਿੰਡ ਸੰਗਤਪੁਰ ਝੰਡੇਰ ਅਤੇ ਮਾਈਕਲ ਵਜੋਂ ਹੋਈ ਹੈ।



# ਓ ਬੀ ਸੀ ਵਰਗ ਨੂੰ ਨਗਰ ਨਿਗਮ ਤੇ ਮਿਊਂਸੀਪਲ/ਨਗਰ ਕੌਂਸਲ ਚੋਣਾਂ 'ਚ ਬਣਦੀ ਹਿੱਸੇਦਾਰੀ ਦੇਵੇ ਮਾਨ ਸਰਕਾਰ : ਨਰਿੰਦਰ ਸੱਗੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਆਲ ਇੰਡੀਆ ਬੈਕਵਰਡ ਕਲਾਸਿਸ ਫੈਡਰੇਸ਼ਨ ਦੇ ਮੁੱਖ ਦਫ਼ਤਰ ਏਅਰ ਪੋਰਟ ਰੋਡ ਅੰਮ੍ਰਿਤਸਰ ਵਿਖੇ ਓ ਬੀ ਸੀ ਵਰਗ ਦੇ ਵੱਖ ਵੱਖ ਸੰਗਠਨਾਂ ਦੇ ਆਗੂਆਂ ਦੀ ਵਿਸ਼ੇਸ਼ ਮੀਟਿੰਗ ਨਰਿੰਦਰ ਸਿੰਘ ਸੱਗੂ ਵਾਇਸ ਪ੍ਰਧਾਨ ਆਲ ਇੰਡੀਆ ਬੈਕਵਰਡ ਕਲਾਸਿਸ ਫੈਡਰੇਸ਼ਨ ਅਤੇ ਚੇਅਰਮੈਨ ਬੀ ਸੀ ਏਕਤਾ ਮੰਚ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸਟੇਟ ਪ੍ਰਧਾਨ ਪੰਜਾਬ ਕੁਲਵੰਤ ਸਿੰਘ ਮੱਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਵਿੱਚ ਵੱਖ ਵੱਖ ਬੁਲਾਰਿਆਂ ਨੇ ਰਾਜ ਵਿੱਚ ਹੋ ਰਹੀਆਂ ਮਿਊਂਸਪਲ ਅਤੇ ਨਗਰ ਨਿਗਮ ਚੋਣਾਂ ਅਤੇ ਓ ਬੀ ਸੀ ਵਰਗ ਦੇ ਮੁੱਦਿਆਂ ਦੇ ਸੰਬੰਧ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਓ ਬੀ ਸੀ ਵਰਗ ਦੇ ਲੋਕ ਪੰਜਾਬ ਵਿੱਚ ਲੱਗਭੱਗ 45% ਹਨ ਅਤੇ ਇਸ ਬਹੁ-ਸੰਖਿਆ ਵਾਲੇ ਵਰਗ ਦੇ ਲੋਕਾਂ ਨੂੰ ਰਾਜਨੀਤੀ ਅਤੇ ਸਰਕਾਰੇ-ਦਰਬਾਰੇ ਬਣਦੀ ਹਿੱਸੇਦਾਰ ਹੁਣ ਤੱਕ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਨਹੀਂ ਦਿੱਤੀ ਅਤੇ ਨਾ ਹੀ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕੀਤਾ ਹੈ ਤੇ ਹਮੇਸ਼ਾ ਓ ਬੀ ਸੀ ਵਰਗ ਦੇ ਲੋਕਾਂ ਨੂੰ ਇਕ ਵੋਟ ਬੈਂਕ ਸਮਝਦੇ ਹੋਏ ਵਰਤੋਂ ਕੀਤੀ ਜਾਂਦੀ ਰਹੀ ਹੈ।ਮੀਟਿੰਗ ਨੂੰ ਸਟੇਟ ਪ੍ਰਧਾਨ ਪੰਜਾਬ ਕੁਲਵੰਤ ਸਿੰਘ ਮੱਲੀ ਨੇ ਸੰਬੋਧਨ ਕਰਦਿਆਂ ਪੰਜਾਬ ਦੇ ਸਾਰੇ ਓ ਬੀ ਸੀ ਵਰਗ ਅਤੇ ਐਸ ਸੀ/ਐਸ ਟੀ ਵਰਗ ਦੇ ਸੰਗਠਨਾਂ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਸਾਰੇ ਸੰਗਠਨਾਂ ਨੂੰ ਇਕਜੁੱਟ ਹੋ ਕੇ ਇਕ ਪਲੇਟਫਾਰਮ ਤੇ ਇਕ ਵਿਚਾਰਧਾਰਾ ਅਤੇ ਇਕ ਮਿਸ਼ਨ ਲੈ ਕੇ ਚੱਲਣ ਦਾ ਹੈ।ਇਸ ਲਈ ਸਾਰੇ ਸੰਗਠਨਾਂ ਦਾ ਅੱਜ ਇੱਕਜੁਟ ਹੋਣਾ ਓ ਬੀ ਸੀ ਵਰਗ ਦੀ ਮਜਬੂਰੀ ਬਣ ਗਈ ਹੈ ਕਿਉਂਕਿ ਮੈਂਬਰ ਪੰਚਾਇਤ ਤੋਂ ਲੈ ਕੇ ਮੈਂਬਰ ਪਾਰਲੀਮੈਂਟ ਤੱਕ ਬਣਦੀ ਹਿੱਸੇਦਾਰੀ ਤਾਂ ਮਿਲ ਸਕਦੀ ਹੈ।ਡਾਕਟਰ ਗੁਰਮੇਜ ਸਿੰਘ ਮਠਾੜੂ ਰਾਸ਼ਟਰੀ ਪ੍ਰਧਾਨ ਓ ਬੀ ਸੀ ਇੰਡੀਆ ਨੇ ਕਿਹਾ ਕਿ ਭਾਰਤ ਵਿੱਚ ਓ ਬੀ ਸੀ ਵਰਗ ਦੀ ਜਨਸੰਖਿਆ ਹੋਰ ਸਾਰੇ ਵਰਗਾਂ ਦੇ ਲੋਕਾਂ ਨਾਲੋਂ ਜ਼ਿਆਦਾ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਇਸ ਵਰਗ ਨੂੰ ਬਣਦੀ ਹਿੱਸੇਦਾਰੀ ਨਹੀਂ ਦਿੱਤੀ।ਜਾਤੀਗਤ ਜਨਗਣਨਾ ਦੇ ਸੰਬੰਧ ਵਿੱਚ ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨਹੀਂ ਕਰਵਾ ਰਹੀ ਕਿਉਂਕਿ ਜੇਕਰ ਜਾਤੀਗਤ ਜਨਗਣਨਾ ਹੋ ਜਾਂਦੀ ਹੈ ਤਾਂ ਹਰ ਜਾਤੀ ਦੇ ਲੋਕਾਂ ਨੂੰ ਉਹਨਾਂ ਦੀ ਜਨਸੰਖਿਆ ਦੇ ਅਨੁਸਾਰ ਸਰਕਾਰੇ-ਦਰਬਾਰੇ ਬਣਦੀ ਹਿੱਸੇਦਾਰੀ ਸੰਵਿਧਾਨ ਅਨੁਸਾਰ ਮਿਲਣੀ ਤੈਅ ਹੁੰਦੀ ਹੈ ਜਿਸ ਕਾਰਨ ਸਮਾਜਵਾਦ ਪਾਰਟੀਆਂ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨਹੀਂ ਕਰਵਾ ਰਹੀਆਂ ਹਨ। ਇਸ ਮੌਕੇ ਚੇਅਰਮੈਨ ਸੰਤੋਖ ਸਿੰਘ ਰਾਹੀ ਓ ਬੀ ਸੀ ਮੋਰਚਾ, ਨੈਸ਼ਨਲ ਵਾਇਸ ਪ੍ਰਧਾਨ ਰਾਜਿੰਦਰ ਸਿੰਘ ਅਖਲ ਭਾਰਤੀ ਕਸ਼ਯਪ ਮਹਾਂ ਸੰਘ, ਸੀਨੀਅਰ ਵਾਇਸ ਪ੍ਰਧਾਨ ਬੀ ਸੀ ਏਕਤਾ ਮੰਚ ਪੰਜਾਬ, ਪ੍ਰਧਾਨ ਰਾਮਗੜ੍ਹੀਆ ਭਾਈਚਾਰਾ ਅੰਮ੍ਰਿਤਸਰ ਮਨਜੀਤ ਸਿੰਘ ਮੰਝਲ, ਜ਼ਿਲ੍ਹਾ ਪ੍ਰਧਾਨ ਦਿਹਾਤੀ ਅੰਮ੍ਰਿਤਸਰ ਲਖਵਿੰਦਰ ਸਿੰਘ ਕਲੇਰ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਜਗਜੀਤ ਸਿੰਘ ਵੇਰਕਾ ਓ ਬੀ ਸੀ ਮੋਰਚਾ, ਪ੍ਰਧਾਨ ਗੁਰਦੁਆਰਾ ਬਾਬਾ ਹਿੰਮਤਗੜ੍ਹ ਅੰਮ੍ਰਿਤਸਰ, ਸੀਨੀਅਰ ਵਾਇਸ ਪ੍ਰਧਾਨ ਇੰਟਰ ਨੈਸ਼ਨਲ ਹਿਊਮਨ ਰਾਈਟ ਕੰਟਰੋਲ ਆਰਗੇਨਾਇਜੇਸ਼ਨ ਆਦਿ ਹਾਜ਼ਰ ਸਨ।



# ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਹਰਜਸ ਕੀਰਤਨ ਗਾਇਨ ਕੀਤਾ ਗਿਆ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਸਹਿਜ ਕੌਰ ਵੱਲੋਂ ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸੰਬੰਧਿਤ ਕਵਿਤਾ ਦਾ ਗਾਇਨ ਕੀਤਾ ਗਿਆ। ਉਪਰੰਤ ਗੁਰੂ ਜੀ ਦੇ ਲਾਸਾਨੀ ਸ਼ਹਾਦਤ ਦੇ ਸਾਕੇ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਲਈ ਉਤਸ਼ਾਹਿਤ ਕਰਦਿਆਂ ਗੁਰਸਿੱਖੀ ਵਾਲਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ।



# ਸਰਕਾਰ ਐੱਸਐੱਸ ਕਰਮਚਾਰੀਆਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਦੇਵੇ : ਜੀ ਟੀ ਯੂ

**ਤਰਨ ਤਾਰਨ/ਭਿੱਖੀਵਿੰਡ (ਪ੍ਰਿਤਪਾਲ ਸਿੰਘ/ਰਣਬੀਰ ਸਿੰਘ ਗੋਲਣ)**-ਗੌਰਮਿੰਟ ਟੀਚਰਜ਼ ਯੂਨੀਅਨ ਤਰਨ ਤਾਰਨ ਦੇ ਆਗੂਆਂ ਅਮਰਦੀਪ ਸਿੰਘ, ਮਨਜਿੰਦਰ ਸਿੰਘ, ਅਮਨਦੀਪ ਸਿੰਘ, ਪ੍ਰਦੀਪ ਸਿੰਘ, ਗੁਰਦੇਵ ਸਿੰਘ, ਸੁਖਜਿੰਦਰ ਸਿੰਘ, ਗੁਲਬਾਗ ਸਿੰਘ, ਸ਼ੰਮੀ ਚੌਧਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਦਫ਼ਤਰਾਂ ਵਿੱਚ ਕੰਮ ਕਰਦੇ ਸਰਵ ਸਿੱਖਿਆ ਅਭਿਆਨ ਦੇ ਕਰਮਚਾਰੀਆਂ ਨੂੰ ਵਾਅਦੇ ਮੁਤਾਬਕ ਰੈਗੂਲਰ ਸਕੇਲ ਤੇ ਪੱਕਿਆਂ ਕਰਨ ਦਾ ਕੰਮ ਤੁਰੰਤ ਸ਼ੁਰੂ ਕਰੇ।ਦੱਸਣਯੋਗ ਹੈ ਕਿ ਐੱਸਐੱਸ ਕਰਮਚਾਰੀਆਂ ਵੱਲੋਂ ਪਿਛਲੇ ਦਿਨਾਂ ਤੋਂ ਕਲਮਛੋੜ ਹੜਤਾਲ ਕੀਤੀ ਹੋਈ ਹੈ, ਜਿਸ ਦਾ ਸਮਰਥਨ ਵੱਖ-ਵੱਖ ਅਧਿਆਪਕ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੈ।ਉਪਰੋਕਤ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਇਨ੍ਹਾਂ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਵੱਲ ਤੁਰੰਤ ਧਿਆਨ ਨਹੀਂ ਦਿੰਦੀ ਤਾਂ ਹੋਰ ਤਿੱਖੇ ਸੰਘਰਸ਼ ਵਿੱਢੇ ਜਾਣਗੇ।



# ਕੈਬਨਿਟ ਮੰਤਰੀ ਖੁੱਡੀਆਂ ਨੇ ਪਰਿਵਾਰ ਸਮੇਤ ਖਾਲਸਾ ਕਾਲਜ ਅੰਮ੍ਰਿਤਸਰ ਦਾ ਕੀਤਾ ਦੌਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਪੰਜਾਬ ਦੇ ਕੈਬਨਿਟ ਮੰਤਰੀ ਸ: ਗੁਰਪ੍ਰੀਤ ਸਿੰਘ ਖੁੱਡੀਆਂ ਨੇ ਇਤਿਹਾਸਕ ਖ਼ਾਲਸਾ ਕਾਲਜ ਕੈਂਪਸ ਦਾ ਆਪਣੇ ਪਰਿਵਾਰ ਸਮੇਤ ਦੌਰਾ ਕੀਤਾ। ਸ: ਖੁੱਡੀਆਂ ਜੋ ਕਿ 2023 ਦੇ ਮਈ ਮਹੀਨੇ 'ਚ ਕੈਬਨਿਟ ਮੰਤਰੀ ਚੁਣੇ ਗਏ ਸਨ ਅਤੇ ਜਿਨ੍ਹਾਂ ਕੋਲ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰਾਲੇ ਅਤੇ ਫੂਡ ਪ੍ਰੋਸੈਸਿੰਗ ਮਹਿਕਮੇ ਹਨ, ਨੇ 1892 ਤੋਂ ਸਮਾਜ ਦੀ ਵਿੱਦਿਅਕ ਖੇਤਰ 'ਚ ਸੇਵਾ ਕਰ ਰਹੀ ਸਿਰਮੌਰ ਸੰਸਥਾ ਦੀ ਸ਼ਲਾਘਾ ਕਰਦਿਆਂ ਇੱਥੋਂ ਦੀ ਵਿਰਾਸਤੀ ਇਮਾਰਤ ਅਤੇ ਭਵਨ ਨਿਰਮਾਣ ਕਲਾ ਦੇ ਨਮੂਨੇ ਨੂੰ ਸਲਾਹਿਆ।ਜ਼ਿਕਰਯੋਗ ਹੈ ਕਿ ਸ: ਗੁਰਮੀਤ ਖੁੱਡੀਆਂ ਦੇ ਪਿਤਾ ਜਗਦੇਵ ਸਿੰਘ ਖੁੱਡੀਆਂ 1989 'ਚ ਫਰੀਦਕੋਟ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਸਨ।ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਖ਼ਾਲਸਾ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ, ਡਾ. ਤਮਿੰਦਰ ਸਿੰਘ ਭਾਟੀਆ, ਰਜਿਸਟਾਰ ਡਾ. ਦਵਿੰਦਰ ਸਿੰਘ ਨਾਲ ਮਿਲ ਕੇ ਸ: ਖੁੱਡੀਆਂ ਅਤੇ ਉਨ੍ਹਾਂ ਦੇ ਪਰਿਵਾਰ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕਾਲਜ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਅਤੇ ਦੱਸਿਆ ਕਿ ਕਿਵੇਂ 132 ਸਾਲ ਤੋਂ ਇਸ ਅਦਾਰੇ ਨੇ ਸਮਾਜ ਦੇ ਵਿਕਾਸ ਅਤੇ ਤਰੱਕੀ 'ਚ ਆਪਣਾ ਯੋਗਦਾਨ ਪਾਇਆ ਹੈ।ਇਸ ਮੌਕੇ ਖੁੱਡੀਆਂ ਜੋ ਕਾਲਜ ਦੀ ਸ਼ਾਨਦਾਰ ਵਿਰਾਸਤੀ ਇਮਾਰਤ ਨੂੰ ਵੇਖ ਕੇ ਅਤਿ ਪ੍ਰਭਾਵਿਤ ਹੋਏ, ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਮੈਂਬਰ ਵੀ ਇਸੇ ਕਾਲਜ ਤੋਂ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਅਤੇ ਅੱਜ ਉਹ ਆਪਣੇ ਪਰਿਵਾਰ ਸਮੇਤ ਇਸ ਇਮਾਰਤ ਨੂੰ ਵੇਖਣ ਲਈ ਆਏ ਹਨ।ਉਨ੍ਹਾਂ ਨੇ ਵਿੱਦਿਅਕ ਸੰਸਥਾਵਾਂ ਦਾ ਦੇਸ਼ ਨਿਰਮਾਣ 'ਚ ਯੋਗਦਾਨ ਨੂੰ ਅਹਿਮ ਦੱਸਦਿਆਂ ਭਾਰਤ ਦੇ ਵਿਕਾਸ 'ਚ ਮੋਹਰੀ ਦੱਸਿਆ।ਇਸ ਮੌਕੇ ਡਾ. ਮਹਿਲ ਸਿੰਘ, ਡਾ. ਕਾਹਲੋਂ ਨੇ ਸਾਂਝੇ ਤੌਰ 'ਤੇ ਸ. ਖੁੱਡੀਆਂ ਨੂੰ ਕਾਲਜ ਨਾਲ ਸਬੰਧਿਤ ਅਮੀਰ ਵਿਰਾਸਤ ਤੇ ਇਤਿਹਾਸ ਅਤੇ ਸ਼ਾਨਦਾਰ ਆਰਕੀਟੈਕਚਰ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਇਤਿਹਾਸਕ ਸੰਸਥਾ ਦੁਨੀਆ ਭਰ ਦੇ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਹੈ।ਉਨ੍ਹਾਂ ਕਿਹਾ ਕਿ ਕੈਂਪਸ 'ਚ ਦੁਨੀਆ ਭਰ ਤੋਂ ਅੰਤਰਰਾਸ਼ਟਰੀ ਵਫ਼ਦਾਂ ਦਾ ਆਉਣਾ ਇਕ ਆਮ ਵਿਸ਼ੇਸ਼ਤਾ ਹੈ ਅਤੇ ਕਾਲਜ 'ਚ ਇਸ ਤੋਂ ਪਹਿਲਾਂ ਅਮਰੀਕਾ, ਪੋਲੈਂਡ, ਗ੍ਰੀਸ, ਬੈਲਜੀਅਮ, ਡੈਨਮਾਰਕ, ਬੁਲਗਾਰੀਆ, ਹੰਗਰੀ, ਅਰਜਨਟੀਨਾ, ਮੈਕਸੀਕੋ, ਇਕੂਏਟਰ, ਕੋਲੰਬੀਆ, ਕੋਸਟ ਰਿਕਾ, ਮੁੰਬਈ, ਦਿੱਲੀ ਅਤੇ ਦੁਨੀਆ ਦੇ ਹੋਰ ਦੇਸ਼ਾਂ ਤੋਂ ਆਏ ਵਫ਼ਦ ਕਾਲਜ ਦੀ ਅਦਭੁੱਤ ਇਮਾਰਤ ਵੇਖ ਕੇ ਗਦਗਦ ਹੋਏ ਅਤੇ ਇਸ ਦੀਆਂ ਯਾਦਾਂ ਕੈਮਰਿਆਂ 'ਚ ਕੈਦ ਕਰਕੇ ਲੈ ਕੇ ਗਏ ਹਨ।

# ਸਿਹਤ ਵਿਭਾਗ ਨੇ ਪਲਸ ਪੋਲੀਓ ਰਾਊਂਡ ਸਬੰਧੀ ਜਾਗਰੂਕਤਾ ਰੈਲੀ ਕੱਢੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਜ਼ਿਲਾ ਤਰਨ ਤਾਰਨ ਦੇ ਕਾਰਜਕਾਰੀ ਸਿਵਲ ਸਰਜਨ ਕਮ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਵੱਲੋਂ 8 ਦਸੰਬਰ ਨੂੰ ਸ਼ੁਰੂ ਹੋਣ ਵਾਲੇ ਪਲਸ ਪੋਲੀਓ ਰਾਊਂਡ ਦੇ ਸਬੰਧ ਵਿੱਚ ਜਾਗਰੂਕਤਾ ਰੈਲੀ ਨੂੰ ਹਰੀ ਝੰਡੀ ਵਿਖਾਈ।ਦਫ਼ਤਰ ਸਿਵਲ ਸਰਜਨ ਤੋਂ ਸ਼ੁਰੂ ਕੀਤੀ ਗਈ ਜਾਗਰੂਕਤਾ ਰੈਲੀ ਦੇ ਵਿੱਚ ਸਿਹਤ ਕਰਮੀਆਂ ਤੋਂ ਇਲਾਵਾ ਨਰਸਿੰਗ ਕਾਲਜ ਦੀਆਂ ਵਿਦਿਆਆਰਥਨਾਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕਾਰਜਕਾਰੀ ਸਿਵਲ ਸਰਜਨ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਆਉਣ ਵਾਲੇ ਐਤਵਾਰ ਤੋਂ ਤਿੰਨ ਰੋਜ਼ਾ ਪਲਸ ਪੋਲੀਓ ਰਾਉਂਡ ਦੀ ਸ਼ੁਰੂਆਤ ਹੋਵੇਗੀ।ਉਹਨਾਂ ਦੱਸਿਆ ਕਿ ਜਾਗਰੂਕਤਾ ਰੈਲੀ ਕੱਢਣ ਦਾ ਮੁੱਖ ਮੰਤਵ ਨਾਗਰਿਕਾਂ ਨੂੰ ਪਲਸ ਪੋਲੀਓ ਰਾਉਂਡ ਬਾਰੇ ਜਾਗਰੂਕ ਕਰਨਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਜ਼ਿਲੇ ਦੇ ਵਿੱਚ ਕੋਈ ਵੀ ਯੋਗ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਾ ਰਹੇ।ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਬੱਚਿਆਂ ਦੇ ਮਾਪੇ ਇਸ ਮੁਹਿੰਮ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਬੱਚਿਆਂ ਨੂੰ ਪਹਿਲ ਦੇ ਆਧਾਰ ਤੇ ਪੋਲੀਓ ਰੋਕੂ ਬੂੰਦਾਂ ਪਿਲਾਉਣ।ਉਹਨਾਂ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਵੱਖ ਵੱਖ ਪਿੰਡਾਂ ਦੇ ਵਿੱਚ ਲਗਾਏ ਗਏ ਬੂਥਾਂ ਤੇ 0 ਤੋਂ 5 ਸਾਲਾਂ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਹਨਾਂ ਕਿਹਾ ਕਿ ਮੁਹਿੰਮ ਦੇ ਦੂਜੇ ਅਤੇ ਤੀਜੇ ਦਿਨ ਸਿਹਤ ਕਰਮੀਆਂ ਵੱਲੋਂ ਘਰ ਘਰ ਜਾ ਕੇ ਨੌਨਿਹਾਲਾਂ ਨੂੰ ਪੋਲੀਓ ਰੋਕੂ ਦਾ ਪਿਲਾਈਆਂ ਜਾਣਗੀਆਂ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਜਤਿੰਦਰ ਸਿੰਘ ਗਿੱਲ, ਜ਼ਿਲਾ ਪਰਿਵਾਰ ਅਫਸਰ ਡਾਕਟਰ ਸਤਵਿੰਦਰ ਕੁਮਾਰ ਭਗਤ, ਜਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ, ਡਾਕਟਰ ਸੁਖਜਿੰਦਰ ਸਿੰਘ, ਜ਼ਿਲਾ ਟੀਬੀ ਅਫਸਰ ਡਾਕਟਰ ਰਾਜਬੀਰ ਸਿੰਘ, ਡਾਕਟਰ ਰਣਦੀਪ ਸਿੰਘ, ਜ਼ਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ, ਸਹਾਇਕ ਮਲੇਰੀਆ ਅਫਸਰ ਕਵਲ ਬਲਰਾਜ ਸਿੰਘ, ਹੈਲਥ ਸੁਪਰਵਾਈਜ਼ਰ ਕਾਰਜ ਸਿੰਘ ਹੈਲਥ ਸੁਪਰਵਾਈਜ਼ਰ ਭੁਪਿੰਦਰ ਸਿੰਘ ਐਲਐਚਵੀ ਗੀਟਾ, ਕੰਪਿਊਟਰ ਆਪਰੇਟਰ ਸੰਦੀਪ ਸਿੰਘ ਆਦਿ ਮੌਜੂਦ ਰਹੇ।




# 'ਮੇਰੇ ਪਿੰਡ ਦੀ ਕੁੜੀਏ ਨੀਂ' ਗੀਤ ਦਾ ਪੋਸਟਰ ਲੋਕ ਅਰਪਿਤ

**ਬਾਬਾ ਬਕਾਲਾ ਸਾਹਿਬ (ਨਿਰਮਲ ਸੰਘਾ)**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬੀ ਜ਼ੁਬਾਨ ਦੇ ਨਾਮਵਰ ਗੀਤਕਾਰ ਅਤੇ ਗਾਇਕ ਮੱਖਣ ਭੈਣੀਵਾਲਾ ਦਾ ਨਵਾਂ ਸੱਭਿਆਚਾਰਕ ਲੋਕ ਗੀਤ 'ਮੇਰੇ ਪਿੰਡ ਦੀ ਕੁੜੀਏ ਨੀਂ, ਮੈਨੂੰ ਵੀਰਾ ਆਖ ਬੁਲਾਵੀਂ' ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਸੁਖਦੇਵ ਸਿੰਘ ਭੁੱਲਰ ਸਾ: ਸੀਨੀਅਰ ਮੈਨੇਜਰ ਪੰਜਾਬ ਸਕਲ ਸਿਖਿਆ ਬੋਰਡ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾ: ਨਿਰਮਲ ਸਿੰਘ ਬੇਦਾਦਪੁਰ, ਡਾ: ਕੁਲਵੰਤ ਸਿੰਘ ਬਾਠ ਸੀਨੀਅਰ ਵੈਨਟਰਨਰੀ ਅਫਸਰ, ਰਾਜਨ ਸਟੂਡੀਓ, ਗਾਇਕ ਅਤੇ ਗੀਤਕਾਰ ਸਤਨਾਮ ਸਿੰਘ ਸੱਤਾ ਜਸਪਾਲ ਨੇ ਉਕਤ ਗੀਤ ਦੇ ਪੋਸਟਰ ਨੂੰ ਲੋਕ ਅਰਪਿਤ ਕੀਤਾ। ਉਕਤ ਬੁਲਾਰਿਆਂ ਨੇ ਕਿਹਾ ਕਿ ਇਹ ਗੀਤ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਿਆਂ ਪਰਿਵਾਰ ਵਿੱਚ ਸੁਣਿਆ ਜਾਣ ਵਾਲਾ ਸੱਭਿਆਚਾਰਕ ਗੀਤ ਹੈ ਅਤੇ ਲੋੜ ਹੈ ਅੱਜ ਸਮਾਜ ਵਿੱਚ ਐਸੇ ਗੀਤਾਂ ਦੀ।



# ਦਿਲ ਦਾ ਦੌਰਾ ਪੈਣ ਨਾਲ ਏਐੱਸਆਈ ਦੀ ਮੌਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਿਛਲੇ ਲੰਮੇ ਸਮੇਂ ਤੋਂ ਪੁਲਸ ਜ਼ਿਲਾ ਬਟਾਲਾ ਅਧੀਨ ਆਉਂਦੇ ਥਾਣਾ ਕਾਦੀਆਂ ਵਿੱਚ ਏਐੱਸਆਈ ਵਜੋਂ ਸੇਵਾਵਾਂ ਨਿਭਾ ਰਹੇ ਮਨਜੀਤ ਸਿੰਘ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਣ ਦਾ ਦੁੱਖਦਾਈ ਸਮਾਚਾਰ ਮਿਲਿਆ ਹੈ।ਮਨਜੀਤ ਸਿੰਘ ਦੀ ਮੌਤ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਹੈ, ਸਮੁੱਚੇ ਥਾਣੇ ਵਿੱਚ ਉਦਾਸੀ ਦਾ ਮਾਹੌਲ ਹੈ।ਇਸ ਮੌਕੇ ਪੁਲਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਆਈਪੀਐੱਸ ਅਤੇ ਡੀਐੱਸਪੀ ਹਰਕ੍ਰਿਸ਼ਨ ਸਿੰਘ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਏਐੱਸਆਈ ਮਨਜੀਤ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਮਨਜੀਤ ਸਿੰਘ ਬਹੁਤ ਹੀ ਇਮਾਨਦਾਰ ਅਤੇ ਨੇਕ ਦਿਲ ਸੁਭਾਅ ਦਾ ਇਨਸਾਨ ਸੀ। ਉਸਦੀ ਘਾਟ ਹਮੇਸ਼ਾ ਹੀ ਕਾਦੀਆਂ ਪੁਲਸ ਨੂੰ ਮਹਿਸੂਸ ਹੁੰਦੀ ਰਹੇਗੀ।ਉਹਨਾਂ ਕਿਹਾ ਕਿ ਸਮੁੱਚਾ ਪੁਲਸ ਪ੍ਰਸ਼ਾਸਨ ਮਨਜੀਤ ਸਿੰਘ ਦੇ ਪਰਿਵਾਰ ਨਾਲ ਹਮੇਸ਼ਾ ਖੜ੍ਹਾ ਰਹੇਗਾ।



# ਸ਼ੈਰੀ ਕਲਸੀ ਦੇ ਸੁਹਿਰਦ ਯਤਨਾਂ ਸਦਕਾ ਪਿੰਡਾਂ ਦਾ ਵਿਕਾਸ ਪੱਧਰ ਹੋ ਰਿਹਾ ਉੱਚਾ : ਬਲਵਿੰਦਰ ਸਿੰਘ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਬਟਾਲਾ ਹਲਕੇ ਦੇ ਨਾਲ ਨਾਲ ਪਿੰਡਾਂ ਦੇ ਵਿਕਾਸ ਦੇ ਪੱਧਰ ਨੂੰ ਉਚਾ ਚੁੱਕਣ ਅਤੇ ਵਿਕਾਸ ਪੱਖੋਂ ਬੇਹਤਰੀਨ ਬਣਾਉਣ ਲਈ ਹਮੇਸ਼ਾ ਹੀ ਵਚਨਬੱਧ ਹਨ ਅਤੇ ਰਹਿਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਅਧੀਨ ਪੈਂਦੇ ਪਿੰਡ ਧੰਨੇ ਤੋਂ ਸਰਪੰਚ ਬਲਵਿੰਦਰ ਸਿੰਘ ਪੁੱਤਰ ਬੁਆ ਸਿੰਘ ਦੇ ਵੱਲੋਂ ਕੀਤਾ ਗਿਆ।ਗੱਲਬਾਤ ਦੌਰਾਨ ਸਰਪੰਚ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਸਰਬਸੰਮਤੀ ਦੇ ਨਾਲ ਉਹ ਬਿਨਾਂ ਮੁਕਾਬਲਾ ਜੇਤੂ ਰਹੇ ਅਤੇ ਇਸ ਦੌਰਾਨ ਉਹਨਾਂ ਦੇ ਨਾਲ ਰਣਜੀਤ ਸਿੰਘ ਪੁੱਤਰ ਸੌਦਾਗਰ ਸਿੰਘ, ਸੰਘਾ ਸਿੰਘ ਪੁੱਤਰ ਮਹਿੰਦਰ ਸਿੰਘ, ਜਸਵੰਤ ਸਿੰਘ ਪੁੱਤਰ ਦਰਸ਼ਨ ਸਿੰਘ, ਕਸ਼ਮੀਰ ਕੌਰ ਪਤਨੀ ਸੇਵਾ ਸਿੰਘ, ਹਰਜਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਮੈਂਬਰ ਬਣੇ। ਇਸ ਦੌਰਾਨ ਸਰਪੰਚ ਬਲਵਿੰਦਰ ਸਿੰਘ ਨੇ ਕਿਹਾ ਕਿ ਪਿੰਡ ਦੇ ਵਿੱਚ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਵਿਕਾਸ ਕਾਰਜ ਕਰਵਾਏ ਜਾਣਗੇ।ਹਰੇਕ ਮੈਂਬਰ ਪੰਚਾਇਤ ਅਤੇ ਸਮੁੱਚੇ ਵੋਟਰ ਸਪੋਰਟਰ ਨੂੰ ਨਾਲ ਲੈ ਕੇ ਪਿੰਡ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ।ਹਮੇਸ਼ਾ ਹੀ ਉਹ ਪਿੰਡ ਵਾਸੀਆਂ ਦੇ ਰਿਣੀ ਰਹਿਣਗੇ ਅਤੇ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਪਿੰਡ ਦੇ ਲੋਕਾਂ ਤੱਕ ਉਹ ਘਰ ਘਰ ਪਹੁੰਚਾਉਣਗੇ ।ਇਸ ਮੌਕੇ ਬਲਵਿੰਦਰ ਸਿੰਘ ਸਰਪੰਚ ਦੇ ਵੱਲੋਂ ਆਪਣੇ ਮੈਂਬਰ ਪੰਚਾਇਤਾਂ ਸਮੇਤ ਸਮੁੱਚੇ ਆਪਣੇ ਸਹਿਯੋਗੀ ਸੱਜਣਾਂ, ਵੋਟਰਾਂ, ਸਪੋਰਟਰਾਂ ਤੇ ਪਿੰਡ ਵਾਸੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਮੁਖਤਿਆਰ ਸਿੰਘ, ਸਰਵਨ ਸਿੰਘ ਬਾਊ, ਸਾਬਕਾ ਸਰਪੰਚ ਜਰਨੈਲ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਸੂਬੇਦਾਰ ਜੈਮਲ ਸਿੰਘ, ਕਸ਼ਮੀਰ ਸਿੰਘ ਸਾਬਕਾ ਮੈਂਬਰ, ਸੂਬੇਦਾਰ ਜਸਵਿੰਦਰ ਸਿੰਘ, ਅਮਰੀਕ ਸਿੰਘ, ਜਗੀਰ ਸਿੰਘ, ਸਾਧੂ ਸਿੰਘ, ਅਵਤਾਰ ਸਿੰਘ, ਸਰਦੂਲ ਸਿੰਘ, ਗੁਰਮੁਖ ਸਿੰਘ ਫੌਜੀ, ਸਮੂਹ ਨਗਰ ਨਿਵਾਸੀ ਵੋਟਰ ਸਪੋਰਟਰ ਆਦਿ ਹਾਜ਼ਰ ਸਨ।



# ਕਿੱਡਜ਼ ਪੈਰਾਡਾਈਜ਼ ਦੇ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਗਮ ਕਰਵਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਗੁਰੂ ਅਮਰਦਾਸ ਆਦਰਸ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਕਿੱਡਜ਼ ਪੈਰਾਡਾਈਜ਼ ਦੇ ਵਿਦਿਆਰਥੀਆਂ ਲਈ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ।ਇਸ ਮੌਕੇ ਪਰਮਜੀਤ ਸਿੰਘ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ), ਤਰਨ ਤਾਰਨ ਅਤੇ ਤੇਜਿੰਦਰ ਸਿੰਘ, ਜਨਰਲ ਮੈਨੇਜਰ, ਬੀ. ਐੱਚ. ਈ. ਐੱਲ. ਗੋਇੰਦਵਾਲ ਸਾਹਿਬ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਪਹੁੰਚੇ।ਇਸ ਮੌਕੇ ਛੋਟੇ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਬਚਪਨ ਦੀਆਂ ਮੌਜਾਂ ਤੇ ਬੇਪ੍ਰਵਾਹੀਆਂ ਅਤੇ ਅਜੋਕੇ ਯੁੱਗ ਦੌਰਾਨ ਮੋਬਾਇਲ ਵਿੱਚ ਗਵਾਚ ਰਹੇ ਅਣਭੋਲ ਬਚਪਨ ਨਾਲ ਸੰਬੰਧਤ ਵੰਨਗੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਸਟੇਜ 'ਤੇ ਪੇਸ਼ ਕੀਤਾ ਗਿਆ।ਇਸ ਮੌਕੇ ਪਿਛਲੇ ਇੱਕ ਸਾਲ ਤੋਂ ਅੱਵਲ ਪੁਜ਼ੀਸ਼ਨਾਂ 'ਤੇ ਆ ਰਹੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਸਾਹਿਬ, ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਵੱਲੋਂ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਪੂਰੇ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਝਲਕ ਦਿਖਾਈ ਦੇ ਰਹੀ ਸੀ।ਇਸ ਮੌਕੇ 'ਤੇ ਪ੍ਰਿੰ. ਮਨੀਸ਼ਾ ਸੂਦ ਅਤੇ ਕਿੱਡਜ਼ ਪੈਰਾਡਾਈਜ਼ ਦੇ ਕੋਆਰਡੀਨੇਟਰ ਕਿਰਨ ਮੰਨਣ ਵੱਲੋਂ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ।ਪ੍ਰੋਗਰਾਮ ਵਿੱਚ ਬੋਲਦਿਆਂ ਮੁੱਖ ਮਹਿਮਾਨ ਤੇਜਿੰਦਰ ਸਿੰਘ ਨੇ ਇਸ ਸਕੂਲ ਦੇ ਵਿਦਿਆਰਥੀ ਲਗਾਤਾਰ ਸੱਤਵੀਂ ਵਾਰ ਜ਼ਿਲ੍ਹਾ ਪੱਧਰ ਤੇ ਅੱਵਲ ਰਹਿਣ ਲਈ ਮੈਨੇਜਮੈਂਟ ਕਮੇਟੀ ਅਤੇ ਪ੍ਰਿੰ. ਮਨੀਸ਼ਾ ਸੂਦ ਦੀ ਤਾਰੀਫ਼ ਕਰਦਿਆਂ ਵਿਦਿਆਰਥੀਆਂ ਦੀ ਸਫ਼ਲਤਾ ਦਾ ਸਿਹਰਾ ਅਧਿਆਪਕਾਂ ਦੀ ਯੋਗ ਅਗਵਾਈ ਅਤੇ ਵਿਦਿਆਰਥੀਆਂ ਦੀ ਮਿਹਨਤ ਸਿਰ ਬੰਨਿਆ ਅਤੇ ਉਹਨਾਂ ਇਹ ਵੀ ਕਿਹਾ ਕਿ ਇਲਾਕੇ ਦਾ ਇਹ ਸਰਵੋਤਮ ਸਕੂਲ ਸ਼ੁਰੂ ਤੋਂ ਹੀ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਬਣਾਉਣ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ।ਉਹਨਾਂ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਸੁਨਿਹਰੇ ਭਵਿੱਖ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਆਏ ਹੋਏ ਸਰੋਤਿਆਂ ਅਤੇ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਚੰਗੇਰੇ ਭਵਿੱਖ ਲਈ ਵਚਨਬੱਧ ਰਹੇਗਾ।




# ਪੁਲਸ ਤੇ ਬੀਐੱਸਐੱਫ ਵੱਲੋਂ ਹੈਰੋਇਨ ਸਮੇਤ ਡਰੋਨ ਕਾਬੂ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਥਾਣਾ ਘਰਿੰਡਾ ਪੁਲਸ ਵੱਲੋਂ ਸਬ ਇੰਸਪੈਕਟਰ ਕੁਲਵੰਤ ਸਿੰਘ ਅਤੇ ਬੀਐੱਸਐੱਫ ਦੇ ਸਾਂਝੇ ਆਪਰੇਸ਼ਨ ਨਾਲ ਹੈਰੋਇਨ ਸਮੇਤ ਇੱਕ ਡਰੋਨ ਕਾਬੂ ਕਰ ਵਿੱਚ ਪੁਲਸ ਨੂੰ ਵੱਡੀ ਕਾਮਯਾਬੀ ਮਿਲੀ ਹੈ ।ਬਾਰਡਰ ਏਰੀਏ ਵਿੱਚ ਪਾਕਿਸਤਾਨ ਵੱਲੋਂ ਭੇਜੇ ਗਏ ਹੈਰੋਇਨ ਵਾਲੇ ਡਰੋਨ ਆਉਣੇ ਬੰਦ ਨਹੀਂ ਹੋਏ। ਬੀਐੱਸਐੱਫ ਦੇ ਨੌਜਵਾਨਾਂ ਅਤੇ ਪੰਜਾਬ ਪੁਲਸ ਵੱਲੋਂ ਹਰ ਰੋਜ਼ ਹੈਰੋਇਨ ਵਾਲੇ ਡਰੋਨ ਫੜੇ ਜਾਂਦੇ ਹਨ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਡਰੋਨਾਂ ਨੂੰ ਰੋਕਣ ਲਈ ਸਖਤ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਜੋ ਵਿਅਕਤੀ ਫੜਿਆ ਜਾਂਦਾ ਹੈ ਤਾਂ ਉਸ ਨੂੰ ਕਾਨੂੰਨ ਸਖਤ ਤੋਂ ਸਖਤ ਸਜ਼ਾ ਦੇਵੇ ਤਾਂ ਜੋ ਕੋਈ ਵੀ ਇਹੋ ਜਿਹੇ ਕੰਮ ਕਰਨ ਲਈ ਸੌ ਵਾਰ ਸੋਚੇ।

# ਕੇਂਦਰੀ ਜੇਲ ਗੁਰਦਾਸਪੁਰ 'ਚੋਂ ਮਿਲਿਆ ਨਸ਼ੀਲਾ ਪਦਾਰਥ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੂੰ ਸੁਪਰਡੈਂਟ ਕੇਂਦਰੀ ਜੇਲ ਗੁਰਦਾਸਪੁਰ ਨੇ ਆਪਣੇ ਪੱਤਰ ਨੰਬਰ 10003 ਰਾਹੀਂ ਦੱਸਿਆ ਕਿ ਮਿਤੀ 4 ਦਸੰਬਰ ਨੂੰ ਸਮਾਂ 10.15 ਵਜੇ ਸਵੇਰੇ ਸ਼ੱਕ ਪੈਣ 'ਤੇ ਹਵਾਲਾਤੀ ਸੁਖਜੀਤ ਸਿੰਘ ਦੀ ਤਲਾਸ਼ੀ ਦੌਰਾਨ ਉਸ ਪਾਸੋਂ 325 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਹਵਾਲਾਤੀ ਖ਼ਿਲਾਫ਼ ਜੇਲ ਐਕਟ ਅਤੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# 9ਵੇਂ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਮੌਕੇ ਸਜਾਇਆ ਵਿਸ਼ਾਲ ਨਗਰ ਕੀਰਤਨ



**ਬਾਬਾ ਬਕਾਲਾ ਸਾਹਿਬ (ਨਿਰਮਲ ਸੰਘਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਜਥੇਬੰਦੀਆਂ ਅਤੇ ਨਗਰ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਦੁਆਰਾ 9ਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ, ਜੋ ਕਿ ਕਥਾ ਘਰ, ਸਰੋਵਰ ਬਾਬਾ ਗੁਰਮੁੱਖ ਸਿੰਘ, ਗੁ: ਛਾਉਣੀ ਸਾਹਿਬ, ਗੁ: ਛੇਵੀਂ ਪਾਤਸ਼ਾਹੀ, ਗੁ: ਮਾਤਾ ਗੰਗਾ ਜੀ, ਗੁ: ਗੋਬਿੰਦਗੜ੍ਹ ਸਾਹਿਬ ਅਤੇ ਨਗਰ ਦੀ ਪਰਿਕਰਮਾ ਕਰਦਾ ਹੋਇਆ ਵਾਪਿਸ ਇਸੇ ਅਸਥਾਨ 'ਤੇ ਸਮਾਪਤ ਹੋਇਆ। ਨਗਰ ਕੀਰਤਨ 'ਚ ਸਾਬਕਾ ਵਿਧਾਇਕ ਜ: ਬਲਜੀਤ ਸਿੰਘ ਜਲਾਲ ਉਸਮਾਂ ਮੈਂਬਰ ਸ਼੍ਰੋਮਣੀ ਕਮੇਟੀ, ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਬਾਬਾ ਸੁੱਖਾ ਸਿੰਘ, ਬਾਬਾ ਬਲਕਾਰ ਸਿੰਘ ਸੁਧਾਰ ਕਾਰ ਸੇਵਾ ਕਿਲਾ ਆਨੰਦਗੜ੍ਹ ਸਾਹਿਬ, ਬਾਬਾ ਬੱਬੂ ਕਾਰ ਸੇਵਾ ਸਰਹਾਲੀ ਵਾਲੇ, ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਮੀਤ ਮੈਨੇਜਰ ਭਾਈ ਸ਼ੇਰ ਸਿੰਘ ਅਤੇ ਭਾਈ ਜਗਤਾਰ ਸਿੰਘ, ਬਾਬਾ ਮੋਹਣ ਸਿੰਘ ਕੰਗ, ਹੈੱਡ ਗ੍ਰੰਥੀ ਭਾਈ ਹਰਦੇਵ ਸਿੰਘ, ਸਾ: ਹੈੱਡਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਕਾਕਾ ਗੁਰੂਵਰਜੀਤ ਸਿੰਘ ਜਲਾਲ ਉਸਮਾ ਬੀਬੀ ਗੁਰਵਿੰਦਰ ਕੌਰ ਜਲਾਲ ਉਸਮਾਂ, ਪ੍ਰਿੰ: ਦਿਲਬਾਗ ਸਿੰਘ ਮਾਨ, ਪ੍ਰਿੰ: ਕੁਲਬੀਰ ਸਿੰਘ ਮਾਨ, ਪ੍ਰਿੰ: ਗੁਰਜੀਤ ਸਿੰਘ ਵਡਾਲਾ, ਪ੍ਰਿੰ: ਹਰਮਨਦੀਪ ਸਿੰਘ ਗਿੱਲ, ਮਾ: ਇਕਬਾਲ ਸਿੰਘ , ਤੇਜਿੰਦਰ ਸਿੰਘ ਅਠੌਲਾ, ਸੂਬੇ: ਹਰਜਿੰਦਰ ਸਿੰਘ ਨਿੱਝਰ, ਅਮਰਜੀਤ ਸਿੰਘ ਅਕਾਊਟੈਂਟ, ਜਸਪ੍ਰੀਤ ਸਿੰਘ ਗੋਰਾ ਮੁਖੀ ਹਿੰਦ ਦੀ ਚਾਦਰ ਬਿਰਧ ਆਸ਼ਰਮ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਮਨਜੀਤ ਸਿੰਘ ਕਥਾ ਵਾਚਕ, ਜਗਤਾਰ ਸਿੰਘ ਬਹਾਦਰਪੁਰ ਅਤੇ ਹੋਰ ਸੰਗਤਾਂ ਨੇ ਹਾਜ਼ਰੀ ਭਰੀ।

# ਬੀ ਆਰ ਟੀ ਐੱਸ ਬੱਸ ਸਰਵਿਸ ਅੰਮ੍ਰਿਤਸਰ 'ਚ ਮੁੜ ਸ਼ੁਰੂ

## ਤਿੰਨ ਹਫਤੇ ਤੱਕ ਇਹਨਾਂ ਬੱਸਾਂ 'ਤੇ ਕੋਈ ਕਿਰਾਇਆ ਨਹੀਂ ਲੱਗੇਗਾ: ਧਾਲੀਵਾਲ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਲੰਬੇ ਸਮੇਂ ਤੋਂ ਬੰਦ ਪਈਆਂ ਬੀਆਰਟੀਐਸ ਬੱਸਾਂ ਅੱਜ ਦੁਬਾਰਾ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਨਾਰਾਇਣਗੜ੍ਹ ਸਥਿਤ ਇੰਡੀਆ ਗੇਟ ਤੋਂ ਗੋਲਡਨ ਗੇਟ ਤੱਕ ਰੂਟ ਨੰਬਰ 201 ਦੀਆਂ ਬੱਸਾਂ ਨੂੰ ਝੰਡੀ ਵਿਖਾ ਕੇ ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸ਼ੁਰੂ ਕੀਤਾ। ਇਸ ਮੌਕੇ ਉਹਨਾਂ ਨਾਲ ਵਿਧਾਇਕ ਇੰਦਰਬੀਰ ਸਿੰਘ ਨਿਜਰ, ਵਿਧਾਇਕ ਅਜੇ ਗੁਪਤਾ, ਸ਼ਹਿਰੀ ਪ੍ਰਧਾਨ ਮਨੀਸ਼ ਅਗਰਵਾਲ, ਕਮਿਸ਼ਨਰ ਕਾਰਪੋਰੇਸ਼ਨ ਗੁਰਪ੍ਰੀਤ ਸਿੰਘ ਔਲਖ ਅਤੇ ਹੋਰ ਨੇਤਾ ਵੀ ਹਾਜ਼ਰ ਸਨ।ਸ. ਧਾਲੀਵਾਲ ਨੇ ਇਸ ਮੌਕੇ ਦੱਸਿਆ ਕਿ ਫਿਲਹਾਲ ਇਹ ਬੱਸਾਂ ਟਰਾਇਲ ਲਈ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਅਤੇ ਤਿੰਨ ਹਫਤੇ ਤੱਕ ਇਹਨਾਂ ਉੱਤੇ ਕੋਈ ਕਿਰਾਇਆ ਨਹੀਂ ਲੱਗੇਗਾ। ਉਸ ਤੋਂ ਬਾਅਦ ਇਹਨਾਂ ਬੱਸਾਂ ਦਾ ਕਿਰਾਇਆ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਸਾਰੇ ਰੂਟਾਂ ਉੱਤੇ ਬਸ ਸੇਵਾ ਸ਼ੁਰੂ ਹੋਵੇਗੀ।ਉਹਨਾਂ ਦੱਸਿਆ ਕਿ ਬੀ ਆਰ ਟੀ ਐਸ ਸੇਵਾ ਦੇਣ ਵਾਲੀ ਕੰਪਨੀ ਕਰੀਬ ਡੇਢ ਸਾਲ ਪਹਿਲਾਂ ਭੱਜ ਗਈ ਸੀ ਜਿਸ ਕਾਰਨ ਇਹ ਬੱਸਾਂ ਰੁਕ ਗਈਆਂ ਸਨ ਅਤੇ ਹੁਣ ਅੰਮ੍ਰਿਤਸਰ ਸ਼ਹਿਰ ਵਾਸੀਆਂ ਦੀ ਮੰਗ ਉੱਤੇ ਦੁਬਾਰਾ ਇਹਨਾਂ ਨੂੰ ਕਾਰਪੋਰੇਸ਼ਨ ਵੱਲੋਂ ਚਲਾਇਆ ਜਾ ਰਿਹਾ ਹੈ ਅਤੇ ਅੱਜ ਤੋਂ ਇਹਨਾਂ ਦਾ ਕੰਮ ਕਾਰਪੋਰੇਸ਼ਨ ਹੀ ਦੇਖੇਗੀ, ਜਿਸ ਨਾਲ ਬੱਸਾਂ ਨਿਰੰਤਰ ਸੜਕਾਂ ਉੱਤੇ ਦੌੜ ਸਕਣਗੀਆਂ।ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਸਮੇਂ ਇੰਡੀਆ ਗੇਟ ਤੋਂ ਗੋਲਡਨ ਗੇਟ ਤੱਕ 5 ਬੱਸਾਂ ਚੱਲਣਗੀਆਂ। ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੁਤਲੀਘਰ, ਰੇਲਵੇ ਸਟੇਸ਼ਨ ਅਤੇ ਹੋਰ ਖੇਤਰ ਕਵਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਬੱਸਾਂ ਦਾ ਟਾਈਮ ਟੇਬਲ ਵੀ ਹਫ਼ਤੇ ਬਾਅਦ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬੱਸਾਂ ਇੱਕ ਮਹੀਨੇ ਲਈ ਮੁਫ਼ਤ ਚੱਲਣਗੀਆਂ।ਉਨ੍ਹਾਂ ਦੱਸਿਆ ਕਿ ਇੱਕ ਮਹੀਨੇ ਬਾਅਦ ਬੀਆਰਟੀਐਸ ਰੋਡ 'ਤੇ 60 ਕਮਰਸ਼ੀਅਲ ਬੱਸਾਂ ਚੱਲਣੀਆਂ ਸ਼ੁਰੂ ਹੋ ਜਾਣਗੀਆਂ। ਉਹਨਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਸ ਦੇ ਰੂਟ ਵਿੱਚ ਅੱਜ ਤੋਂ ਬਾਅਦ ਕੋਈ ਨਿੱਜੀ ਵਾਹਨ ਨਾ ਲੈ ਕੇ ਆਉਣ। ਉਹਨਾਂ ਦੱਸਿਆ ਕਿ ਪੁਲਸ ਇਸ ਲਈ ਵੱਡੇ ਚਲਾਨਾਂ ਦਾ ਪ੍ਰਬੰਧ ਕਰ ਰਹੀ ਹੈ ਅਤੇ ਜੇਕਰ ਕੋਈ ਵਾਹਨ ਇਹਨਾਂ ਰੂਟਾਂ ਦੇ ਵਿੱਚ ਆਇਆ ਤਾਂ ਉਹਨਾਂ ਨੂੰ ਭਾਰੀ ਜੁਰਮਾਨਾ ਦੇਣਾ ਪਵੇਗਾ।

# ਕਿਸਾਨਾਂ ਵੱਲੋਂ 16 ਮਹੀਨਿਆਂ ਤੋਂ ਦਿੱਤਾ ਜਾ ਰਿਹਾ ਧਰਨਾ ਸਮਾਪਤ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਕੋਆਪਰੇਟਿਵ ਸੁਸਾਇਟੀ ਸਮਰਾਏ ਵਿੱਚ ਹੋਏ ਕਰੋੜਾਂ ਰੁਪਏ ਦੇ ਗਬਨ ਦੇ ਖਿਲਾਫ ਪਿਛਲੇ 16 ਮਹੀਨਿਆਂ ਤੋਂ ਕੋਆਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਦੇ ਅੱਗੇ ਕਿਸਾਨਾਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਕਿਸਾਨਾਂ ਦੀ ਜਿੱਤ ਹੋਣ ਉਪਰੰਤ ਅੱਜ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਸਰਦਾਰ ਬਲਬੀਰ ਸਿੰਘ ਰਾਜੇਵਾਲ ਵੱਲੋਂ ਵਿਸ਼ੇਸ਼ ਤੌਰ 'ਤੇ ਧਰਨੇ ਵਿੱਚ ਪਹੁੰਚ ਕੇ ਧਰਨਾਕਾਰੀਆਂ ਨੂੰ ਹਾਰ ਪਾ ਕੇ ਧਰਨਾ ਸਮਾਪਤ ਕਰਵਾਇਆ ਗਿਆ। ਇਸ ਧਰਨੇ ਦੀ ਸਮਾਪਤੀ ਮੌਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਯੁਵਰਾਜ ਗਾਰਡਨ ਪੈਲੇਸ ਡੇਰਾ ਬਾਬਾ ਨਾਨਕ ਵਿਖੇ ਇੱਕ ਫਤਿਹ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸ਼ਿਰਕਤ ਕੀਤੀ। ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੋਆਪਰੇਟਿਵ ਸੁਸਾਇਟੀ ਸਮਰਾਏ ਤੇ ਸੈਕਟਰੀ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਕਰੋੜਾਂ ਰੁਪਏ ਦੇ ਗਬਨ ਦੇ ਖਿਲਾਫ ਪਿਛਲੇ 16 ਮਹੀਨਿਆਂ ਤੋਂ ਕਿਸਾਨਾਂ ਵੱਲੋਂ ਕੋਆਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਦੇ ਬਾਹਰ ਸ਼ਾਂਤੀਪੂਰਵਕ ਧਰਨਾ ਦਿੱਤਾ ਜਾ ਰਿਹਾ ਸੀ ਜਿਸ ਵਿੱਚ ਅੱਜ ਕਿਸਾਨਾਂ ਦੀ ਵੱਡੀ ਜਿੱਤ ਹੋਈ ਹੈ। ਰਾਜੇਵਾਲ ਨੇ ਕਿਹਾ ਕਿ ਇਸ ਜਿੱਤ ਨਾਲ ਸਮਰਾਏ ਸੁਸਾਇਟੀ ਦੇ ਵੱਖ-ਵੱਖ 9 ਪਿੰਡਾਂ ਦੇ 188 ਕਿਸਾਨਾਂ ਨੂੰ ਵੱਡਾ ਲਾਭ ਹੋਇਆ ਹੈ ਜਿਨ੍ਹਾਂ ਦੀ ਲਗਭਗ 14 ਕਰੋੜ ਦੇ ਕਰੀਬ ਰਾਸ਼ੀ ਮਾਫ ਕੀਤੀ ਗਈ ਹੈ। ਸਮਾਗਮ ਦੌਰਾਨ 188 ਕਿਸਾਨਾਂ ਨੂੰ ਐੱਨ ਓ ਸੀ ਸਰਟੀਫਿਕੇਟ ਵੰਡੇ ਗਏ। ਉਨਾ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਜੋ ਕੋਆਪਰੇਟਿਵ ਸੁਸਾਇਟੀਆਂ ਹਨ, ਇਹ ਕਿਸਾਨਾਂ ਦੀਆਂ ਹਨ ਤੇ ਜੋ ਇਹਨਾਂ ਸੁਸਾਇਟੀਆਂ ਵਿੱਚ ਮੁਲਾਜ਼ਮ ਹਨ ਉਹ ਕਿਸਾਨਾਂ ਦੇ ਲੇਖਾਕਾਰ ਹਨ ਨਾ ਕਿ ਮਾਲਕ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸੁਸਾਇਟੀ ਦੇ ਸੈਕਟਰੀ ਨੂੰ ਆਪਣੀਆਂ ਪਾਸਬੁੱਕਾਂ ਤੇ ਚੈੱਕ ਬੁੱਕਾਂ ਨਾ ਦੇਣ ਤਾਂ ਕਿ ਅੱਗੇ ਤੋਂ ਕੋਈ ਵੀ ਸੈਕਟਰੀ ਇਹੋ ਜਿਹਾ ਗਬਨ ਨਾ ਕਰ ਸਕੇ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਵੱਲੋਂ ਉਨਾਂ ਕਿਸਾਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵੱਲੋਂ ਇਸ ਧਰਨੇ ਦੌਰਾਨ ਦ੍ਰਿੜ ਵਿਸ਼ਵਾਸ ਨਾਲ ਆਪਣੀ ਡਿਊਟੀ ਨਿਭਾਈ ਗਈ ਹੈ। ਇਸ ਮੌਕੇ ਧਰਨਾਕਾਰੀ ਕਿਸਾਨਾਂ ਵੱਲੋਂ ਵੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾਂ ਸਮੇਤ ਧਰਨੇ ਵਿੱਚ ਵਿਸ਼ੇਸ਼ ਸਹਿਯੋਗ ਕਰਨ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਦੁਸ਼ਾਲੇ, ਸਿਰੋਪਾਓ ਸਾਹਿਬ ਤੇ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਤਪਾਲਾ, ਸੁਖਰਾਜ ਸਿੰਘ ਬਿਸ਼ਨੀਵਾਲ, ਸਤਨਾਮ ਸਿੰਘ ਪੱਡਾ, ਬਲਜਿੰਦਰ ਸਿੰਘ ਬਿਸ਼ਨੀਵਾਲ, ਬਲਵਿੰਦਰ ਸਿੰਘ ਮੀਕੇ, ਸੁਖਦੇਵ ਸਿੰਘ ਨਵਾਂ ਪਿੰਡ, ਵੱਸਣ ਸਿੰਘ ਕਾਦੀਆਂ, ਜੋਗਿੰਦਰ ਸਿੰਘ ਮੀਤ ਪ੍ਰਧਾਨ, ਸੁੱਚਾ ਸਿੰਘ ਮਾਨ, ਜੋਗਾ ਸਿੰਘ ਮਾਨ, ਭਗਵੰਤ ਸਿੰਘ ਮਾਨ, ਰਜਿੰਦਰ ਸਿੰਘ ਵੇਰੋਕੇ, ਸੁਖਵਿੰਦਰ ਸਿੰਘ, ਬਲਦੇਵ ਸਿੰਘ ਤਪਾਲਾ, ਬਾਬਾ ਬਲੀ ਸਿੰਘ ਸਮਰਾ, ਗੁਰਨਾਮ ਸਿੰਘ ਸਮਰਾ, ਗੁਲਜਾਰ ਸਿੰਘ ਮਾਨ, ਜਸਵੰਤ ਸਿੰਘ ਚੌੜਾਂ ਬਾਜਵਾ, ਰਾਮ ਸਿੰਘ, ਜਸਬੀਰ ਸਿੰਘ, ਆਸਾ ਸਿੰਘ, ਬਲਜਿੰਦਰ ਸਿੰਘ, ਹਰਦੇਵ ਸਿੰਘ, ਲਖਵਿੰਦਰਜੀਤ ਸਿੰਘ ਅੰਮ੍ਰਿਤਸਰ, ਗੁਰਮੇਲ ਸਿੰਘ, ਕੇਵਲ ਸਿੰਘ ਕੰਗ, ਨਿਸ਼ਾਨ ਸਿੰਘ ਨਿਹੰਗ, ਤਰਸੇਮ ਸਿੰਘ ਤਰਨਾ ਦਲ ਮਹਿਤਾ, ਬਾਬਾ ਅਜੈਬ ਸਿੰਘ, ਕਲਵੰਤ ਸਿੰਘ ਤਲਵੰਡੀ ਵਿਰਕ, ਨਿਰਵੈਰ ਸਿੰਘ ਤਪਾਲਾ, ਸਕੱਤਰ ਸਿੰਘ ਮਾਨ, ਬਾਬਾ ਸੁਲੱਖਣ ਸਿੰਘ ਚੌੜਾ, ਹਰਭਜਨ ਸਿੰਘ ਤਪਾਲਾ, ਬਾਬਾ ਰਣਬੀਰ ਸਿੰਘ ਅਬਦਾਲ, ਅਜੀਤ ਸਿੰਘ ਨੰਬਰਦਾਰ ਮਾਨ, ਹਰਵਿੰਦਰ ਸਿੰਘ ਮਾਨ, ਹਰਵਿੰਦਰ ਸਿੰਘ ਮਾਨ, ਸਤਨਾਮ ਸਿੰਘ, ਰਣਜੋਧ ਸਿੰਘ, ਡਾ. ਰਾਜਵਿੰਦਰ ਸਿੰਘ ਸਮਰਾ, ਬਖਸ਼ੀਸ਼ ਸਿੰਘ ਸਮਰਾ, ਸ਼ਮਸ਼ੇਰ ਸਿੰਘ ਸਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



# ਐਨ ਆਰ ਆਈ ਸਭਾ ਦੇ ਸੀਨੀਅਰ ਉਪ ਪ੍ਰਧਾਨ ਚਾਨਾ ਨੇ ਸੰਭਾਲਿਆ ਅਹੁਦਾ

**ਜਲੰਧਰ, (ਸ਼ੈਲੀ ਐਲਬਰਟ)**

ਡਵੀਜ਼ਨਲ ਕਮਿਸ਼ਨਰ ਅਤੇ ਐਨ.ਆਰ.ਆਈ ਸਭਾ ਪੰਜਾਬ ਦੇ ਚੇਅਰਮੈਨ ਪ੍ਰਦੀਪ ਕੁਮਾਰ ਸੱਭਰਵਾਲ ਦੀ ਹਾਜ਼ਰੀ ਵਿੱਚ ਸਭਾ ਦੇ ਨਵ-ਨਿਯੁਕਤ ਸੀਨੀਅਰ ਉਪ ਪ੍ਰਧਾਨ ਸਤਨਾਮ ਸਿੰਘ ਚਾਨਾ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪ੍ਰਧਾਨ ਐਨ.ਆਰ.ਆਈ ਸਭਾ ਪੰਜਾਬ ਪਰਵਿੰਦਰ ਕੌਰ, ਜਗਵੀਰ ਸਿੰਘ ਸ਼ੇਰਗਿੱਲ, ਮਹਿੰਦਰ ਸਿੰਘ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।ਇਸ ਮੌਕੇ ਪ੍ਰਦੀਪ ਕੁਮਾਰ ਸੱਭਰਵਾਲ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਪੰਜਾਬ ਸਰਕਾਰ ਗੰਭੀਰ ਹੈ ਅਤੇ ਇਸੇ ਗੰਭੀਰਤਾ ਸਦਕਾ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਚੰਡੀਗੜ੍ਹ ਵਿਖੇ ਪਿਛਲੇ ਦਿਨੀਂ ਮੀਟਿੰਗ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਐਨ.ਆਰ.ਆਈ ਸਭਾ ਨਾਲ ਕੀਤੀ ਇਸ ਮੀਟਿੰਗ ਵਿੱਚ ਪ੍ਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰਿਆਂ ਦਾ ਜਾਇਜ਼ਾ ਲਿਆ ਗਿਆ। ਸੱਭਰਵਾਲ ਨੇ ਆਸ ਪ੍ਰਗਟਾਉਂਦਿਆਂ ਕਿਹਾ ਕਿ ਨਵ-ਨਿਯੁਕਤ ਸੀਨੀਅਰ ਉਪ ਪ੍ਰਧਾਨ ਸਤਨਾਮ ਸਿੰਘ ਚਾਨਾ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਸਭਾ ਵਿੱਚ ਇਹਨਾਂ ਦੀ ਸਰਗਰਮ ਭੂਮਿਕਾ ਰਹੇਗੀ। ਉਨ੍ਹਾਂ ਕਿਹਾ ਕਿ ਸਭਾ ਦੇ ਜਲੰਧਰ ਸਮੇਤ 12 ਜ਼ਿਲ੍ਹਾ ਯੂਨਿਟ ਹਨ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ, ਐਸ.ਬੀ.ਐਸ.ਨਗਰ, ਰੂਪਨਗਰ, ਐਸ.ਏ.ਐਸ. ਨਗਰ, ਪਟਿਆਲਾ ਅਤੇ ਮੋਗਾ ਸ਼ਾਮਿਲ ਹਨ।ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਿਲਾਂ ਦੇ ਤੁਰੰਤ ਹੱਲ ਦੀ ਵਚਨਬੱਧਤਾ ਦੁਹਰਾਉਂਦਿਆਂ ਸੱਭਰਵਾਲ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਵਲੋਂ ਸੂਬੇ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ ਸਭਾ ਪ੍ਰਵਾਸੀ ਭਾਰਤੀਆਂ ਨੂੰ ਦਰਪੇਸ਼ ਹਰ ਸਮੱਸਿਆ ਦਾ ਸਮੇਂ-ਸਿਰ ਨਿਪਟਾਰਾ ਕਰਨ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਸੱਭਰਵਾਲ ਵਲੋਂ 12 ਜ਼ਿਲ੍ਹਿਆਂ ਦੇ ਜ਼ਿਲ੍ਹਾ ਮਾਲ ਅਫ਼ਸਰਾਂ ਨਾਲ ਬੀਤੇ ਦਿਨੀਂ ਕੀਤੀ ਮੀਟਿੰਗ ਦੌਰਾਨ ਹਦਾਇਤ ਕੀਤੀ ਗਈ ਸੀ ਕਿ ਐਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਦਾ ਪਹਿਲ ਦੇ ਅਧਾਰ 'ਤੇ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਦਫਤਰਾਂ ਵਿੱਚ ਆਉਣ ਵਾਲੇ ਪ੍ਰਵਾਸੀ ਭਾਰਤੀਆਂ ਦਾ ਪੂਰਾ ਮਾਣ-ਸਤਿਕਾਰ ਬਹਾਲ ਰੱਖਿਆ ਜਾਵੇ।ਸੀਨੀਅਰ ਉਪ ਪ੍ਰਧਾਨ ਦਾ ਅਹੁਦਾ ਸੰਭਾਲਨ ਦੌਰਾਨ ਸਤਨਾਮ ਸਿੰਘ ਚਾਨਾ ਨੇ ਕਿਹਾ ਕਿ ਉਹ ਪੂਰੀ ਮਿਹਨਤ ਅਤੇ ਲਗਨ ਨਾਲ ਸੌਂਪੀ ਗਈ ਜ਼ਿੰਮੇਵਾਰੀ ਨਿਭਾਉਣਗੇ।



# ਮਾਤਾ ਗੁਰਮੇਜ ਕੌਰ ਪੁਰੇਵਾਲ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ

**ਸ਼ਾਹਕੋਟ (ਗਿਆਨ ਸੈਦਪੁਰੀ)**

ਵੱਖ- ਵੱਖ ਸਿਆਸੀ ਤੇ ਸਮਾਜੀ ਆਗੂਆਂ ਨੇ ਮਾਤਾ ਗੁਰਮੇਜ ਕੌਰ ਪੁਰੇਵਾਲ ਨੂੰ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਉਹ 27 ਨਵੰਬਰ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ। ਸ਼ੁੱਕਰਵਾਰ ਨੂੰ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਗੁਰਦਵਾਰਾ ਸ਼ਹੀਦ ਬਾਬਾ ਰੋੜੀ ਸਾਹਿਬ ਸ਼ੀਰ ਪਿੰਡ (ਨਕੋਦਰ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਹਰਦਿਆਲ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ਼ਰਧਾਂਜਲੀ ਸਮਾਗਮ ਵਿੱਚ ਵੱਖ ਵੱਖ ਆਗੂਆਂ ਨੇ ਭਾਵਪੂਰਤ ਸ਼ਬਦਾਂ ਰਾਹੀਂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਵਿਧਾਨ ਸਭਾ ਹਲਕਾ ਨਕੋਦਰ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਮਾਂ ਦੇ ਰਿਸ਼ਤੇ ਦੀ ਪਾਕੀਜ਼ਗੀ ਨੂੰ ਪ੍ਰਿਭਾਸ਼ਤ ਕੀਤਾ। ਉਨ੍ਹਾਂ ਨੇ ਗੁਰਦੇਵ ਸਿੰਘ ਸੰਘੇੜਾ (ਪੁਰੇਵਾਲ) ਦੇ ਸਮੁੱਚੇ ਪਰਵਾਰ ਵੱਲੋਂ ਹਰ ਖੇਤਰ ਵਿੱਚ ਮਾਨਮੱਤੀਆਂ ਪ੍ਰਾਪਤੀਆਂ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਪਿੱਛੇ ਮਾਤਾ ਗੁਰਮੇਜ ਕੌਰ ਦੀ ਘਾਲਣਾ ਦਾ ਹੱਥ ਰਿਹਾ ਹੈ। ਮਾਨ ਨੇ ਸਰਪੰਚੀ ਤੋਂ ਲੈ ਕੇ ਵਿਧਾਇਕ ਬਣਨ ਤੱਕ ਪੁਰੇਵਾਲ ਪਰਵਾਰ ਦੇ ਸਹਿਯੋਗ ਦਾ ਉਚੇਚਾ ਨਾਲ ਜ਼ਿਕਰ ਕੀਤਾ। ਕਾਂਗਰਸ ਪਾਰਟੀ ਦੇ ਹਲਕਾ ਨਕੋਦਰ ਦੇ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ ਨੇ ਕਿਹਾ ਕਿ ਮਾਤਾ ਜੀ ਉੱਚ ਦੁਮਾਲੜੀ ਸ਼ਖ਼ਸੀਅਤ ਦੇ ਮਾਲਕ ਸਨ। ਮਾਤਾ ਜੀ ਵੱਲੋਂ 90- 95 ਦੀ ਪਰਭੂਰ ਜ਼ਿੰਦਗੀ ਜੀਉਣ ਦੇ ਹਵਾਲੇ ਨਾਲ ਡਾ. ਦਾਹੀਆ ਨੇ ਕਿਹਾ ਕਿ ਇਸ ਪੀੜ੍ਹੀ ਨੇ ਜ਼ਿੰਦਗੀ ਵਿੱਚ ਘੱਟ ਸਹੂਲਤਾਂ ਹੋਣ ਦੇ ਬਾਵਜੂਦ ਸਾਡੀ ਪੀੜ੍ਹੀ ਲਈ ਅਣਗਿਣਤ ਸੁੱਖ ਸਹੂਲਤਾਂ ਪੈਦਾ ਕੀਤੀਆਂ। ਇਸ ਮੌਕੇ ਇਲਾਕੇ ਦੇ ਪੰਚਾਂ, ਸਰਪੰਚਾਂ ਤੇ ਹੋਰ ਸ਼ਖਸੀਅਤਾਂ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਦੇ ਮੌਜੂਦਾ ਅਤੇ ਸੇਵਾ ਮੁਕਤ ਅਧਿਕਾਰੀ ਤੇ ਕਰਮਚਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਨ੍ਹਾਂ ਵਿੱਚ ਪੰਜਾਬ ਮੰਡੀ ਬੋਰਡ ਦੇ ਸੇਵਾ ਮੁਕਤ ਜਨਰਲ ਮੈਨੇਜਰ ਰਾਜ ਕੁਮਾਰ ਬਸਰਾ, ਸਾਬਕਾ ਜ਼ਿਲ੍ਹਾ ਮੰਡੀ ਅਫਸਰ ਵਰਿਦਰ ਖੇੜਾ, ਜ਼ਿਲ੍ਹਾ ਮੰਡੀ ਅਫਸਰ ਜਲੰਧਰ ਮੁਕੇਸ਼ ਕੈਲੇ, ਜ਼ਿਲ੍ਹਾ ਮੰਡੀ ਅਫਸਰ ਨਵਾਂਸ਼ਹਿਰ ਰੁਪਿੰਦਰ ਮਿਨਹਾਸ, ਜ਼ਿਲ੍ਹਾ ਮੰਡੀ ਅਫਸਰ ਕਪੂਰਥਲਾ ਅਰਵਿੰਦਰ ਸਿੰਘ ਸਾਹੀ, ਸਕੱਤਰ ਮਾਰਕਿਟ ਕਮੇਟੀ ਸ਼ਾਹਕੋਟ ਤਜਿੰਦਰ ਕੁਮਾਰ, ਸਕੱਤਰ ਮਾਰਕਿਟ ਕਮੇਟੀ ਵਰਿੰਦਰ ਕੁਮਾਰ ਅਤੇ ਵੱਖ-ਵੱਖ ਮਾਰਕਿਟ ਕਮੇਟੀਆਂ ਦਾ ਸਟਾਫ ਹਾਜਰ ਸੀ। ਸਟੇਜ ਸਕੱਤਰ ਦੇ ਫਰਜ ਮਾਰਕਿਟ ਕਮੇਟੀ ਨਕੋਦਰ ਦੇ ਸਾਬਕਾ ਚੇਅਰਮੈਨ ਜਸਵੀਰ ਸਿੰਘ ਉੱਪਲ ਨੇ ਨਿਭਾਏ। ਕੇਵਲ ਸਿੰਘ ਪੁਰੇਵਾਲ ਨੇ ਸਭ ਦਾ ਧੰਨਵਾਦ ਕੀਤਾ।



ਸ਼ਰਧਾਂਜਲੀ ਸਮਾਗਮ 'ਚ ਬੈਠੇ ਡਾ. ਨਵਜੋਤ ਸਿੰਘ ਦਾਹੀਆ ਤੇ ਹੋਰ।

## ਵਰ੍ਹੇਗੰਢ ਮੁਬਾਰਕ



ਪ੍ਰੀਤ ਸੰਗੋਜਲਾ ਤੇ ਮਨਜੀਤ ਕੌਰ ਸੰਗੋਜਲਾ ਵਾਸੀ ਕਪੂਰਥਲਾ ਨੇ ਆਪਣੇ ਵਿਆਹ ਦੀ 26ਵੀਂ ਵਰ੍ਹੇਗੰਢ ਮਨਾਈ।



ਗੁਰਪ੍ਰੀਤ ਕੌਰ ਤੇ ਕੁਲਦੀਪ ਸਿੰਘ ਵਾਸੀ ਜ਼ੀਰਾ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।



ਮਲਕੀਤ ਸਿੰਘ ਤੇ ਜਸਵੰਤ ਕੌਰ ਵਾਸੀ ਖੋਜਕੀਪੁਰ ਨੇ ਆਪਣੇ ਵਿਆਹ ਦੀ 28ਵੀਂ ਵਰ੍ਹੇਗੰਢ ਮਨਾਈ।



ਮਨਜਿੰਦਰ ਸਿੰਘ ਲਹਿਰੀ ਅੱਡਾ ਝਬਾਲ ਤੇ ਸਰਬਜੀਤ ਕੌਰ ਲਹਿਰੀ ਨੇ ਵਿਆਹ ਦੀ 23ਵੀਂ ਵਰ੍ਹੇਗੰਡ ਮਨਾਈ।

# ਉੱਚੇ ਮੁੱਲਾਂ ਦੇ ਵਿਕਾਸ ਬਿਨਾਂ ਸਿੱਖਿਆ ਦਾ ਅਸਲ ਮਕਸਦ ਪੂਰਾ ਨਹੀਂ ਹੋ ਸਕਦਾ : ਡਾ.ਦੇਵਿੰਦਰ ਸੈਫ਼ੀ

**ਫਰੀਦਕੋਟ** : 'ਸਿੱਖਿਆ ਦਾ ਮਕਸਦ ਸਾਡੇ ਅੰਦਰ ਉਚੇਰੇ ਮੁੱਲਾਂ ਦਾ ਵਿਕਾਸ ਕਰਾਉਣਾ ਹੈ।ਸਿੱਖਿਆ ਨਾਲ ਚੰਗਾ ਸਮਾਜਿਕ ਰੁਤਬਾ, ਨੌਕਰੀ, ਕਾਰੋਬਾਰ ਆਦਿ ਉਪਲਬਧੀਆਂ ਜ਼ਰੂਰੀ ਤਾਂ ਹਨ ਪਰ ਕਾਫ਼ੀ ਨਹੀਂ। ਅਸਲ ਸਿੱਖਿਆ ਸਾਡੀ ਚੇਤਨਾ ਦਾ ਉੱਪਰ ਵੱਲ ਵਿਕਾਸ ਕਰਵਾਉਂਦੀ ਹੈ। ਸਾਡੇ ਅੰਦਰ ਉੱਚੇ ਮੁੱਲਾਂ ਨੂੰ ਪੈਦਾ ਕਰਕੇ ਮਨੁੱਖ , ਕੁਦਰਤ ਅਤੇ ਧਰਤੀ ਪ੍ਰਤੀ ਸੰਵੇਦਨਾ ਜਗਾਉਂਦੀ ਹੈ। ਇਹ ਜਾਗ ਹੀ ਸਮਾਜ ਲਈ ਅਸਲ ਵਰਦਾਨ ਬਣਦੀ ਹੈ।'ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਦੇ ਨਾਮਵਰ ਲੇਖਕ ਅਤੇ ਚਿੰਤਕ ਡਾ.ਦੇਵਿੰਦਰ ਸੈਫ਼ੀ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਰੂ ਬ ਰੂ ਹੁੰਦਿਆਂ ਕੀਤਾ।ਸਿੱਖਿਆ ਦੇ ਖੇਤਰ ਵਿੱਚ ਨਵੇਂ ਦਿਸਹੱਦੇ ਉਲੀਕਣ ਵਾਲੀ ਇਲਾਕੇ ਦੀ ਨਾਮਵਰ ਸੰਸਥਾ ਮੇਜਰ ਅਜਾਇਬ ਸਿੰਘ ਕਾਨਵੈਂਟ ਪਬਲਿਕ ਸਕੂਲ ਵਿਖੇ ਹੋਇਆ ਇਹ ਪ੍ਰੋਗਰਾਮ ਸਿੱਖਿਆ ਅਤੇ ਸਿਰਜਣਾ ਉੱਪਰ ਵਿਸ਼ੇਸ਼ ਤੌਰ 'ਤੇ ਕੇਂਦਰਿਤ ਰਿਹਾ। ਸੰਸਥਾ ਦੇ ਡਾਇਰੈਕਟਰ / ਪ੍ਰਿੰਸੀਪਲ ਡਾ. ਸੁਖਚੈਨ ਸਿੰਘ ਬਰਾੜ ਨੇ ਇਸ ਮੌਕੇ ਸੰਸਥਾ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਪਾਈਆਂ ਨਵੀਆਂ ਲੀਹਾਂ ਅਤੇ ਕੀਤੀਆਂ ਪਹਿਲਕਦਮੀਆਂ ਬਾਰੇ ਦੱਸਦਿਆਂ ਡਾ.ਸੈਫ਼ੀ ਦੀ ਸਿੱਖਿਆ ਅਤੇ ਸਾਹਿਤ ਨੂੰ ਦਿੱਤੀ ਵਿਲੱਖਣ ਦੇਣ ਦਾ ਜ਼ਿਕਰ ਕਰਦਿਆਂ 'ਦੁਪਹਿਰ ਦਾ ਸਫ਼ਾ' ਤੋਂ ਲੈ ਕੇ ਨਵੀਂ ਪੁਸਤਕ 'ਮੁਹੱਬਤ ਨੇ ਕਿਹਾ' ਨਾਲ ਜੁੜੀਆਂ ਆਪਣੀਆਂ ਯਾਦਾਂ ਬਾਰੇ ਦੱਸਦਿਆਂ ਡਾ.ਸੈਫ਼ੀ ਨੂੰ ਕੁੱਝ ਰਚਨਾਵਾਂ ਸੁਣਾਉਣ ਦੀ ਵੀ ਫ਼ਰਮਾਇਸ਼ ਕੀਤੀ।ਵਿੱਦਿਆਰਥੀਆਂ ਤੇ ਅਧਿਆਪਕਾਂ ਦੀਆਂ ਭਰਪੂਰ ਤਾੜੀਆਂ ਨੇ ਇਹਨਾਂ ਰਚਨਾਵਾਂ ਦਾ ਦੌਰ ਚਲਾਈ ਰੱਖਿਆ। ਡਾ. ਸੈਫ਼ੀ ਦੁਆਰਾ ਇਸ ਮੌਕੇ ਆਪਣੀ ਸਿਰਜਣਾ ਅਤੇ ਗਿਆਨ ਵਿਗਿਆਨ ਨਾਲ ਸਬੰਧਿਤ ਕੁੱਝ ਵਿਸ਼ੇਸ਼ ਪੁਸਤਕਾਂ ਸੰਸਥਾ ਦੀ ਗੁਰੂ ਨਾਨਕ ਲਾਇਬਰੇਰੀ ਲਈ ਭੇਂਟ ਕੀਤੀਆਂ। ਉਪਰੰਤ ਸੰਸਥਾ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ, ਕੋਆਰਡੀਨੇਟਰ ਮੈਡਮ ਮੀਨਾਕਸ਼ੀ ਸਿੰਗਲਾ,ਕੁਮੁਦ ਗਰਗ, ਮੀਨੂ ਖੁਰਾਨਾ, ਪੀ. ਆਰ. ਓ.ਅਲਕਾ ਬਿੰਦਲ ,ਆਈ. ਟੀ. ਕੋਆਰਡੀਨੇਟਰ ਦਪਿੰਦਰ ਸੰਧੂ, ਵਿਕਾਸ ਗੋਯਲ ,ਏ. ਸੀ. ਓ ਰਾਜਦੀਪ ਕੌਰ, ਰਮਨਦੀਪ ਕੌਰ ਤੋਂ ਇਲਾਵਾ ਸਮੂਹ ਅਧਿਆਪਕ ਸ਼ਾਮਲ ਹੋਏ। ਮੰਚ ਸੰਚਾਲਨ ਮੈਡਮ ਰਾਜਦੀਪ ਦੁਆਰਾ ਸਾਹਿਤਕ ਰੰਗ ਵਿੱਚ ਕੀਤਾ ਗਿਆ।




# ਬੱਸ ਤੇ ਪਿਕਅਪ ਵੈਨ ਦੀ ਟੱਕਰ 'ਚ 10 ਜ਼ਖ਼ਮੀ

**ਫਿਲੌਰ (ਨਿਰਮਲ)** ਲੁਧਿਆਣਾ ਤੋਂ ਜਲੰਧਰ ਵੱਲ ਇਕ ਪ੍ਰਾਈਵੇਟ ਕੰਪਨੀ ਦੀ ਬੱਸ ਯਾਤਰੀਆਂ ਨਾਲ ਭਰੀ ਜਾ ਰਹੀ ਸੀ ਤਾਂ ਫਿਲੌਰ ਨੇੜੇ ਪਿੰਡ ਖੈਹਿਰਾ- ਭੱਟੀਆਂ ਫਲਾਈ ਓਵਰ ਉੱਪਰ ਖ਼ਰਾਬੀ ਹਾਲਤ ਵਿੱਚ ਖੜ੍ਹੀ ਪਿਕਅਪ ਗੱਡੀ ਸੀ, ਪਿੱਛੋਂ ਆ ਰਹੀ ਬੱਸ ਪੀ.ਬੀ.13.ਬੀ.ਈ.8011 ਉਸ ਨਾਲ ਜ਼ੋਰ ਨਾਲ ਵੱਜੀ, ਜਿਸ ਕਾਰਨ ਪਿਕਅਪ ਗੱਡੀ ਪਲਟ ਗਈ ਅਤੇ ਪਿੱਛੋਂ ਆ ਰਹੀ ਕਾਰ ਉਸ ਵਿਚ ਆ ਵੱਜੀ। ਬੱਸ ਵਿਚ 10 ਦੇ ਕਰੀਬ ਯਾਤਰੀ ਜ਼ਖ਼ਮੀ ਹੋ ਗਏ। ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀਆਂ ਨੇ ਜ਼ਖ਼ਮੀ ਮੁਸਾਫ਼ਰਾਂ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਲਿਆਂਦਾ। ਪਿਕਅਪ ਗੱਡੀ ਦੇ ਡਰਾਈਵਰ ਅਨਿਤ ਨੇ ਦੱਸਿਆ ਕਿ ਯਾਤਰੀਆਂ ਨਾਲ ਭਰੀ ਤੇਜ਼ ਰਫ਼ਤਾਰ ਬੱਸ ਖੜ੍ਹੀ ਪਿਕਅਪ ਗੱਡੀ ਵਿੱਚ ਆ ਵੱਜੀ, ਡਰਾਇਵਰ ਬੱਸ ਛੱਡ ਕੇ ਫ਼ਰਾਰ ਹੋ ਗਿਆ।



# ਬਜਵਾੜਾ ਕਲਾਂ ਤੋਂ ਦਿੱਲੀ ਲਈ ਸੀਸ ਮਾਰਗ ਯਾਤਰਾ ਰਵਾਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬਜਵਾੜਾ ਕਲਾਂ ਗੁਰਦੁਆਰਾ ਸ੍ਰੀ ਸਿੰਘ ਸਭਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਅਤੇ ਸਮੂਹ ਇਲਾਕੇ ਦੀਆਂ ਸੰਗਤਾਂ ਵੱਲੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਜਵਾੜਾ ਕਲਾਂ ਤੋਂ ਗੁਰਦੁਆਰਾ ਸ਼ੀਸ਼ ਗੰਜ ਦਿੱਲੀ ਲਈ ਸੀਸ ਮਾਰਗ ਯਾਤਰਾ ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਕੀਤੀ ਗਈ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸ਼ੀਸ਼ ਮਾਰਗ ਯਾਤਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਸ਼ੀਸ਼ ਮਾਰਗ ਯਾਤਰਾ ਪਿੰਡ ਬਜਵਾੜਾ ਕਲਾਂ ਤੋਂ ਆਰੰਭ ਹੋ ਕੇ ਵੱਖ ਵੱਖ ਪਿੰਡਾਂ ਸ਼ਹਿਰਾਂ ਤੋਂ ਹੁੰਦੀ ਹੋਈ ਗੁਰਦੁਆਰਾ ਸ਼ੀਸ਼ ਗੰਜ ਦਿੱਲੀ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸ਼ੀਸ਼ ਮਾਰਗ ਯਾਤਰਾ ਦਾ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਸੰਗਤਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਸ਼ੀਸ਼ ਮਾਰਗ ਯਾਤਰਾ ਦੌਰਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਜਥੇਦਾਰ ਬਾਬਾ ਕੁਲਵਰਨ ਸਿੰਘ ਗੋਪਾਲੀਆ, ਸੰਤ ਬਾਬਾ ਬਲਵੀਰ ਸਿੰਘ ਟਿੱਬਾ ਸਾਹਿਬ, ਲਖਵਿੰਦਰ ਸਿੰਘ, ਲਖਬੀਰ ਸਿੰਘ, ਮਨਜੀਤ ਸਿੰਘ, ਪਰਮਿੰਦਰ ਸਿੰਘ, ਜਸਵੰਤ ਸਿੰਘ, ਜਸਪ੍ਰੀਤ ਸਿੰਘ, ਬੱਬੀ ਸਿੰਘ, ਮਦਨ ਸਿੰਘ, ਕੁਲਵੰਤ ਸਿੰਘ, ਅਰੁਨਜੀਤ ਸਿੰਘ ਆਦਿ ਹਾਜ਼ਰ ਸਨ।

# ਯੋਗਿੰਦਰ ਕੁਮਾਰ ਸੂਦ ਪ੍ਰੋਫੈਸਰ ਆਫ ਪ੍ਰੈਕਟਿਸ ਨਿਯੁਕਤ

**ਜਲੰਧਰ (ਸ਼ੈਲੀ ਐਲਬਰਟ)** - ਡੀ ਏ ਵੀ ਯੂਨੀਵਰਸਿਟੀ, ਜਲੰਧਰ ਨੇ ਯੋਗਿੰਦਰ ਕੁਮਾਰ ਸੂਦ, ਟੈਕਸੇਸ਼ਨ ਅਤੇ ਆਡਿਟ ਵਿੱਚ 50 ਸਾਲਾਂ ਦੀ ਪ੍ਰੋਫੈਸ਼ਨਲ ਵਿਸ਼ੇਸ਼ਤਾ ਵਾਲੇ ਇੱਕ ਉੱਘੇ ਚਾਰਟਰਡ ਅਕਾਊਂਟੈਂਟ ਦੀ ਨਿਯੁਕਤੀ ਦੀ ਘੋਸ਼ਣਾ ਕੀਤੀ ਹੈ, ਜੋ ਕਿ ਇਸ ਦੇ ਕਾਮਰਸ, ਬਿਜ਼ਨਸ ਮੈਨੇਜਮੈਂਟ ਅਤੇ ਅਰਥ ਸ਼ਾਸਤਰ ਵਿਭਾਗ ਵਿੱਚ ਪ੍ਰੋਫੈਸਰ ਆਫ ਪ੍ਰੈਕਟਿਸ ਵਜੋਂ ਨਿਯੁਕਤ ਕੀਤੇ ਗਏ। ਇਹ ਪਹਿਲ ਰਾਸ਼ਟਰੀ ਸਿੱਖਿਆ ਨੀਤੀ ਦੇ ਵਿਦਿਆਰਥੀਆਂ ਨੂੰ ਵਿਹਾਰਕ ਸੂਝ ਅਤੇ ਉਦਯੋਗ ਦੇ ਐਕਸਪੋਜ਼ਰ ਪ੍ਰਦਾਨ ਕਰਨ ਲਈ ਅਕਾਦਮਿਕ ਵਿੱਚ ਤਜਰਬੇਕਾਰ ਪੇਸ਼ੇਵਰਾਂ ਨੂੰ ਏਕੀਕ੍ਰਿਤ ਕਰਨ 'ਤੇ ਜ਼ੋਰ ਦੇ ਨਾਲ ਮੇਲ ਖਾਂਦੀ ਹੈ।



# ਅਮਰੀਕ ਸਿੰਘ ਢੀਂਡਸਾ ਦਾ ਬਾਲ ਕਾਵਿ ਸੰਗ੍ਰਹਿ 'ਦੋ ਦੂਣੀ ਚਾਰ' ਲੋਕ ਅਰਪਣ

**ਬੰਗਾ (ਅਵਤਾਰ ਕਲੇਰ)**

ਪੱਤਰਕਾਰ ਅਤੇ ਸਾਹਿਤਕਾਰ ਅਮਰੀਕ ਸਿੰਘ ਢੀਂਡਸਾ ਦੀਆਂ ਬਾਲ ਕਵਿਤਾਵਾਂ ਦਾ ਸੰਗਰਹਿ 'ਦੋ ਦੂਣੀ ਚਾਰ' ਦਾ ਰਿਲੀਜ਼ ਅਤੇ ਚਰਚਾ ਸਮਾਰੋਹ ਲਿਖਾਰੀ ਸਭਾ ਜਗਤਪੁਰ ਰਜਿ. ਵੱਲੋਂ ਰਾਜਾ ਸਾਹਿਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਿੰਗੜਾਂ ਵਿਖੇ ਕਰਵਾਇਆ ਗਿਆ। ਸਮਾਰੋਹ ਵਿੱਚ ਸ਼੍ਰੋਮਣੀ ਪੱਤਰਕਾਰ , ਉੱਘੇ ਕਾਲਮ ਨਵੀਸ ਅਤੇ ਭਾਰਤੀ ਘੱਟ ਗਿਣਤੀ ਕਮਿਸ਼ਨ ਬੋਰਡ ਦੇ ਸਲਾਹਕਾਰ ਮੈਂਬਰ ਕਮਲਜੀਤ ਸਿੰਘ ਬਣਵੈਤ ਬਤੌਰ ਮੁੱਖ ਮਹਿਮਾਨ ਵਜੋਂ ਬਿਰਾਜੇ।ਸਮਾਗਮ ਦੀ ਪ੍ਰਧਾਨਗੀ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ ਕੀਤੀ। ਸਮਾਗਮ ਦੀ ਆਰੰਭਤਾ ਅਵਤਾਰ ਸਿੰਘ ਸ਼ੇਰਗਿਲ ਵਲੋਂ ਸ਼ਮਾਂ ਰੋਸ਼ਨ ਕਰਨ ਨਾਲ ਹੋਈ।ਉਪਰੰਤ ਪ੍ਰਿੰਸੀਪਲ ਤਰਜੀਵਨ ਸਿੰਘ ਗਰਚਾ ਨੇ ਆਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ। ਬਾਲ ਸਾਹਿਤ ਦੇ ਮਹੱਤਵ ਅਤੇ ਇਸ ਨੂੰ ਰਚਿਆ ਜਾਣਾ ਜਰੂਰੀ ਦੱਸਦਿਆਂ ਬੱਚਿਆਂ ਨੂੰ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣ ਦੀ ਪ੍ਰੇਰਨਾ ਕੀਤੀ। ਪੁਸਤਕ ਬਾਰੇ ਚਰਚਾ ਵਿੱਚ ਡਾ ਨਵਜੋਤ ਸਿੰਘ ਬਰਾੜ ਵੱਲੋਂ ਇਸ ਪੁਸਤਕ ਨੂੰ ਬਚਪਨ ਸੰਵਾਰਨ ਵਾਲੀ ਕਾਵ ਸੰਗ੍ਰਹਿ ਦੱਸਦਿਆਂ ਕਿਹਾ ਕਿ ਇਹ ਪੁਸਤਕ ਜਿੰਦਗੀ ਦੇ ਸਬਕ ਸਿਖਾਉਣ ਬਾਲੀ ਪੁਸਤਕ ਹੈ ਅਤੇ ਇਸ ਨੂੰ ਬਹੁਤ ਹੀ ਮਿਹਨਤੀ ਯਤਨ ਦੱਸਿਆ। ਵੱਖ ਵੱਖ ਵਿਸ਼ਿਆਂ ਤੇ ਅਧਾਰਤ ਕਵਿਤਾਵਾਂ ਬਾਰੇ ਡਾ ਬਰਾੜ ਨੇ ਕਿਹਾ ਕਿ ਬੱਚਿਆਂ ਨੂੰ ਮਨੋਰੰਜਨ ਦੇ ਨਾਲ ਨਾਲ ਕੁਝ ਨਵਾਂ ਵੀ ਸਿਖਾਉਣਾ ਹੁੰਦਾ ਹੈ ਅਤੇ ਇਹ ਪੁਸਤਕ ਬੱਚਿਆਂ ਦੇ ਚਰਿੱਤਰ ਨਿਰਮਾਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਣ ਦੇ ਸਮਰੱਥ ਹੈ। ਪੁਸਤਕ ਸਿਰਫ ਕਵਿਤਾਵਾਂ ਦਾ ਸੰਗ੍ਰਹਿ ਹੀ ਨਹੀਂ ਸਗੋਂ ਬੱਚਿਆਂ,ਮਾਪਿਆਂ ਅਤੇ ਅਧਿਆਪਕਾਂ ਲਈ ਸਿੱਖਣ ਤੇ ਸਿਖਾਉਣ ਦਾ ਆਦਰਸ਼ ਸਾਧਨ ਹਨ । ਡਾ ਬਰਾੜ ਨੇ ਕਿਹਾ ਕਿ ਅੱਜ ਦੇ ਯੁੱਗ ਚ ਜਦੋਂ ਤਕਨੋਲੋਜੀ ਤੇ ਡਿਜੀਟਲ ਮੀਡੀਆ ਨੇ ਬੱਚਿਆਂ ਦੇ ਧਿਆਨ ਤੇ ਕਬਜ਼ਾ ਕੀਤਾ ਹੋਇਆ ਹੈ ਤਾਂ ਕਵਿਤਾਵਾਂ ਜਾਂ ਕਿਤਾਬਾਂ ਪੜਨ ਦਾ ਰੁਝਾਨ ਘਟ ਗਿਆ ਹੈ। ਇਸ ਸੰਦਰਭ ਵਿੱਚ ਬਾਲ ਕਵਿਤਾ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ ਜਿਸ ਦੀ ਪੂਰਤੀ ਵੱਲ ਅਮਰੀਕ ਸਿੰਘ ਢੀਂਡਸਾ ਦਾ ਇਹ ਬਹੁਤ ਹੀ ਸਾਰਥਕ ਯਤਨ ਹੈ। ਪੁਸਤਕ ਬਾਰੇ ਦੂਸਰਾ ਪਰਚਾ ਪੜ੍ਹਦਿਆਂ ਕਵਿੱਤਰੀ ਅਤੇ ਬਾਲ ਲੇਖਕ ਗੁਰਦੀਪ ਕੋਮਲ ਨੇ ਦੱਸਿਆ ਕਿ ਢੀਂਡਸਾ ਨੇ ਆਪਣੇ ਪੋਤਰੇ ਮਨਤੇਜ ਢੀਡਸਾ ਨੂੰ ਸਮਰਪਿਤ ਕੀਤਾ 'ਦੋ ਦੂਣੀ ਚਾਰ' ਬਾਲ ਕਵਿਤਾਵਾਂ ਦਾ ਸੰਗ੍ਰਹਿ ਇਕ ਆਦਰਸ਼ ਅਤੇ ਮੁਲਵਾਨ ਰਚਨਾਵਾਂ ਦਾ ਸੰਗ੍ਰਹਿ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਸਾਡੇ ਵਿਦਿਆਰਥੀ ਚੰਗੇ ਇਨਸਾਨ ਬਣਨ ਲਈ ਇਹਨਾਂ ਕਵਿਤਾਵਾਂ ਨੂੰ ਪੜ੍ਹ ਕੇ ਆਪਣੇ ਜੀਵਨ ਵਿੱਚ ਲਾਗੂ ਕਰਨ ਅਤੇ ਨਾਲ ਹੀ ਇਹ ਆਮ ਜਾਣਕਾਰੀ ਲਈ ਬਹੁਤ ਵੱਡਾ ਖਜਾਨਾ ਹੈ। ਸ਼ਮਸ਼ੇਰ ਸਿੰਘ ਸੰਧੂ ਨੇ ਪੁਸਤਕ ਅਤੇ ਲੇਖਕ ਬਾਰੇ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਭਾਵੇਂ ਮੈਂ ਗੀਤਕਾਰ ਹੋਣ ਦੇ ਨਾਤੇ ਬਹੁਤ ਪ੍ਰਸਿੱਧੀ ਖੱਟ ਚੁੱਕਾ ਹਾਂ ਪਰ ਬਾਲ ਕਵਿਤਾ ਲਿਖਣ ਦਾ ਔਖਾ ਕਾਰਜ ਮੈਂ ਨਹੀਂ ਕਰ ਸਕਿਆ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੁਸਤਕ ਵਿੱਚੋਂ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ ਅਤੇ ਅਮਰੀਕ ਸਿੰਘ ਢੀਂਡਸਾ ਨੂੰ ਕਵਿਤਾਵਾਂ ਵਿੱਚੋਂ ਸਵਾਲ ਪੁੱਛੇ, ਜਿਨਾਂ ਦਾ ਢੀਂਡਸਾ ਨੇ ਬੜੀ ਸ਼ਿੱਦਤ ਨਾਲ ਸੌਖੇ ਸ਼ਬਦਾਂ ਵਿੱਚ ਜਵਾਬ ਦੇ ਕੇ ਵਿਦਿਆਰਥੀਆਂ ਨੂੰ ਸਮਝਾਉਣ ਦਾ ਸਫਲ ਯਤਨ ਕੀਤਾ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਨੌਜਵਾਨ ਸ਼ਾਇਰ ਤਲਵਿੰਦਰ ਸਿੰਘ ਸ਼ੇਰਗਿਲ ਨੇ ਕੀਤਾ। ਇਸ ਮੌਕੇ ਲਿਖਾਰੀ ਸਭਾ ਜਗਤਪੁਰ ਦੇ ਸਰਪ੍ਰਸਤ ਮਹਿੰਦਰ ਸਿੰਘ ਦੋਸਾਂਝ, ਪੱਤਰਕਾਰ ਦੀਦਾਰ ਸਿੰਘ ਸ਼ੇਤਰਾ, ਬਲਦੇਵ ਸਿੰਘ ਢੀਡਸਾ ਅਤੇ ਹਰਿੰਦਰ ਸਿੰਘ ਬੀਸਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਹੋਰ ਵੀ ਹਾਜ਼ਰ ਸਨ।



# ਜੂਨੀਅਰ ਏਸ਼ੀਆ ਕੱਪ ਜੇਤੂ ਭਾਰਤੀ ਹਾਕੀ ਟੀਮ 'ਚ ਪੰਜਾਬੀ ਖਿਡਾਰੀਆਂ ਦਾ ਵਿਸ਼ੇਸ਼ ਯੋਗਦਾਨ : ਕੋਹਲੀ, ਪੁਆਰ

**ਜਲੰਧਰ ( ਸ਼ੈਲੀ ਐਲਬਰਟ)**

ਓਮਾਨ ਦੇ ਸ਼ਹਿਰ ਮਸਕਟ ਵਿੱਚ ਜੂਨੀਅਰ ਏਸ਼ੀਆ ਕੱਪ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਸੱਤ ਪੰਜਾਬੀ ਖਿਡਾਰੀ ਸਨ, ਜਿਨ੍ਹਾਂ ਨੇ ਭਾਰਤ ਦੀ ਜਿੱਤ ਵਿੱਚ ਅਹਿਮ ਯੋਗਦਾਨ ਪਾਇਆ।ਇਹ ਵਿਚਾਰ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਭਾਰਤੀ ਹਾਕੀ ਟੀਮ ਨੂੰ ਇਸ ਅਹਿਮ ਜਿੱਤ 'ਤੇ ਵਧਾਈ ਦਿੰਦੇ ਹੋਏ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਵੱਲੋਂ ਫਾਈਨਲ ਵਿੱਚ ਕੀਤੇ ਗਏ ਪੰਜ ਗੋਲਾਂ ਦੀ ਬਦੌਲਤ ਭਾਰਤੀ ਹਾਕੀ ਟੀਮ ਨੇ ਪਾਕਿਸਤਾਨ ਨੂੰ 5-3 ਨਾਲ ਹਰਾਇਆ ।ਉਨ੍ਹਾਂ ਕਿਹਾ ਕਿ ਪੰਜਾਬ ਦੇ ਖਿਡਾਰੀ ਅਰਾਏਜੀਤ ਸਿੰਘ ਹੁੰਦਲ, ਦਿਲਰਾਜ ਸਿੰਘ, ਅਰਸ਼ਦੀਪ ਸਿੰਘ, ਗੁਰਜੋਤ ਸਿੰਘ, ਮਨਮੀਤ ਸਿੰਘ, ਬਿਕਰਮਜੀਤ ਸਿੰਘ ਅਤੇ ਪ੍ਰਿੰਸਦੀਪ ਸਿੰਘ ਇਸ ਭਾਰਤੀ ਜੂਨੀਅਰ ਟੀਮ ਦੇ ਮੈਂਬਰ ਸਨ।ਭਾਰਤੀ ਟੀਮ ਵਲੋਂ ਇਸ ਟੂਰਨਾਮੈਂਟ ਵਿੱਚ ਜਿੰਨੇ ਗੋਲ ਕੀਤੇ ਹਨ, ਉਸ ਵਿਚੋਂ 95 ਪ੍ਰਤੀਸ਼ਤ ਗੋਲ ਪੰਜਾਬੀ ਖਿਡਾਰੀਆਂ ਨੇ ਕੀਤੇ ਹਨ। ਫਾਈਨਲ ਮੈਚ ਵਿੱਚ ਵੀ ਅਰਾਏਜੀਤ ਸਿੰਘ ਹੁੰਦਲ ਨੂੰ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਉਸ ਵਲੋਂ ਫਾਈਨਲ ਵਿੱਚ ਹੈਟ੍ਰਿਕ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਜੇਤੂ ਖਿਡਾਰੀਆਂ ਦਾ ਹਾਕੀ ਪੰਜਾਬ ਵਲੋਂ ਢੁਕਵਾਂ ਸਨਮਾਨ ਕੀਤਾ ਜਾਵੇਗਾ ।




# ਆਰ ਬੀ ਯੂ ਦੀ ਵਿਦਿਆਰਥਣ ਨੂੰ ਮਿਸ ਨੌਰਦਰਨ ਮੁਕਾਬਲੇ 'ਚ ਤੀਜਾ ਸਥਾਨ



**ਮੁਹਾਲੀ (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਦੀ ਸਕੂਲ ਆਫ ਸੋਸ਼ਲ ਸਾਇੰਸਿਜ਼ ਐਂਡ ਐਜੂਕੇਸ਼ਨ ਦੀ ਤੀਜੇ ਸਮੈਸਟਰ ਦੀ ਵਿਦਿਆਰਥਣ ਸਨੇਹਾ ਨੇ ਮਨਾਲੀ (ਦੇਵਲੋਕ) ਵਿਖੇ ਆਯੋਜਿਤ ਮਿਸ ਨਾਰਦਰਨ 2024 ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਹੈ ਮਿਸ ਨਾਰਦਰਨ ਤੀਸਰੀ ਰਨਰ-ਅੱਪ 2024 ਦਾ ਤਾਜ ਮਿਸ ਯੂਨੀਵਰਸ ਇੰਡੀਆ ਸ਼ਵੇਤਾ ਸ਼ਾਰਦਾ ਨੇ ਪਹਿਨਾਇਆ। ਪ੍ਰੋ. ਇੰਦਰਪ੍ਰੀਤ ਕੌਰ ਡੀਨ ਸਕੂਲ ਆਫ ਸੋਸ਼ਲ ਸਾਇੰਸਜ਼ ਅਤੇ ਐਜੂਕੇਸ਼ਨ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਕਿਉਂਕਿ ਉਹ ਅਕਾਦਮਿਕ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਉੱਤਮਤਾ ਦਾ ਪ੍ਰਦਰਸ਼ਨ ਕਰਦੇ ਹੋਏ ਆਪਣੇ ਕੈਰੀਅਰ ਦੇ ਸਫ਼ਰ ਵਿੱਚ ਮਾਪਦੰਡ ਬਣਾਉਂਦੇ ਹਨ। ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਆਰ ਬੀ ਯੂ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਸਨੇਹਾ ਨੂੰ ਉਸ ਦੀ ਸਫਲਤਾ 'ਤੇ ਵਧਾਈ ਦਿੱਤੀ ਹੈ ।

# ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਤੇ ਲੈਬਾਰਟਰੀ ਦੀ ਬਿਹਤਰੀ ਲਈ ਕੀਤੀ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਦੇ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਵਰਸਾਏ ਮਹਾਂਪੁਰਸ਼ ਬਾਬਾ ਜੱਖ ਦੇ ਜੱਦੀ ਪਿੰਡ ਨੂਰੜ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਮਿਹਰ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੜ ਵਿਖੇ ਚਲਾਈ ਜਾ ਰਹੀ ਹੈ। ਸੰਸਥਾ ਵੱਲੋਂ ਪਿੰਡ ਨਸੀਰਾਬਾਦ ਦੀ ਪੰਚਾਇਤ ਨਾਲ ਇਸਦੇ ਸਹਿਯੋਗ ਅਤੇ ਬਿਹਤਰੀ ਲਈ ਮੀਟਿੰਗ ਕੀਤੀ ਗਈ। ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਨੇ ਸੰਗਤਾਂ ਨੇ ਤਨ ਮਨ ਅਤੇ ਧੰਨ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਸਰਪੰਚ ਜਸਵਿੰਦਰ ਕੌਰ, ਸੰਸਥਾ ਮੈਂਬਰ ਹਰਦੀਪ ਸਿੰਘ ਨਸੀਰਾਬਾਦ, ਬਲਜੀਤ ਸਿੰਘ ਬਿੱਲਾ ਅਜਨੋਹਾ , ਬਰਿੰਦਰ ਸਿੰਘ ਬਿੰਦਰ ਪੰਜੋੜਾਂ, ਉਂਕਾਰ ਸਿੰਘ ਨੂਰੜ, ਸਾਬਕਾ ਸਰਪੰਚ ਮਨਜੀਤ ਕੌਰ,ਅਵਤਾਰ ਸਿੰਘ ਮੁਖਤਿਆਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ, ਨਿਰਮਲ ਸਿੰਘ ਵਾਈਸ ਪ੍ਰਧਾਨ, ਕਰਨੈਲ ਸਿੰਘ ਕੈਸ਼ੀਅਰ, ਸੁਬੇਗ ਸਿੰਘ ਪੰਚ, ਨਰਿੰਦਰ ਸਿੰਘ ਪੰਚ, ਨਿਰੰਜਨ ਸਿੰਘ ਪੰਚ, ਗੋਬਿੰਦ ਸਿੰਘ, ਮੋਹਨ ਸਿੰਘ, ਚਰਨਜੀਤ ਕੌਰ, ਤਰਸੇਮ ਕੌਰ, ਜਸਵਿੰਦਰ ਕੌਰ, ਤਰਿੰਦਰ ਕੌਰ, ਜਸਕਮਲ ਸਿੰਘ, ਮੋਹਣ ਸਿੰਘ, ਬਲਜੀਤ ਸਿੰਘ ,ਪਵਿੱਤਰ ਸਿੰਘ, ਸੁਖਵਿੰਦਰ ਸਿੰਘ, ਪ੍ਰੇਮ ਸਿੰਘ, ਦਿਲਬਾਗ ਸਿੰਘ, ਮਲਕੀਤ ਸਿੰਘ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਮੁਫਤ ਮੈਡੀਕਲ ਕੈਂਪ ਤੇ ਖ਼ੂਨਦਾਨ ਕੈਂਪ ਅੱਜ

**ਬਲਾਚੌਰ, (ਜਸਵਿੰਦਰ ਬੈਂਸ)** - ਸੰਤ ਓਂਕਾਰ ਸਿੰਘ ਜੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਮਹਿਤਪੁਰ ਉਲੱਦਣੀ ਵਲੋਂ ਪਿੰਡ ਖੋਜਾ ਬੇਟ ਬਲਾਚੌਰ ਵਿਖੇ ਸਰਪੰਚ ਸੰਤੋਖ ਸਿੰਘ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ 7 ਦਸੰਬਰ ਦਿਨ ਸ਼ਨਿੱਚਰਵਾਰ ਨੂੰ ਲਗਾਇਆ ਜਾ ਰਿਹਾ ਹੈ। ਜਨਰਲ ਮੈਡੀਸਨ ਲਈ ਡਾਕਟਰ ਪਿਊਸ਼ ਚੋਪੜਾ, ਦੰਦਾਂ ਦੇ ਇਲਾਜ ਲਈ ਡਾਕਟਰ ਰਾਹੁਲ ਸਬਰਵਾਲ, ਜਨਰਲ ਸਰਜਰੀ ਸਬੰਧੀ ਡਾਕਟਰ ਸੰਦੀਪ ਅਗਰਵਾਲ ਅਤੇ ਡਾਕਟਰ ਮਨਪ੍ਰੀਤ ਨਾਗਰਾ ਐਮ ਬੀ ਬੀ ਐਸ ਮੈਡੀਕਲ ਅਫਸਰ ਆਦਿ ਵਲੋਂ ਵਿਸ਼ੇਸ਼ ਤੌਰ 'ਤੇ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ। ਖ਼ੂਨ ਟੈਸਟ ਅਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।

# ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 349ਵਾਂ ਸ਼ਹੀਦੀ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਸੁੱਖਜੀਤ ਸਿੰਘ ਪੰਜ਼ੋਖਰਾ ਸਾਹਿਬ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਲਕ-ਜੰਞੂ ਦੀ ਰਾਖੀ ਲਈ ਦਿੱਤੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿੱਚ ਵਿਸਥਾਰ ਸਹਿਤ ਸਰਵਣ ਕਰਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਸ਼ਮਸ਼ੇਰ ਸਿੰਘ ਕਰਨਾਲ ਵਾਲਿਆਂ ਨੇ ਗੁਰਮਤਿ ਵਿਚਾਰਾਂ ਰਾਹੀਂ ਦੱਸਿਆ ਕਿ ਕਿਵੇਂ ਬਾਲ ਉਮਰੇ ਦਸਮ ਪਿਤਾ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਨੂੰ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਪ੍ਰੇਰਿਆ।ਭਾਈ ਸੁਖਦੀਪ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲੇ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਇਸ ਤੋਂ ਇਲਾਵਾ ਭਾਈ ਨਿਰਭੈ ਸਿੰਘ , ਭਾਈ ਗਿਆਨ ਸਿੰਘ , ਭਾਈ ਹਰਜਿੰਦਰ ਸਿੰਘ ਭਾਈ ਕੁਲਦੀਪ ਸਿੰਘ ਅੰਮ੍ਰਿਤਸਰ ਵਾਲੇ, ਮਿੱਤਰ ਪਿਅਰੇ ਨੂੰ ਕੀਰਤਨੀ ਜੱਥਾ, ਭਾਈ ਜਤਿੰਦਰ ਸਿੰਘ, ਭਾਈ ਮਹਿੰਦਰਪਾਲ ਸਿੰਘ , ਭਾਈ ਬਲਵਿੰਦਰ ਸਿੰਘ, ਭਾਈ ਸਤਿੰਦਰਪਾਲ ਸਿੰਘ , ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਸੰਦੀਪ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ

**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ 19ਵਾਂ ਸਾਲਾਨਾ ਇਨਾਮ ਵੰਡ ਅਤੇ ਸੱਭਿਆਚਾਰਕ ਸਮਾਗਮ ਬੜੀ ਧੂਮਧਾਮ ਨਾਲ ਕਰਵਾਇਆ ਗਿਆ ।ਮਨਪ੍ਰੀਤ ਸਿੰਘ ਡਵੀਜ਼ਨ ਸੋਇਲ ਕੰਜ਼ਰਵੇਸ਼ਨ ਅਫਸਰ ਪਟਿਆਲਾ ਮੁੱਖ ਮਹਿਮਾਨ ਅਤੇ ਮੈਡਮ ਇਵਜੋਤ ਕੌਰ ਤੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਸਮਾਗਮ ਵਿਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ, ਉਪਰੰਤ ਪਹੁੰਚੇ ਮਹਿਮਾਨਾਂ ਸ਼ਮਾ ਰੌਸ਼ਨ ਕਰਦਿਆਂ ਕੀਤਾ ।ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਮੁੱਖ ਮਹਿਮਾਨ ਮਨਪ੍ਰੀਤ ਸਿੰਘ ਸਮੇਤ ਪਹੁੰਚੇ ਵਿਸ਼ੇਸ਼ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ । ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਮਿਲ ਜੁਲ ਕੇ ਪ੍ਰਦੂਸ਼ਣ ਨੂੰ ਘਟਾਈਏ ਤੇ ਆਪਣੀ ਧਰਤੀ ਮਾਤਾ ਨੂੰ ਬਚਾਈਏ ।ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮੋਬਾਈਲ ਫੋਨਾਂ ਤੋਂ ਦੂਰ ਰੱਖਣਦੀ ਅਪੀਲ ਕੀਤੀ। ਇਸ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਰੇਨੂ ਅਰੋੜਾ ਪ੍ਰਿੰਸੀਪਲ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ, ਨਿਧੀ ਸੰਗੋਤਰਾ ਪ੍ਰਿੰਸੀਪਲ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ, ਕੇਕੇ ਗਹਿਰਾ ਪ੍ਰਿੰਸੀਪਲ ਕੇਂਦਰੀ ਵਿਦਿਆਲਾ 2, ਨੰਦ ਸਿੰਘ ਬਿਧੀਪੁਰ, ਹਰਜਿੰਦਰ ਸਿੰਘ ਲਾਡੀ, ਭਗਵਾਨ ਸਿੰਘ ਮੈਰੀਪੁਰ, ਗੁਰਦਿਆਲ ਸਿੰਘ ਹੈਡਮਾਸਟਰ, ਜਸਪਾਲ ਸਿੰਘ ਬਾਜਵਾ ਸਰਪੰਚ ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ ।




# ਜਾਗਰੂਕਤਾ ਸੈਮੀਨਾਰ ਤੇ ਸਮਾਜਿਕ ਸੁਰੱਖਿਆ ਸਕੀਮਾਂ ਦਾ ਨਾਮਾਂਕਣ ਕੈਂਪ ਲਗਾਇਆ

**ਮੋਹਾਲੀ, (ਗੁਰਜੀਤ ਬਿੱਲਾ)**—ਪੰਜਾਬ ਨੈਸ਼ਨਲ ਬੈਂਕ, ਐਸ.ਐਲ.ਬੀ.ਸੀ ਪੰਜਾਬ ਅਤੇ ਐਲ.ਡੀ.ਐਮ ਮੋਹਾਲੀ ਵੱਲੋਂ ਜ਼ਿਲ੍ਹਾ ਮੋਹਾਲੀ ਦੇ ਪਿੰਡ ਰਾਣੀਮਾਜਰਾ ਬਲਾਕ ਮਾਜਰੀ ਵਿਖੇ ਇੱਕ ਜਾਗਰੂਕਤਾ ਸੈਮੀਨਾਰ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਦੇ ਨਾਮਾਂਕਣ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਵਿੱਚ ਡੀ ਜੀ ਐਮ ਐਸ ਐਲ ਬੀ ਸੀ ਪੰਜਾਬ ਆਰ ਕੇ ਮੀਨਾ ਮੁੱਖ ਮਹਿਮਾਨ ਸਨ।ਐਲ ਡੀ ਐਮ ਮੁਹਾਲੀ ਐਮ ਕੇ ਭਾਰਦਵਾਜ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਬਾਰੇ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ। ਉਨ੍ਹਾਂ ਲੋਕਾਂ ਨੂੰ ਇਸ ਬਾਰੇ ਵੀ ਜਾਗਰੂਕ ਕੀਤਾ ਕਿ ਉਹ ਸਾਈਬਰ ਕਰਾਈਮ ਦਾ ਸ਼ਿਕਾਰ ਹੋਣ ਤੋਂ ਕਿਵੇਂ ਬਚ ਸਕਦੇ ਹਨ।ਮੀਨਾ ਨੇ ਪੰਜਾਬ ਰਾਜ ਦੇ ਆਰਥਿਕ ਵਿਕਾਸ ਵਿੱਚ ਬੈਂਕਾਂ ਦੀ ਭੂਮਿਕਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਲੋੜ ਅਨੁਸਾਰ ਸਾਰੀਆਂ ਸਰਕਾਰੀ ਸਪਾਂਸਰਡ ਸਕੀਮਾਂ ਦਾ ਲਾਭ ਲੈਣ। ਮੀਨਾ ਨੇ ਆਮ ਲੋਕਾਂ ਨੂੰ ਚੰਗੇ ਸਿਬਿਲ ਸਕੋਰ ਨੂੰ ਬਣਾਈ ਰੱਖਣ ਲਈ ਬੈਂਕ ਲੋਨ ਫੰਡਾਂ ਦੀ ਸਮੇਂ ਸਿਰ ਅਦਾਇਗੀ ਦੀ ਮਹੱਤਤਾ ਬਾਰੇ ਵੀ ਦੱਸਿਆ।ਸ਼ਾਖਾ ਮੁਖੀ ਪੀ.ਐਨ.ਬੀ. ਰਾਣੀਮਾਜਰਾ, ਗੀਤੂ ਨੇ ਦੋ ਸਮਾਜਿਕ ਸੁਰੱਖਿਆ ਸਕੀਮਾਂ ਲਈ 50 ਗਾਹਕ ਮੌਕੇ 'ਤੇ ਹੀ ਰਜਿਸਟਰ ਕੀਤੇ। ਕੈਂਪ ਦੌਰਾਨ ਪਿੰਡ ਦੇ ਸਰਪੰਚ, ਗ੍ਰਾਮ ਪੰਚਾਇਤ ਸਕੱਤਰ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਵਿੱਚ ਬ੍ਰਾਂਚ ਹੈੱਡ ਗੀਤੂ ਨੇ ਧੰਨਵਾਦ ਕੀਤਾ।

# ਸੰਤ ਸੋਮਾ ਨੰਦ ਪੁਰੀ ਨੇ ਅਖਾੜੇ ਦਾ ਰੱਖਿਆ ਨੀਂਹ ਪੱਥਰ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਓਕਾਰ ਸਿੰਘ)**

ਮਾਂ ਮਾਤੇਸ਼ਵਰੀ ਮੰਦਿਰ ਢੋਲਵਾਹਾ ਜਨੋੜੀ ਦੇ ਸਰਪ੍ਰਸਤ ਠਾਕੁਰ ਰਵੀ ਗਾਂਧੀ ਵੱਲੋਂ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਰਹੇ ਪੰਜਾਬ ਦੇ ਗੱਭਰੂਆਂ ਦੀ ਜਵਾਨੀ ਨੂੰ ਮੁੜ ਆਪਣੀ ਪੰਜਾਬੀ ਸੱਭਿਅਤਾ ਨਾਲ ਜੋੜਨ ਲਈ ਟਾਂਡਾ ਉੜਮੁੜ ਵਿਖੇ ਇੰਟਰਨੈਸ਼ਨਲ ਪਹਿਲਵਾਨ ਤਿਆਰ ਕਰਨ ਲਈ ਅਖਾੜਾ ਸ਼ੁਰੂ ਕਰਨ ਸੰਬੰਧੀ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦਘਾਟਨ ਮੁੱਖ ਮਹਿਮਾਨ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੋੜੀ ਦੇ ਗੱਦੀਨਸ਼ੀਨ ਸੰਨਿਆਸੀ ਬਾਬਾ ਸੰਤ ਸੋਮਾ ਨੰਦ ਪੁਰੀ ਨੇ ਕਰਦੇ ਹੋਏ ਅਖਾੜੇ ਦਾ ਨੀਂਹ ਪੱਥਰ ਰੱਖਿਆ।ਉਨ੍ਹਾਂ ਨਾਲ ਵਿਸ਼ੇਸ਼ ਮਹਿਮਾਨ ਵਜੋਂ ਭਗਵਾਨ ਵਾਲਮੀਕਿ ਸ਼ਕਤੀ ਸੈਨਾ ਪੰਜਾਬ ਦੇ ਪ੍ਰਧਾਨ ਐਡਵੋਕੇਟ ਅਜੈ ਕੁਮਾਰ, ਮਾਂ ਮਾਤੇਸ਼ਵਰੀ ਮੰਦਿਰ ਕਮੇਟੀ ਦੇ ਪ੍ਰਧਾਨ ਅਰਵਿੰਦਰ ਠਾਕੁਰ, ਠਾਕੁਰ ਗਾਂਧੀ ਰਾਮ, ਠਾਕੁਰ ਜਗਦੀਸ਼ ਆਨੰਦ, ਠਾਕੁਰ ਧਰੁਵ ਚੰਦ, ਠਾਕੁਰ ਰਣਵੀਰ ਸਿੰਘ, ਠਾਕੁਰ ਸੁਰਜੀਤ ਸਿੰਘ, ਠਾਕੁਰ ਰਾਜਵਿੰਦਰ ਸਿੰਘ ਮਹਾਂਵੀਰ ਮਸੀਤੀ, ਗੋਪੀ ਪਹਿਲਵਾਨ (ਕੋਚ), ਗਗਨ ਪਹਿਲਵਾਨ, ਭਿੰਦਾ ਪਹਿਲਵਾਨ, ਕਾਲੀ ਪਹਿਲਵਾਨ, ਰਾਜੂ ਪਹਿਲਵਾਨ, ਪੱਪੂ ਪਹਿਲਵਾਨ, ਬੱਲੂ ਪਹਿਲਵਾਨ, ਬਿੱਲਾ ਪਹਿਲਵਾਨ, ਲੱਕੀ ਪਹਿਲਵਾਨ, ਮਹਾ ਸਚਿਵ ਐਡਵੋਕੇਟ ਰਾਜਨ ਥਾਪਰ, ਹਰਮਿੰਦਰ ਸਿੰਘ ਸਾਬੀ, ਕੈਪਟਨ ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਸਾਹਿਲ ਕੁਮਾਰ ਸ਼ਾਮਿਲ ਸਨ। ਸਮਾਰੋਹ ਦਾ ਆਰੰਭ ਪੰਡਿਤ ਵੱਲੋਂ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕਰਕੇ ਸ਼ੁਰੂ ਕੀਤਾ ਗਿਆ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਐਡਵੋਕੇਟ ਅਜੈ ਕੁਮਾਰ ਤੇ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਇੰਟਰਨੈਸ਼ਨਲ ਪਹਿਲਵਾਨ ਤਿਆਰ ਕਰਨ ਲਈ ਹੁਣ ਨੌਜਵਾਨਾਂ ਲਈ ਟਾਂਡਾ ਵਿਖੇ ਅਖਾੜਾ ਸ਼ੁਰੂ ਕੀਤਾ ਗਿਆ ਹੈ।ਇੰਟਰਨੈਸ਼ਨਲ ਕੋਚ ਰਜਿੰਦਰ ਸਿੰਘ ਇਥੇ ਪਹਿਲਵਾਨੀ ਦੇ ਗੁਰ ਸਿਖਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲਵਾਨਾਂ ਦੇ ਆਰਾਮ ਕਰਨ ਅਤੇ ਰਾਤ ਠਹਿਰਨ ਲਈ ਇਸ ਅਖਾੜੇ ਵਿੱਚ ਜਲਦ ਕਮਰੇ ਵੀ ਤਿਆਰ ਕਰ ਦਿੱਤੇ ਜਾਣਗੇ। ਇਸ ਮੌਕੇ 'ਤੇ ਜੱਸੀ, ਕਾਜਲ, ਸਾਹਿਲ, ਅੰਕਿਤ, ਨਿਖਿਲ, ਸੰਗਮ, ਸੰਨੀ, ਮੰਨੀ, ਜਤਿਨ, ਸਾਗਰ, ਰੋਬਿਨ, ਸੌਰਵ, ਜੱਸਾ, ਸਾਜਨ, ਹੰਨੀ, ਸੋਨੂੰ ਅਤੇ ਹੋਰ ਹਾਜ਼ਰ ਸਨ।

